Space for Available for Advertising

WWW.PREETNEWS.COM
WWW.PREETNAMA.COM

preetnamausa
@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 265, ਮਿਤੀ : 09 ਅਗਸਤ ਤੋਂ 15 ਅਗਸਤ, 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਬੰਗਲਾਦੇਸ਼: ਉਹ ਕੁਝ ਘੰਟੇ, ਜਿਨ੍ਹਾਂ ਵਿੱਚ ਸ਼ੇਖ਼ ਹਸੀਨਾ ਕੋਲੋਂ ਸੱਤਾ ਖੋਹੀ ਗਈ ਤੇ ਦੇਸ਼ ਤੱਕ ਛੱਡਣਾ ਪਿਆ



ਵਿਦਿਆਰਥੀ ਅੰਦੋਲਨ, ਹਿੰਸਾ, ਸੈਂਕੜੇ ਲੋਕਾਂ ਦੀ ਮੌਤ ਅਤੇ ਸੋਮਵਾਰ ਨੂੰ ਮੁਜ਼ਹਰਾਕਾਰੀਆਂ ਦੇ ਮਾਰਚ ਦੇ ਐਲਾਨ ਵਿਚਾਲੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ ਅਹੁਦਾ ਅਤੇ ਦੇਸ਼ ਛੱਡ ਦਿੱਤਾ ਹੈ। ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਦੇ ਖ਼ਿਲਾਫ਼ ਸ਼ੁਰੂ ਹੋਇਆ ਇਹ ਵਿਦਿਆਰਥੀ ਅੰਦੋਲਨ ਦੇਸ਼ ਵਿਆਪੀ ਮੁਜ਼ਾਹਰੇ ਵਿੱਚ ਬਦਲ ਗਿਆ ਅਤੇ ਸ਼ੇਖ ਹਸੀਨਾ ਦੀ ਸਰਕਾਰ ਦੇ ਪਤਨ ਤੱਕ ਪਹੁੰਚ ਗਿਆ।ਫੌਜ ਵੱਲੋਂ ਦੇਸ਼ ਵਿੱਚ ਅੰਤਰਿਮ ਸਰਕਾਰ ਬਣਾਉਣ ਦੇ ਐਲਾਨ ਦੇ ਬਾਵਜੂਦ, ਅੰਦੋਲਨ ਅਤੇ ਬੰਗਲਾਦੇਸ਼ ਵਿੱਚ ਅੱਗੇ ਕੀ ਹੋਵੇਗਾ ਇਹ ਅਜੇ ਸਪੱਸ਼ਟ ਨਹੀਂ ਹੈ।5 ਅਗਸਤ ਦਾ ਦਿਨ ਬੰਗਲਾਦੇਸ਼ ਲਈ ਇਤਿਹਾਸਕ ਦਿਨ ਸਾਬਤ ਹੋਇਆ।ਸ਼ੇਖ ਹਸੀਨਾ ਦਾ ਲਗਾਤਾਰ ਪੰਦਰਾਂ ਸਾਲਾਂ ਤੋਂ ਤੁਰਿਆ ਆ ਰਿਹਾ ਸ਼ਾਸਨ ਅਤੇ ਉਨ੍ਹਾਂ ਦਾ ਪੰਜਵਾਂ ਕਾਰਜਕਾਲ ਅਚਾਨਕ ਖ਼ਤਮ ਹੋ ਗਿਆ। ਹਸੀਨਾ ਨੂੰ ਜਲਦਬਾਜ਼ੀ ਚ ਦੇਸ਼ ਛੱਡਣਾ ਪਿਆ।

**5 ਅਗਸਤ ਨੂੰ ਕੀ ਹੋਇਆ ਸੀ**

4 ਅਗਸਤ ਨੂੰ ਹੋਈ ਵਿਆਪਕ ਹਿੰਸਾ ਤੋਂ ਬਾਅਦ 5 ਅਗਸਤ ਦੀ ਸ਼ੁਰੂਆਤ ਬੇਹੱਦ ਤਣਾਅਪੂਰਨ ਹਾਲਾਤ ਵਿੱਚ ਹੋਈ। ਤਣਾਅ ਦੇ ਮੱਦੇਨਜ਼ਰ ਸਰਕਾਰ ਨੇ ਸੋਮਵਾਰ ਤੋਂ ਬੁੱਧਵਾਰ ਤੱਕ ਛੁੱਟੀ ਦਾ ਐਲਾਨ ਕੀਤਾ ਸੀ।ਸਵੇਰੇ 10 ਵਜੇ ਢਾਕਾ ਦੇ ਸੈਂਟਰਲ ਸ਼ਹੀਦ ਮੀਨਾਰ ਨੇੜੇ ਵੱਖ-ਵੱਖ ਕਾਲਜਾਂ ਅਤੇ ਸੰਸਥਾਵਾਂ ਦੀ ਭੀੜ ਢਾਕਾ ਮਾਰਚ ਵਿੱਚ ਹਿੱਸਾ ਲੈਣ ਲਈ ਇਕੱਠੀ ਹੋ ਗਈ ਸੀ।'ਸਟੂਡੈਂਟ ਅਗੇਂਸਟ ਡਿਸਕ੍ਰਿਮੀਨੇਸ਼ਨ ਮੂਵਮੈਂਟ' ਨੇ ਇਸ ਮਾਰਚ ਦਾ ਸੱਦਾ ਦਿੱਤਾ ਸੀ। ਪੁਲਿਸ ਨੇ ਅੱਥਰੂ ਗੈਸ ਅਤੇ ਸਾਊਂਡ ਗ੍ਰੇਨੇਡ ਦੀ ਵਰਤੋਂ ਕਰਕੇ ਵਿਦਿਆਰਥੀਆਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਪਰ ਅਸਫ਼ਲ ਰਹੀ।ਬੰਗਲਾਦੇਸ਼ ਸਰਕਾਰ ਨੇ 25 ਜੁਲਾਈ ਨੂੰ ਹੀ ਇੰਟਰਨੈੱਟ ਬੰਦ ਕਰ ਦਿੱਤਾ ਸੀ। ਫੇਸਬੁੱਕ, ਵਟਸਐਪ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ।ਪਰ ਸੋਮਵਾਰ ਨੂੰ ਦੇਸ਼ ਵਿੱਚ ਇੰਟਰਨੈਟ ਨੂੰ ਪੂਰੀ ਤਰ੍ਹਾਂ ਨਾਲ ਬੰਦ ਕਰਨ ਦਾ ਆਦੇਸ਼ ਦਿੱਤਾ ਗਿਆ। ਬਰਾਡਬੈਂਡ ਇੰਟਰਨੈੱਟ ਵੀ ਬੰਦ ਕਰ ਦਿੱਤਾ ਗਿਆ। ਨਿਊਜ਼ ਵੈੱਬਸਾਈਟਾਂ ਵੀ ਔਫਲਾਈਨ ਹੋ ਗਈਆਂ।ਸਖ਼ਤ ਪ੍ਰਬੰਧ, ਜਬਰ ਦੀਆਂ ਕੋਸ਼ਿਸ਼ਾਂ ਅਤੇ ਪਾਬੰਦੀਆਂ ਲੋਕਾਂ ਨੂੰ ਘਰ ਛੱਡਣ ਤੋਂ ਨਹੀਂ ਰੋਕ ਸਕੀਆਂ। ਸ਼ਹਿਰ ਦੇ ਹਰ ਕੋਨੇ ਤੋਂ ਲੋਕ ਸੜਕਾਂ ਤੇ ਆਉਣ ਲੱਗੇ।11 ਵਜੇ ਤੱਕ ਢਾਕਾ ਦੇ ਜਤਰਾਬਾੜੀ ਇਲਾਕੇ ਵਿੱਚ ਹਜ਼ਾਰਾਂ ਲੋਕਾਂ ਦੀ ਭੀੜ ਇਕੱਠੀ ਹੋ ਗਈ। ਤੈਨਾਤ ਕੀਤੀ ਗਈ ਪੁਲਿਸ ਭੀੜ ਨੂੰ ਕਾਬੂ ਕਰਨ ਲਈ ਨਾਕਾਫ਼ੀ ਰਹੀ।ਇੱਥੇ ਬਖ਼ਤਰਬੰਦ ਗੱਡੀਆਂ ਵਿੱਚ ਸਵਾਰ ਸੈਨਿਕ ਵੀ ਸੜਕਾਂ ਉੱਤੇ ਤੈਨਾਤ ਕਰ ਦਿੱਤੇ ਗਏ। ਪੁਲਿਸ ਨੇ ਅੱਥਰੂ ਗੈਸ, ਸਾਊਂਡ ਗ੍ਰਨੇਡ ਅਤੇ ਗੋਲੀਆਂ ਚਲਾ ਕੇ ਭੀੜ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ।ਇਸ ਦੇ ਨਾਲ ਹੀ ਦੁਪਹਿਰ ਕਰੀਬ 12 ਵਜੇ ਢਾਕਾ ਦੇ ਹਬੀਬਗੰਜ ਇਲਾਕੇ @ਚ ਬੋਰੋ ਬਾਜ਼ਾਰ ਵੱਲ ਵਧ ਰਹੀ ਭੀੜ ਤੇ ਪੁਲਿਸ ਨੇ ਗੋਲੀ ਚਲਾ ਦਿੱਤੀ। ਇਸ ਘਟਨਾ ਵਿੱਚ ਨਾਬਾਲ਼ਗ ਬੱਚਿਆਂ ਸਣੇ ਛੇ ਲੋਕਾਂ ਦੀ ਮੌਤ ਹੋ ਗਈ।ਸੋਮਵਾਰ ਦੇ ਢਾਕਾ ਮਾਰਚ ਨੂੰ ਰੋਕਣ ਲਈ ਹਜ਼ਾਰਾਂ ਵਿਦਿਆਰਥੀ, ਮੁਜ਼ਾਹਰਾਕਾਰੀ ਅਤੇ ਵਿਰੋਧੀ ਨੇਤਾ ਤੇ ਕਾਰਕੁਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।ਪਰ ਇਸ ਸਭ ਦੇ ਬਾਵਜੂਦ ਵੱਡੇ ਪੈਮਾਨੇ 'ਤੇ ਵਿਦਿਆਰਥੀ ਅਤੇ ਆਮ ਲੋਕ ਬਾਹਰ ਨਿਕਲੇ ਅਤੇ ਸ਼ਹੀਦ ਮਿਨਾਰ ਤੋਂ ਸ਼ਾਹਬਾਗ਼ ਇਲਾਕੇ ਵੱਲ ਵਧੇ। ਐਤਵਾਰ ਨੂੰ ਸ਼ਾਹਬਾਗ਼ ਵਿੱਚ ਪੁਲਿਸ ਅਤੇ ਮੁਜ਼ਾਹਰਾਰੀਆਂ ਦੇ ਵਿਚਾਲੇ ਹੋਈ ਹਿੰਸਾ ਵਿੱਚ ਕਈ ਲੋਕ ਮਾਰੇ ਗਏ ਸਨ।ਦੇਸ਼ ਚ ਤੇਜ਼ੀ ਨਾਲ ਬਦਲਦੇ ਹਾਲਾਤ ਵਿਚਾਲੇ, ਬੰਗਲਾਦੇਸ਼ ਦੇ ਫੌਜ ਮੁਖੀ ਵਾਕੇਰ ਉੱਜ਼ਮਾਂ ਨੇ ਦੁਪਹਿਰ 2 ਵਜੇ ਦੇਸ਼ ਨੂੰ ਸੰਬੋਧਨ ਕਰਨ ਦਾ ਐਲਾਨ ਕੀਤਾ। ਫੌਜ ਨੇ ਇੱਕ ਬਿਆਨ ਜਾਰੀ ਕਰਕੇ ਲੋਕਾਂ ਨੂੰ ਫੌਜ ਮੁਖੀ ਦੇ ਸੰਬੋਧਨ ਤੱਕ ਸ਼ਾਂਤੀ ਕਾਇਮ ਰੱਖਣ ਦੀ ਅਪੀਲ ਕੀਤੀ ਸੀ।ਇਸ ਦੌਰਾਨ ਸੜਕਾਂ ਤੇ ਭੀੜ ਵਧਦੀ ਗਈ, ਲੱਖਾਂ ਲੋਕ ਢਾਕਾ ਦੀਆਂ ਸੜਕਾਂ ਤੇ ਉਤਰ ਆਏ।

**ਅੰਤਰਿਮ ਸਰਕਾਰ ਦੀ ਰੂਪਰੇਖਾ ਤੈਅ ਕਰਨ ਲਈ 24 ਘੰਟੇ ਦੀ ਸਮਾਂ ਸੀਮਾ**

ਇਸ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਸ਼ਾਮ ਕਰੀਬ 6.15 ਵਜੇ ਗਾਜ਼ੀਆਬਾਦ ਦੇ ਡਾਸਨਾ ਸਥਿਤ ਭਾਰਤੀ ਹਵਾਈ ਸੈਨਾ ਦੇ ਹਵਾਈ ਅੱਡੇ ਤੇ ਸੀ-130 ਜਹਾਜ਼ ਰਾਹੀਂ ਉਤਰੀ।ਸ਼ਾਮ ਕਰੀਬ 7.30 ਵਜੇ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਸ਼ੇਖ ਹਸੀਨਾ ਨਾਲ ਮੁਲਾਕਾਤ ਕੀਤੀ। ਭਾਰਤ ਸਰਕਾਰ ਨੇ ਸੋਮਵਾਰ ਦੇਰ ਸ਼ਾਮ ਬੰਗਲਾਦੇਸ਼ ਦੀ ਸਥਿਤੀ ਤੇ ਚਰਚਾ ਕਰਨ ਲਈ ਉੱਚ ਪੱਧਰੀ ਮੀਟਿੰਗ ਕੀਤੀ।ਇਸ ਦੇ ਨਾਲ ਹੀ ਬੰਗਲਾਦੇਸ਼ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਛੱਡਣ ਤੋਂ ਬਾਅਦ ਵੀ ਸਥਿਤੀ ਤਣਾਅਪੂਰਨ ਬਣੀ ਹੋਈ ਹੈ।ਸਾਬਕਾ ਪ੍ਰਧਾਨ ਮੰਤਰੀ ਅਤੇ ਸ਼ੇਖ ਹਸੀਨਾ ਦੀ ਕੱਟੜ ਵਿਰੋਧੀ ਖਾਲਿਦਾ ਜ਼ਿਆ ਨੇ ਲੋਕਾਂ ਨੂੰ ਸ਼ਾਂਤੀ ਕਾਇਮ ਰੱਖਣ ਦੀ ਅਪੀਲ ਕੀਤੀ ਹੈ।ਇਸ ਵਿਚਾਲੇ ਸ਼ੇਖ ਹਸੀਨਾ ਦੇ ਪੁੱਤਰ ਅਤੇ ਸਲਾਹਕਾਰ ਸਾਜੀਬ ਵਾਜੇਦ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਦੀ ਮਾਂ ਨੇ ਆਪਣੀ ਸੁਰੱਖਿਆ ਲਈ ਦੇਸ਼ ਛੱਡਿਆ ਹੈ ਅਤੇ ਉਹ ਕਦੇ ਵੀ ਸਿਆਸਤ ਵਿੱਚ ਵਾਪਸ ਨਹੀਂ ਆਉਣਗੇ।ਸ਼ੇਖ ਹਸੀਨਾ ਨੇ ਵਿਵਾਦਿਤ ਆਮ ਚੋਣਾਂ ਵਿੱਚ ਭਾਰੀ ਬਹੁਮਤ ਹਾਸਿਲ ਕਰਨ ਤੋਂ ਬਾਅਦ 11 ਜਨਵਰੀ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਸੀ। ਇੱਕ ਮਹੀਨਾ ਪਹਿਲਾਂ ਤੱਕ, ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਸੀ ਕਿ ਸ਼ੇਖ ਹਸੀਨਾ ਦੀ ਸੱਤਾ ਤੇ ਮਜ਼ਬੂਤ ਪਕੜ ਇਸ ਤਰ੍ਹਾਂ ਢਿੱਲੀ ਹੋ ਜਾਵੇਗੀ।ਸੋਮਵਾਰ ਨੂੰ ਬੰਗਲਾਦੇਸ਼ ਦੀ ਸਿਆਸਤ ਅਤੇ ਹਾਲਾਤ ਨੇ ਨਵਾਂ ਮੋੜ ਲਿਆ। ਅੱਗੇ ਕੀ ਹੋਵੇਗਾ ਇਹ ਅਜੇ ਬਹੁਤ ਸਪੱਸ਼ਟ ਨਹੀਂ ਹੈ।

(ਸਫਾ 4 'ਤੇ ਬਾਕੀ)

## ਸ਼ੇਖ ਹਸੀਨਾ ਨੇ ਦੇਸ਼ ਛੱਡਿਆ

ਦੁਪਹਿਰ ਕਰੀਬ ਸਵਾ ਇੱਕ ਵਜੇ, ਬੰਗਲਾਦੇਸ਼ ਵਿੱਚ ਬ੍ਰਾਡਬੈਂਡ ਇੰਟਰਨੈਟ ਮੁੜ ਤੋਂ ਬਹਾਲ ਕਰ ਦਿੱਤਾ ਗਿਆ।ਔਫਲਾਈਨ ਹੋਈਆਂ ਵੈੱਬਸਾਈਟਾਂ ਲਾਈਵ ਆਉਣ ਲੱਗੀਆਂ। ਸੋਸ਼ਲ ਮੀਡੀਆ ਵੈੱਬਸਾਈਟਾਂ ਤੋਂ ਵੀ ਪਾਬੰਦੀਆਂ ਹਟਣੀਆਂ ਸ਼ੁਰੂ ਹੋ ਗਈਆਂ। ਹਾਲਾਂਕਿ, ਇੰਟਰਨੈਟ ਨੂੰ ਬਹਾਲ ਕਰਨ ਲਈ ਕੋਈ ਅਧਿਕਾਰਤ ਆਦੇਸ਼ ਨਹੀਂ ਆਇਆ ਸੀ।ਇਸ ਦੌਰਾਨ ਦੇਸ਼ ਦੇ ਫੌਜ ਮੁਖੀ ਨੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਆਰਮੀ ਹੈੱਡਕੁਆਰਟਰ ਵਿਖੇ ਬੈਠਕ ਕੀਤੀ।ਇਸ ਬੈਠਕ ਵਿੱਚ ਨਾਗਰਿਕ ਸਮੂਹਾਂ ਨਾਲ ਜੁੜੇ ਲੋਕ ਅਤੇ ਬੁੱਧੀਜੀਵੀ ਵੀ ਸ਼ਾਮਲ ਹੋਏ।ਢਾਕਾ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਪ੍ਰੋਫੈਸਰ ਆਸਿਫ਼ ਨਜ਼ਰੁਲ ਨੂੰ ਵੀ ਬੈਠਕ ਵਿੱਚ ਬੁਲਾਇਆ ਗਿਆ ਸੀ।ਫੌਜ ਮੁਖੀ



ਨੇ ਕਿਹਾ ਕਿ ਮੁਜ਼ਹਰਾਕਾਰੀਆਂ ਦੀ ਮੌਤ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇਗਾ।ਸ਼ਾਂਤੀ ਦੀ ਅਪੀਲ ਕਰਦੇ ਹੋਏ ਫੌਜ ਮੁਖੀ ਨੇ ਕਿਹਾ, ਅਸੀਂ ਦੇਸ਼ ਨੂੰ ਸਹੀ ਢੰਗ ਨਾਲ ਚਲਾਉਣ ਚ ਸਫ਼ਲ ਹੋਵਾਂਗੇ। ਹਾਲਾਂਕਿ, ਮੁਜ਼ਹਰਾਕਾਰੀ ਸ਼ਾਂਤ ਨਹੀਂ ਹੋਏ। ਅਵਾਮੀ ਲੀਗ ਪਾਰਟੀ ਦੇ ਦਫ਼ਤਰਾਂ ਨੂੰ ਮੁਜ਼ਾਹਰਾਕਾਰੀਆਂ ਨੇ ਅੱਗ ਲਾ ਦਿੱਤੀ।ਪ੍ਰਧਾਨ ਮੰਤਰੀ ਨਿਵਾਸ ਵਿੱਚ ਲੱਗੀ ਬੰਗਲਾਦੇਸ਼ ਦੇ ਸੰਸਥਾਪਕ ਅਤੇ ਸ਼ੇਖ ਹਸੀਨਾ ਦੇ ਪਿਤਾ ਸ਼ੇਖ ਮੁਜੀਬੁਰ ਰਹਿਮਾਨ ਦੇ ਵਿਸ਼ਾਲ ਬੁੱਤ ਤੇ ਮੁਜ਼ਹਰਾਕਾਰੀ ਚੜ੍ਹ ਗਏ। ਇਸ ਮੂਰਤੀ ਨੂੰ ਹਥੌੜੇ ਨਾਲ ਤੋੜਨ ਦੀ ਕੋਸ਼ਿਸ਼ ਕੀਤੀ ਗਈ।ਦੇਰ ਦੁਪਹਿਰ ਤੱਕ ਢਾਕਾ ਸ਼ਹਿਰ ਇੱਕ ਪਾਸੇ ਮੁਜ਼ਾਹਰਾਕਾਰੀਆਂ ਦੇ ਕੰਟ੍ਰੋਲ ਵਿੱਚ ਆ ਗਿਆ। ਚੀਫ਼ ਜਸਟਿਸ ਦੇ ਘਰ ਦੀ ਭੰਨਤੋੜ ਕੀਤੀ ਗਈ, ਪ੍ਰਧਾਨ ਮੰਤਰੀ ਦੀ ਰਿਹਾਇਸ਼, ਸੰਸਦ ਭਵਨ ਅਤੇ ਸਮਾਰਕਾਂ ਵਿੱਚ ਮੁਜ਼ਾਹਰਾਕਾਰੀ ਦਾਖ਼ਲ ਹੋ ਗਏ।ਧਨਮੰਡੀ ਇਲਾਕੇ ਵਿੱਚ ਸਥਿਤ ਸੁਧਾ ਸਦਨ ਨੂੰ ਅੱਗ ਲਗਾ ਦਿੱਤੀ ਗਈ ਅਤੇ ਇਸ ਨੂੰ ਲੁੱਟ ਲਿਆ ਗਿਆ। ਸ਼ੇਖ ਹਸੀਨਾ ਸਰਕਾਰ ਦੇ ਕਈ ਮੰਤਰੀਆਂ ਦੇ ਘਰਾਂ ਤੇ ਵੀ ਹਮਲੇ ਹੋਏ, ਪਾਰਟੀ ਦਫ਼ਤਰਾਂ ਨੂੰ ਤੋੜਿਆ ਗਿਆ।ਸ਼ਾਮ 6 ਵਜੇ, ਫੌਜ ਨੇ ਸ਼ਾਹਜਲਾਲ ਕੌਮਾਂਤਰੀ ਹਵਾਈ ਅੱਡੇ ਤੇ ਉਡਾਣ ਸੰਚਾਲਨ ਨੂੰ ਛੇ ਘੰਟਿਆਂ ਲਈ ਮੁਅੱਤਲ ਕਰਨ ਦੀ ਜਾਣਕਾਰੀ ਦਿੱਤੀ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024


# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਇੱਕ ਮਹੀਨੇ ਤੋਂ ਲਗਾਤਾਰ ਚੱਲ ਰਹੇ ਗੁਰਮਤਿ ਕੈਂਪ ਦੀ ਹੋਈ ਸਮਾਪਤੀ


## ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਭਰੀ ਹਾਜ਼ਰੀ


ਨਿਊਯਾਰ : ਬੀਤੇ ਦਿਨੀਂ 2 ਅਗਸਤ ਨੂੰ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਇੱਕ ਮਹੀਨੇ ਤੋਂ ਲਗਾਤਾਰ ਚੱਲ ਰਹੇ ਗੁਰਮਤਿ ਕੈਂਪ ਦੀ ਸਮਾਪਤੀ ਹੋਈ, ਜਿਸ ਵਿਚ ਬੱਚਿਆਂ ਨੂੰ ਗੁਰਬਾਣੀ, ਮੁਹਾਰਨੀ, ਲਗਾਂ, ਮਾਤਰਾਵਾਂ, ਪੰਜਾਬੀ ਪੜਨੀ ਸਿਖਾਈ ਗਈ ਤੇ ਗੁਰਮਤਿ ਕੈਂਪ ਵਿਚ ਗੁਰਦੁਆਰਾ ਸਾਹਿਬ ਵੱਲੋਂ ਨਿਯੁਕਤ ਕੀਤੇ ਗਏ ਅਧਿਆਪਕਾ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਬੱਚਿਆਂ ਨੂੰ ਪੰਜਾਬੀ ਤੇ ਗੁਰਬਾਣੀ ਨਾਲ ਜੋੜਿਆ ਤੇ ਬੱਚਿਆਂ ਦੇ ਮਾਪਿਆਂ ਵੱਲੋਂ ਵੀ ਬੜਾ ਸਹਿਯੋਗ ਦਿੱਤਾ ਗਿਆ। ਸਮਾਪਤੀ ਸਮੇਂ ਟੀਚਰਾਂ ਵੱਲੋਂ ਸਿਖਾਈ ਗਈ ਗੁਰਬਾਣੀ, ਗੁਰ ਇਤਿਹਾਸ, ਕਵਿਤਾਵਾਂ, ਵਾਰਾਂ ਸਟੇਜ ਉਤੇ ਸੁਣਾਈਆਂ ਗਈਆਂ ਤੇ ਸੰਗਤ ਨੇ ਬੜੇ ਪ੍ਰੇਮ ਪਿਆਰ ਨਾਲ ਬੱਚਿਆਂ ਨੂੰ ਸੁਣਿਆ। ਗੁਰਦੁਆਰਾ ਸਾਹਿਬ ਦੀ ਸਮੂਹ ਕਮੇਟੀ ਵੱਲੋਂ ਬੜਾ ਸਹਿਯੋਗ ਦਿੱਤਾ ਗਿਆ, ਗੁਰਦੁਆਰਾ ਸਾਹਬਿ ਦੇ ਐਜੂਕੇਸ਼ਨ ਚੇਅਰਪਰਸਨ ਬੀਬੀ ਗੁਰਮੀਤ ਕੌਰਤੇ ਬੀਬੀ ਦਲਜੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਇੱਕ ਮਹੀਨਾ ਲਗਾਤਾਰ ਹਾਜ਼ਰੀ ਭਰੀ ਤੇ ਬੱਚਿਆਂ ਤੇ ਟੀਚਰਾਂ ਨੂੰ ਪੈਨ, ਪੈਨਸਿਲਾਂ, ਕਾਪੀਆਂ, ਗੁਰਮਤਿ ਕਿਤਾਬਾਂ ਮੁਹੱਈਆਂ ਕਰਵਾਈਆਂ। ਕੈਂਪ ਦੀ ਮਾਪਤੀ ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ. ਦਲੇਰ ਸਿੰਘ ਮੁੱਖ ਸਕੱਤਰ ਸ੍ਰ. ਸੁਖਜਿੰਦਰ ਸਿੰਘ (ਰਿੰਪੀ) ਚੇਅਰਪਰਸਨ ਸ੍ਰ. ਅਮਰੀਕ ਸਿੰਘ ਮੌਰਖਲੀ, ਮੁੱਖ ਟੀਚਰ ਸ੍ਰ. ਭਰਪੂਰ ਸਿੰਘ ਤੇ ਹੋਰ ਕਮੇਟੀ ਮੈਂਬਰਾਂ ਵੱਲੋਂ ਹਾਜ਼ਰੀ ਭਰੀ ਗਈ। ਵਿਸ਼ੇਸ਼ ਤੌਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਾਬਕਾ ਜਥੇਦਾਰ ਪ੍ਰੋਫੈਸਰ ਮਨਜੀਤ ਸਿੰਘ ਜੀ ਨੇ ਹਾਜ਼ਰੀ ਭਰੀ ਤੇ ਬੱਚਿਆਂ ਨੂੰ ਗੁਰਮਤਿ ਬਾਰੇ ਜਾਣੂੰ ਕਰਵਾਇਆ। ਉਪਰੰਤ ਬੱਚਿਆਂ ਨੂੰ ਗਿਫਟ ਦਿੱਤੇ ਗਏ ਤੇ ਟੀਚਰਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਅਰਦਾਸ ਉਪਰੰਤ ਕੈਂਪ ਦੀ ਸਮਾਪਤੀ ਕੀਤੀ ਗਈ।





ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ



















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024


# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਇੱਕ ਮਹੀਨੇ ਤੋਂ ਲਗਾਤਾਰ ਚੱਲ ਰਹੇ ਗੁਰਮਤਿ ਕੈਂਪ ਦੀ ਹੋਈ ਸਮਾਪਤੀ









ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ













Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 265
Website: www.preetnama.com Email preetnamausa@gmail.com
09 AUGUST TO 15 AUGUST, 2024

# ਇਤਿਹਾਸਕ ਨਾਟਕ ਜ਼ਫਰਨਾਮਾਂ ਦਾ ਸ਼ੋਅ ਸਿਆਟਲ ਵਿੱਚ ਬੇਹੱਦ ਸਫਲ ਰਿਹਾ




ਸਿਆਟਲ (ਗੁਰਚਰਨ ਸਿੰਘ ਢਿਲੋਂ) : ਪੰਜਾਬ ਲੋਕ ਰੰਗ ਮੰਚ ਵਲੋਂ ਨਾਟਕ-ਕਾਰ ਸ੍ਰਦਾਰ ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਇਤਿਹਾਸਕ ਨਾਟਕ ਜ਼ਫਰਨਾਮਾਂ ਔਬਰਨ ਪ੍ਰਫੌਰਮੈਂਸ ਆਰਟ ਸੈਂਟਰ ਵਿੱਚ ਖੇਡਿਆ ਗਿਆ। ਸਾਡਾ ਟੀਵੀ USA ਅਤੇ ਸਿਮਰਨ ਪ੍ਰੋਡਕਸ਼ਨ ਵਲੋਂ ਸਿਆਟਲ ਨਿਵਾਸੀਆਂ ਦੇ ਸਹਿਯੋਗ ਨਾਲ਼ ਕਰਵਾਏ ਗਏ ਇਸ ਨਾਟਕ ਦਾ ਲੋਕਾਂ ਵਲੋਂ ਭਰਪੂਰ ਅਨੰਦ ਮਾਣਿਆ ਗਿਆ।ਸਿਮਰਨ ਸਿੰਘ ਵਲੋਂ ਸਾਂਝੀ ਕੀਤੀ ਜਾਣਕਾਰੀ ਅਨੁਸਾਰ ਸਿੱਖ ਇਤਿਹਾਸ ਦੇ ਪੱਤਰਿਆਂ ਨੂੰ ਫਰੋਲ਼ਦਾ ਇਹ ਨਾਟਕ ਦਰਸ਼ਕਾਂ ਨੂੰ ਇੱਕ ਵੱਖਰੇ ਵਿਸਮਾਦ ਵੱਲ਼ ਲੈ ਗਿਆ। ਪਹਾੜੀ ਰਾਜਿਆਂ ਦੇ ਦੋਗਲੇ ਕਿਰਦਾਰ ਨੂੰ ਉਘੇੜਦਾ ਅਨੰਦਪੁਰ ਸਹਿਬ ਦੇ ਕਿਲ਼ੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਦਰਸਾਉਂਦਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਾਦਸ਼ਾਹ ਔਰੰਗਜ਼ੇਬ ਨੂੰ ਲਿਖੇ ਜ਼ਫਰਨਾਮੇ ਤੱਕ ਪਹੁੰਚਿਆ।ਇਸ ਨਾਟਕ ਵਿੱਚ ਔਰੰਗਜ਼ੇਬ ਦੀ ਜ਼ਿੰਦਗੀ ਦੇ ਆਖਰੀ ਪਲਾਂ ਨੂੰ ਬੜੀ ਸ਼ਿੱਦਤ ਨਾਲ਼ ਪੇਸ਼ ਕੀਤਾ ਗਿਆ। ਔਰੰਗਜ਼ੇਬ ਦੇ ਕਿਰਦਾਰ ਵਿੱਚ ਸ੍ਰਦਾਰ ਸੁਰਿੰਦਰ ਸਿੰਘ ਧਨੋਆ ਵਲੋਂ ਰੂਹ ਫੂਕ ਦਿੱਤੀ ਗਈ।ਹਰ ਕਲਾਕਾਰ ਦੀ ਕਲਾਕਾਰੀ ਦਾ ਸਿਖਰ ਇਸ ਨਾਟਕ ਵਿੱਚ ਦੇਖਣ ਨੂੰ ਮਿਲਿਆ।ਖਾਸ ਕਰਕੇ ਮੋਤੀ ਰਾਮ ਮਹਿਰਾ ਦੇ ਬੱਚੇ ਦਾ ਕੋਹਲੂ ਵਿੱਚ ਪੀੜਿਆ ਜਾਣ ਵਾਲ਼ੇ ਸੀਨ ਨੇ ਹਾਲ ਬੈਠੇ ਹਰ ਦਰਸ਼ਕ ਦੀ ਅੱਖ ਨਮ ਕਰ ਦਿੱਤੀ।ਇਸ ਨਾਟਕ ਨੂੰ ਕਰਵਾਉਣ ਲਈ ਸ਼ਹਿਰ ਦੇ ਪਤਵੰਤੇ ਸੱਜਣਾਂ ਨੇਂ ਵਿਸ਼ੇਸ਼ ਸਹਿਯੋਗ ਦਿੱਤਾ। ਸਾਡਾ ਟੀਵੀ USA ਅਤੇ ਸਿਮਰਨ ਪ੍ਰੋਡਕਸ਼ਨ ਦੇ ਸੰਚਾਲਕ ਸਿਮਰਨ ਸਿੰਘ ਨੇ ਦੱਸਿਆ ਕਿ ਨਾਟਕ-ਕਾਰ ਸ੍ਰਦਾਰ ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਪਹਿਲਾਂ ਵੀ ਮਹਾਂਰਾਣੀ ਜਿੰਦਾਂ ਅਤੇ ਮਿਟੀ ਧੁੰਦ ਜੱਗ ਚਾਨਣ ਹੋਆ ਇਤਿਹਾਸਕ ਨਾਟਕ ਖੇਡੇ ਜਾ ਚੁੱਕੇ ਹਨ, ਜਿ੍ਨਾਂ ਨੂੰ ਦਰਸ਼ਕਾਂ ਵਲੋਂ ਬਹੁਤ ਸਲਾਹਿਆ ਗਿਆ ਸੀ।ਹੁਣ ਸਾਡਾ ਫਰਜ਼ ਬਣਦਾ ਹੈ ਕਿ ਨਾਟਕਕਾਰੀ ਦੀ ਇਸ ਕਲਾ ਨੂੰ ਜਿਉਂਦਾ ਰੱਖਣ ਅਤੇ ਕਲਾਕਾਰਾਂ ਦਾ ਹੋਂਸਲਾ ਵਧਾਉਣ ਲਈ ਵੱਧ ਤੋਂ ਵੱਧ ਸ਼ੋਅ ਸੰਗਤਾਂ ਸਹਿਯੋਗ ਨਾਲ਼ ਕਰਵਾਏ ਜਾਣ।











# ਬੰਗਲਾਦੇਸ਼: ਉਹ ਕੁਝ ਘੰਟੇ, ਜਿਨ੍ਹਾਂ ਵਿੱਚ ਸ਼ੇਖ਼ ਹਸੀਨਾ ਕੋਲੋਂ ਸੱਤਾ ਖੋਹੀ ਗਈ ਤੇ ਦੇਸ਼ ਤੱਕ ਛੱਡਣਾ ਪਿਆ

**ਸਫ਼ਾ 1 ਦੀ ਬਾਕੀ**

ਵਿਦਿਆਰਥੀ ਜਥੇਬੰਦੀਆਂ ਨੇ ਅੰਤਰਿਮ ਸਰਕਾਰ ਦੀ ਰੂਪਰੇਖਾ ਤੈਅ ਕਰਨ ਲਈ 24 ਘੰਟਿਆਂ ਦਾ ਸਮਾਂ ਦਿੱਤਾ ਹੈ।ਬੰਗਲਾਦੇਸ਼ ਵਿੱਚ ਅੱਗੇ ਹੋਵੇਗਾ, ਇਹ ਬਹੁਤ ਹੱਦ ਤੱਕ ਇਸ ਗੱਲ ਤੇ ਨਿਰਭਰ ਕਰੇਗਾ ਕਿ ਅੰਤਰਿਮ ਸਰਕਾਰ ਵਿੱਚ ਕੌਣ ਹੋਵੇਗਾ ਅਤੇ ਵਿਦਿਆਰਥੀ ਜੇਥਬੰਦੀਆਂ ਇਸ ਸਰਕਾਰ ਨੂੰ ਸਵੀਕਾਰ ਕਰਨਗੀਆਂ।

**4 ਅਗਸਤ ਨੂੰ ਹੋਈ ਹਿੰਸਾ ਵਿੱਚ 94 ਲੋਕ ਮਾਰੇ ਗਏ ਸਨ**

ਪਹਿਲੀ ਜੁਲਾਈ ਤੋਂ ਚੱਲ ਰਹੇ ਵਿਦਿਆਰਥੀ ਅੰਦੋਲਨ ਤੋਂ ਬਾਅਦ 21 ਜੁਲਾਈ ਨੂੰ ਬੰਗਲਾਦੇਸ਼ ਦੀ ਸੁਪਰੀਮ ਕੋਰਟ ਨੇ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਲਗਭਗ ਖ਼ਤਮ ਕਰ ਦਿੱਤਾ ਸੀ।ਪਰ ਇਸ ਫ਼ੈਸਲੇ ਦੇ ਬਾਵਜੂਦ, ਬੰਗਲਾਦੇਸ਼ ਦੇ ਵਿਦਿਆਰਥੀਆਂ ਅਤੇ ਲੋਕਾਂ ਦਾ ਗੁੱਸਾ ਸ਼ਾਂਤ ਨਹੀਂ ਹੋਇਆ। ਸ਼ੇਖ ਹਸੀਨਾ ਦੇ ਅਸਤੀਫ਼ੇ ਦੀ ਮੰਗ ਜ਼ੋਰ ਫੜਨ ਲੱਗੀ।ਯੂਨੀਵਰਸਿਟੀਆਂ ਅਤੇ ਕਾਲਜਾਂ ਤੋਂ ਸ਼ੁਰੂ ਹੋਇਆ ਅੰਦੋਲਨ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚ ਗਿਆ ਅਤੇ ਵਿਰੋਧੀ ਪਾਰਟੀਆਂ ਵੀ ਸੜਕਾਂ ਤੇ ਉਤਰ ਆਈਆਂ।ਵਿਦਿਆਰਥੀ ਜਥੇਬੰਦੀਆਂ ਨੇ 4 ਅਗਸਤ ਤੋਂ ਪੂਰਨ-ਅਸਹਿਯੋਗ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ।ਸਰਕਾਰ ਨੇ ਇਨ੍ਹਾਂ ਪ੍ਰਦਰਸ਼ਨਾਂ ਨੂੰ ਸਖ਼ਤੀ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ। ਗੋਲੀਆਂ ਚਲਾਈਆਂ ਗਈਆਂ, ਫੌਜ ਸੜਕਾਂ ਤੇ ਉਤਰ ਆਈ, ਪਰ ਲੋਕ ਨਹੀਂ ਰੁਕੇ।4 ਅਗਸਤ ਨੂੰ ਹੋਈ ਹਿੰਸਾ ਚ ਘੱਟੋ-ਘੱਟ 94 ਲੋਕ ਮਾਰੇ ਗਏ ਸਨ। ਵਿਦਿਆਰਥੀ ਅੰਦੋਲਨ ਦੀ ਸ਼ੁਰੂਆਤ ਤੋਂ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ 300 ਨੂੰ ਪਾਰ ਕਰ ਗਈ ਹੈ।ਐਤਵਾਰ ਅੰਦੋਲਨ ਦਾ ਸਭ ਤੋਂ ਹਿੰਸਕ ਦਿਨ ਸਾਬਤ ਹੋਇਆ। ਇੱਕ ਜ਼ਿਲ੍ਹਾ ਪੁਲਿਸ ਹੈੱਡਕੁਆਰਟਰ ਤੇ ਭੀੜ ਦੇ ਹਮਲੇ ਵਿੱਚ 13 ਪੁਲਿਸ ਮੁਲਾਜ਼ਮਾਂ ਦੀ ਵੀ ਮੌਤ ਹੋ ਗਈ।ਹਿੰਸਾ ਸਿਰਫ਼ ਮੁਜ਼ਾਹਰਾਕਾਰੀਆਂ ਅਤੇ ਪੁਲਿਸ ਵਿਚਾਲੇ ਹੀ ਨਹੀਂ ਹੋਈ, ਸਗੋਂ ਸੱਤਾਧਾਰੀ ਅਵਾਮੀ ਲੀਗ ਦੇ ਵਰਕਰ ਵੀ ਇਸ ਵਿੱਚ ਸ਼ਾਮਲ ਹੋ ਗਏ। ਦੇਸ਼ ਦੇ ਕੋਨੇ-ਕੋਨੇ ਤੋਂ ਲੋਕ ਆਹਮੋ-ਸਾਹਮਣੇ ਆ ਗਏ।ਬੇਹੱਦ ਤਣਾਅਪੂਰਨ ਹਾਲਾਤ ਅਤੇ ਵਿਆਪਕ ਹਿੰਸਾ ਦੇ ਬਾਵਜੂਦ, ਸੋਮਵਾਰ ਨੂੰ ਢਾਕਾ ਵੱਲ ਮਾਰਚ ਦੇ ਐਲਾਨ ਤੋਂ ਨਾ ਮੁਜ਼ਾਹਰਾਕਾਰੀ ਪਿੱਛੇ ਹਟੇ ਅਤੇ ਨਾ ਵਿਦਿਆਰਥੀ ਜਥੇਬੰਦੀਆਂ।ਸਰਕਾਰ ਨੇ ਰਾਜਧਾਨੀ ਦੇ ਚੱਪੇ-ਚੱਪੇ ਤੇ ਪੁਲਿਸ ਅਤੇ ਸੁਰੱਖਿਆ ਬਲ ਤੈਨਾਤ ਕਰ ਦਿੱਤੇ ਗਏ।ਪਰ ਸਖ਼ਤ ਕਰਫਿਊ ਅਤੇ ਵੱਡੇ ਪੈਮਾਨੇ ’ਤੇ ਹੋਈ ਹਿੰਸਾ ਤੋਂ ਬਾਅਦ ਵੀ ਲੋਕ ਨਹੀਂ ਰੁਕੇ ਅਤੇ ਸੋਮਵਾਰ ਨੂੰ ਸ਼ੇਖ਼ ਹਸੀਨਾ ਨੂੰ ਅਹੁਦਾ ਛੱਡਣਾ ਪਿਆ ਅਤੇ ਦੇਸ਼ ਤੋਂ ਬਾਹਰ ਵੀ ਜਾਣਾ ਪਿਆ।ਇਸ ਵਿਚਾਲੇ ਦੁਪਹਿਰ 2.30 ਵਜੇ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਗਣਭਵਨ ਤੋਂ ਫੌਜੀ ਹੈਲੀਕਾਪਟਰ ਚ ਰਵਾਨਾ ਹੋਣ ਦੀ ਖ਼ਬਰ ਆਈ। ਗਣਭਵਨ ਤੋਂ ਹੈਲੀਕਾਪਟਰ ਦੇ ਉਡਾਣ ਭਰਨ ਤੋਂ ਕੁਝ ਮਿੰਟ ਬਾਅਦ ਹੀ ਸ਼ੇਖ ਹਸੀਨਾ ਦੇ ਭਾਰਤ ਰਵਾਨਾ ਹੋਣ ਦੀਆਂ ਖਬਰਾਂ ਆਉਣ ਲੱਗੀਆਂ।ਸਮਾਚਾਰ ਏਜੰਸੀ ਏਐੱਫਪੀ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਦੇਸ਼ ਛੱਡਣ ਤੋਂ ਪਹਿਲਾਂ ਸ਼ੇਖ਼ ਹਸੀਨਾ ਰਾਸ਼ਟਰ ਦੇ ਨਾਮ ਆਪਣਾ ਸੰਦੇਸ਼ ਰਿਕਾਰਡ ਕਰਨਾ ਚਾਹੁੰਦੀ ਸੀ, ਪਰ ਉਨ੍ਹਾਂ ਨੂੰ ਅਜਿਹਾ ਕਰਨ ਦਾ ਮੌਕਾ ਨਹੀਂ ਮਿਲ ਸਕਿਆ।ਦੁਪਹਿਰ 3.15 ਵਜੇ ਫੌਜ ਮੁਖੀ ਵਾਕੇਰ ਉੱਜ਼ਮਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਅਸਤੀਫ਼ਾ ਦੇ ਕੇ ਦੇਸ਼ ਛੱਡ ਦਿੱਤਾ ਹੈ। ਉਨ੍ਹਾਂ ਨੇ ਵਿਚਾਰ-ਵਟਾਂਦਰੇ ਤੋਂ ਬਾਅਦ ਅੰਤਰਿਮ ਸਰਕਾਰ ਬਣਾਉਣ ਦਾ ਐਲਾਨ ਵੀ ਕੀਤਾ।

## ਬੰਗਲਾਦੇਸ਼ ਸੰਕਟ

# ਮੁਲਕ ਦੀਆਂ ਮੌਜੂਦਾ ਹਾਲਤਾਂ ਬਾਰੇ ਕੀ ਸੋਚਦੇ ਹਨ ਉੱਥੇ ਵੱਸਦੇ ਪੰਜਾਬੀ





ਭਾਰਤ ਦੇ ਗੁਆਂਢੀ ਦੇਸ ਬੰਗਲਾਦੇਸ਼ ਵਿੱਚ ਸਿਆਸੀ ਸੰਕਟ ਇੰਨਾ ਗਹਿਰਾ ਹੋ ਗਿਆ ਕਿ ਮੁਲਕ ਦੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ ਆਪਣਾ ਅਹੁਦਾ ਅਤੇ ਦੇਸ਼ ਦੋਵੇਂ ਛੱਡ ਦਿੱਤੇ ਹਨ।ਜਿਸ ਤੋਂ ਬਾਅਦ ਅੰਦੋਲਨਕਾਰੀ ਲੋਕਾਂ ਦੀ ਮੰਗ ਮੁਤਾਬਕ ਦੇਸ ਦੀ ਸੰਸਦ ਨੂੰ ਵੀ ਭੰਗ ਕਰ ਦਿੱਤਾ ਗਿਆ ਹੈ।ਸਰਕਾਰੀ ਨੌਕਰੀਆਂ ਵਿੱਚ ਰਾਖ਼ਵੇਂਕਰਨ ਖ਼ਿਲਾਫ਼ ਸ਼ੁਰੂ ਹੋਇਆ ਵਿਦਿਆਰਥੀ ਅੰਦੋਲਨ ਸੱਤਾ ਪਲਟਣ ਤੱਕ ਪਹੁੰਚ ਗਿਆ ਅਤੇ 4 ਅਗਸਤ ਨੂੰ ਹੋਈ ਹਿੰਸਾ ਚ ਘੱਟੋ-ਘੱਟ 94 ਲੋਕ ਮਾਰੇ ਗਏ ਸਨ।ਵਿਦਿਆਰਥੀ ਅੰਦੋਲਨ ਦੀ ਸ਼ੁਰੂਆਤ ਤੋਂ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਤਿੰਨ ਸੌ ਨੂੰ ਪਾਰ ਕਰ ਗਈ ਹੈ।ਦੇਸ ਦੇ ਹਾਲਾਤ ਦਾ ਅਸਰ ਭਾਰਤ ਤੋਂ ਕਾਰੋਬਾਰ ਦੀ ਆਸ ਨਾਲ ਬੰਗਲਾਦੇਸ਼ ਜਾ ਵਸਣ ਵਾਲੇ ਭਾਰਤੀਆਂ ਉੱਤੇ ਵੀ ਪਿਆ ਹੈ।ਪੰਜਾਬ ਤੋਂ ਬਿਹਤਰ ਰੋਜ਼ਗਾਰ ਲਈ ਢਾਕਾ ਜਾ ਵੱਸੇ ਭਾਰਤੀ ਨਾਗਰਿਕ ਉਮਰਾਓ ਸ਼ੇਰ ਸਿੰਘ ਉੱਪਲ ਨੇ ਬੰਗਲਾ ਦੇਸ਼ ਦੇ ਹਾਲਾਤ ਬਾਰੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਕੀਤੀ।ਉਨ੍ਹਾਂ ਰਾਜਧਾਨੀ ਢਾਕਾ ਦੇ ਹਾਲਾਤ ਬਾਰੇ ਦੱਸਿਆ, ਸੋਮਵਾਰ ਨਾਲੋਂ ਅੱਜ ਸਥਿਤੀ ਠੀਕ ਲੱਗ ਰਹੀ ਹੈ, ਲੋਕ ਆਪੋ ਆਪਣੇ ਕੰਮ ਕਾਜ ਉੱਤੇ ਜਾ ਰਹੇ ਹਨ ਅਤੇ ਮੈਂ ਵੀ ਇਸ ਸਮੇਂ ਆਪਣੇ ਦਫ਼ਤਰ ਵਿੱਚ ਕੰਮ ਕਰ ਰਿਹਾ ਹਾਂ। ਉਮਰਾਓ ਸ਼ੇਰ ਸਿੰਘ ਉੱਪਲ ਬੰਗਲਾਦੇਸ਼ ਦੀ ਪ੍ਰਮੁੱਖ ਟੈਕਸਟਾਈਲ ਕੰਪਨੀ ਸਿਲਵਰ ਲਾਈਨ ਗਰੁੱਪ ਵਿੱਚ ਚੀਫ਼ ਓਪਰੇਟਿੰਗ ਅਫ਼ਸਰ (ਸੀਓਓ) ਦੇ ਅਹੁਦੇ ਉੱਤੇ ਕੰਮ ਕਰਦੇ ਹਨ।

**ਪਟਿਆਲਾ ਦਾ ਪਰਿਵਾਰ**

ਮੂਲ ਰੂਪ ਵਿੱਚ ਪੰਜਾਬ ਦੇ ਪਟਿਆਲਾ ਸ਼ਹਿਰ ਨਾਲ ਸਬੰਧਿਤ ਉਮਰਾਓ ਸ਼ੇਰ ਸਿੰਘ ਉੱਪਲ ਨੇ ਦੱਸਿਆ ਕਿ ਪਿਛਲੇ ਦਿਨਾਂ ਤੋਂ ਜਿਸ ਸਥਿਤੀ ਵਿੱਚ ਬੰਗਲਾਦੇਸ਼ ਗੁਜ਼ਰ ਰਿਹਾ ਸੀ, ਬੇਸ਼ੱਕ ਉਹ ਉਸ ਤੋਂ ਚਿੰਤਤ ਸਨ।ਉਨ੍ਹਾਂ ਦੱਸਿਆ ਕਿ ਸੋਮਵਾਰ ਦੀ ਘਟਨਾ ਤੋਂ ਬਾਅਦ ਹਾਲਾਤ ਹੋਰ ਖ਼ਰਾਬ ਹੋ ਗਏ ਸਨ ਪਰ ਫ਼ਿਲਹਾਲ ਕਰਫ਼ਿਊ ਹਟਾ ਦਿੱਤਾ ਗਿਆ ਹੈ ਅਤੇ ਸਥਿਤੀ ਆਮ ਦਿਨਾਂ ਵਰਗੀ ਹੋਣ ਵੱਲ ਜਾ ਰਹੀ ਹੈ।4 ਅਗਸਤ ਨੂੰ ਹੋਈ ਵਿਆਪਕ ਹਿੰਸਾ ਤੋਂ ਬਾਅਦ 5 ਅਗਸਤ ਦੇ ਦਿਨ ਦੀ ਸ਼ੁਰੂਆਤ ਬਹੁਤ ਹੀ ਤਣਾਅਪੂਰਨ ਸਥਿਤੀ ਵਿੱਚ ਸ਼ੁਰੂ ਹੋਈ ਸੀ। ਤਣਾਅ ਦੇ ਮੱਦੇਨਜ਼ਰ ਸਰਕਾਰ ਨੇ ਸੋਮਵਾਰ ਤੋਂ ਬੁੱਧਵਾਰ ਤੱਕ ਛੁੱਟੀ ਦਾ ਐਲਾਨ ਕੀਤਾ ਸੀ।ਉਨ੍ਹਾਂ ਦੱਸਿਆ ਕਿ ਪੂਰੀ ਦੁਨੀਆ ਇਸ ਵਕਤ ਬੰਗਲਾਦੇਸ਼ ਵੱਲ ਦੇਖ ਰਹੀ ਹੈ ਅਤੇ ਉਨ੍ਹਾਂ ਨਾਲ ਜੁੜੇ ਲੋਕ ਮੌਜੂਦਾ ਸਥਿਤੀ ਤੋਂ ਚਿੰਤਤ ਹਨ ਅਤੇ ਫ਼ੋਨ ਰਾਹੀਂ ਲਗਾਤਾਰ ਉਨ੍ਹਾਂ ਦੇ ਰਾਬਤੇ ਵਿੱਚ ਹਨ।ਉਮਰਾਓ ਸ਼ੇਰ ਸਿੰਘ ਉੱਪਲ ਨੇ ਦੱਸਿਆ ਕਿ ਸੋਮਵਾਰ ਨੂੰ ਢਾਕਾ ਵਿੱਚ ਹਾਲਤ ਖ਼ਰਾਬ ਹੁੰਦੇ ਦੇਖ ਜਦੋਂ ਕਰਫ਼ਿਊ ਲਗਾ ਦਿੱਤਾ ਗਿਆ ਤਾਂ ਉਹ ਘਰ ਵਿੱਚ ਹੀ ਸਨ।ਮੀਡੀਆ ਰਿਪੋਰਟਾਂ ਦੇ ਆਧਾਰ ਉੱਤੇ ਭਾਰਤ ਰਹਿੰਦੇ ਰਿਸ਼ਤੇਦਾਰਾਂ ਨੇ ਚਿੰਤਤ ਹੋ ਕੇ ਫ਼ੋਨ ਉੱਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ।ਕੁਝ ਲੋਕਾਂ ਨੇ ਉਨ੍ਹਾਂ ਨੂੰ ਵਾਪਸ ਦੇਸ਼ ਪਰਤਣ ਆਉਣ ਦੀ ਵੀ ਸਲਾਹ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਪਲ ਉਨ੍ਹਾਂ ਕਾਫ਼ੀ ਤਣਾਅਪੂਰਨ ਸਨ, ਪਰ ਉਨ੍ਹਾਂ ਨੇ ਹਿੰਮਤ ਤੋਂ ਕੰਮ ਲਿਆ।ਉੱਪਲ ਮੁਤਾਬਕ ਉਨ੍ਹਾਂ ਪਰਿਵਾਰ ਨੂੰ ਵਾਪਸ ਭਾਰਤ ਭੇਜਣ ਬਾਰੇ ਸੋਚਿਆ ਵੀ ਸੀ ਪਰ ਉਨ੍ਹਾਂ ਦੀ ਪਤਨੀ ਨੇ ਇਸ ਤੋਂ ਇਨਕਾਰ ਕਰ ਦਿੱਤਾ।ਉਮਰਾਓ ਸ਼ੇਰ ਸਿੰਘ ਉੱਪਲ ਦੱਸਦੇ ਹਨ ਕਿ ਫ਼ਿਲਹਾਲ ਮੁਲਕ ਵਿੱਚ ਫੌਜ ਦਾ ਰਾਜ ਹੈ ਅਤੇ ਸਥਿਤੀ ਨੂੰ ਕਾਬੂ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਮੰਗਲਵਾਰ ਨੂੰ ਸੜਕਾਂ ਉੱਤੇ ਆਵਾਜਾਈ ਆਮ ਵਾਂਗ ਦੇਖਣ ਨੂੰ ਮਿਲ ਰਹੀ ਹੈ ਅਤੇ ਉਨ੍ਹਾਂ ਦੇ ਦਫ਼ਤਰ ਵਿੱਚ ਕਰਮਚਾਰੀਆਂ ਦੀ ਹਾਜ਼ਰੀ ਪੂਰੀ ਹੈ।

**ਓਪਲ ਪਰਿਵਾਰ ਦੀ ਢਾਕਾ ਵਿੱਚ ਖ਼ੁਸ਼ਗਵਾਰ ਸ਼ੁਰੂਆਤ**

ਉਮਰਾਓ ਸ਼ੇਰ ਸਿੰਘ ਉੱਪਲ ਪਰਿਵਾਰ ਸਮੇਤ ਕਰੀਬ ਸੱਤ ਸਾਲ ਤੋਂ ਢਾਕਾ ਵਿੱਚ ਕੰਮ ਕਰੇ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਉਹ ਭਾਰਤ ਵਿੱਚ ਜੇਸੀਟੀ ਕੰਪਨੀ ਵਿੱਚ ਕੰਮ ਕਰਦੇ ਸਨ, ਉਸ ਤੋਂ ਬਾਅਦ ਉਹ ਢਾਕਾ ਆ ਗਏ।ਉੱਪਲ ਦੀ ਇੱਕ ਧੀ ਕੈਨੇਡਾ ਵਿੱਚ ਹੈ ਅਤੇ ਦੂਜੀ ਇਸ ਵਕਤ ਢਾਕਾ ਵਿੱਚ ਹੀ ਪੜ੍ਹਾਈ ਕਰ ਰਹੀ ਹੈ।ਬੰਗਲਾਦੇਸ਼ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਟੈਕਸਟਾਈਲ ਦਾ ਹੱਬ ਹੈ ਅਤੇ ਉਨ੍ਹਾਂ ਦੀ ਕੰਪਨੀ ਦੁਨੀਆ ਦੇ ਵੱਖ ਵੱਖ ਮੁਲਕਾਂ ਦੇ ਮਸ਼ਹੂਰ ਬਰਾਂਡਾਂ ਲਈ ਮਾਲ ਤਿਆਰ ਕਰਦੀ ਹੈ।ਬੰਗਲਾਦੇਸ਼ ਬਾਰੇ ਆਪਣਾ ਤਜਰਬਾ ਸਾਂਝਾ ਕਰਦਿਆਂ ਉਮਰਾਓ ਸ਼ੇਰ ਸਿੰਘ ਉੱਪਲ ਨੇ ਦੱਸਿਆ ਕਿ ਪਿਛਲੇ ਸੱਤ ਸਾਲਾਂ ਦੌਰਾਨ ਉਨ੍ਹਾਂ ਨਾਲ ਕਿਸੇ ਵੀ ਤਰਾਂ ਦਾ ਇੱਥੇ ਕੋਈ ਵਿਤਕਰਾ ਨਹੀਂ ਹੋਇਆ ਅਤੇ ਉਹ ਦਸਤਾਰ ਸਜਾ ਕੇ ਹੀ ਦਫ਼ਤਰ ਅਤੇ ਹੋਰ ਜਨਤਕ ਥਾਵਾਂ ਉੱਤੇ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਢਾਕਾ ਵਿੱਚ ਪੰਜਾਬੀਆਂ ਦੇ ਕੁਝ ਪਰਿਵਾਰ ਹਨ, ਜੋ ਟੈਕਸਟਾਈਲ ਕਾਰੋਬਾਰ ਨਾਲ ਹੀ ਜੁੜੇ ਹੋਏ ਹਨ।ਢਾਕਾ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਇੱਕ ਗੁਰਦੁਆਰਾ ਸਾਹਿਬ ਵੀ ਹੈ, ਜਿੱਥੇ ਹਰ ਛੁੱਟੀ ਵਾਲੇ ਦਿਨ ਇੱਥੇ ਰਹਿਣ ਵਾਲੀ ਸਿੱਖ ਸੰਗਤ ਜੁੜਦੀ ਹੈ।ਪੰਜਾਬ ਤੋਂ ਇਲਾਵਾ ਦੱਖਣੀ ਭਾਰਤ ਅਤੇ ਮਹਾਰਾਸ਼ਟਰ ਦੇ ਲੋਕ ਇੱਥੇ ਵੱਡੀ ਤਦਾਦ ਵਿੱਚ ਹਨ।



## ਕੀ ਹੋਇਆ ਹੈ ਬੰਗਲਾ ਦੇਸ਼ ਵਿੱਚ

ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਦੇ ਖ਼ਿਲਾਫ਼ ਸ਼ੁਰੂ ਹੋਇਆ ਇਹ ਵਿਦਿਆਰਥੀ ਅੰਦੋਲਨ ਦੇਸ਼ ਵਿਆਪੀ ਮੁਜ਼ਾਹਰੇ ਵਿੱਚ ਬਦਲ ਗਿਆ ਅਤੇ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦੀ ਸਰਕਾਰ ਦੇ ਪਤਨ ਤੱਕ ਪਹੁੰਚ ਗਿਆ।ਸ਼ੇਖ਼ ਹਸੀਨਾ ਦੇ ਬੰਗਲਾਦੇਸ਼ ਛੱਡਣ ਤੋਂ ਬਾਅਦ, ਹਜ਼ਾਰਾਂ ਪ੍ਰਦਰਸ਼ਨਕਾਰੀ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਵਿੱਚ ਦਾਖਲ ਹੋ ਗਏ ਅਤੇ ਉੱਥੇ ਭੰਨਤੋੜ ਅਤੇ ਲੁੱਟਮਾਰ ਕੀਤੀ।ਫੌਜ ਵੱਲੋਂ ਦੇਸ਼ ਵਿੱਚ ਅੰਤਰਿਮ ਸਰਕਾਰ ਬਣਾਉਣ ਦੇ ਐਲਾਨ ਦੇ ਬਾਵਜੂਦ ਅਜੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਅੰਦੋਲਨ ਅਤੇ ਬੰਗਲਾਦੇਸ਼ ਵਿੱਚ ਅੱਗੇ ਕੀ ਹੋਵੇਗਾ।ਸ਼ੇਖ ਹਸੀਨਾ ਦਾ ਪੰਦਰਾਂ ਸਾਲਾਂ ਦਾ ਲਗਾਤਾਰ ਸ਼ਾਸਨ ਅਤੇ ਉਨ੍ਹਾਂ ਦਾ ਪੰਜਵਾਂ ਕਾਰਜਕਾਲ ਅਚਾਨਕ ਖ਼ਤਮ ਹੋ ਗਿਆ ਅਤੇ ਉਨ੍ਹਾਂ ਨੂੰ ਦੇਸ਼ ਛੱਡਣ ਲਈ ਮਜ਼ਬੂਰ ਹੋਣਾ ਪਿਆ।ਯਾਦ ਰਹੇ ਕਿ ਪਹਿਲੀ ਜੁਲਾਈ ਤੋਂ ਚੱਲ ਰਹੇ ਵਿਦਿਆਰਥੀ ਅੰਦੋਲਨ ਤੋਂ ਬਾਅਦ 21 ਜੁਲਾਈ ਨੂੰ ਬੰਗਲਾਦੇਸ਼ ਦੀ ਸੁਪਰੀਮ ਕੋਰਟ ਨੇ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਤਕਰਬੀਨ ਖ਼ਤਮ ਕਰ ਦਿੱਤਾ ਸੀ।ਪਰ ਇਸ ਫੈਸਲੇ ਦੇ ਬਾਵਜੂਦ ਬੰਗਲਾਦੇਸ਼ ਦੇ ਵਿਦਿਆਰਥੀਆਂ ਅਤੇ ਲੋਕਾਂ ਦਾ ਗੁੱਸਾ ਸ਼ਾਂਤ ਨਹੀਂ ਹੋਇਆ। ਸ਼ੇਖ ਹਸੀਨਾ ਦੇ ਅਸਤੀਫ਼ੇ ਦੀ ਮੰਗ ਜ਼ੋਰ ਫੜਨ ਲੱਗੀ।ਯੂਨੀਵਰਸਿਟੀਆਂ ਅਤੇ ਕਾਲਜਾਂ ਤੋਂ ਸ਼ੁਰੂ ਹੋਇਆ ਅੰਦੋਲਨ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚ ਗਿਆ ਅਤੇ ਵਿਰੋਧੀ ਪਾਰਟੀਆਂ ਵੀ ਸੜਕਾਂ ਤੇ ਉਤਰ ਆਈਆਂ। ਵਿਦਿਆਰਥੀ ਜਥੇਬੰਦੀਆਂ ਨੇ 4 ਅਗਸਤ ਤੋਂ ਮੁਕੰਮਲ ਨਾ-ਮਿਲਵਰਤਨ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ।ਸਰਕਾਰ ਨੇ ਇਨ੍ਹਾਂ ਪ੍ਰਦਰਸ਼ਨਾਂ ਨੂੰ ਸਖ਼ਤੀ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ। ਗੋਲੀਬਾਰੀ ਹੋਈ, ਫੌਜ ਸੜਕਾਂ ਤੇ ਉਤਰ ਆਈ, ਪਰ ਲੋਕ ਨਹੀਂ ਰੁਕੇ।4 ਅਗਸਤ ਨੂੰ ਹੋਈ ਹਿੰਸਾ ਚ ਘੱਟੋ-ਘੱਟ 94 ਲੋਕ ਮਾਰੇ ਗਏ ਸਨ। ਵਿਦਿਆਰਥੀ ਅੰਦੋਲਨ ਦੀ ਸ਼ੁਰੂਆਤ ਤੋਂ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਤਿੰਨ ਸੌ ਨੂੰ ਪਾਰ ਕਰ ਗਈ ਹੈ।

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024



Sumit Arya & Maryam Khan Present

A DulhanExpo Venture... Wedding Exhibitions since 2003

# DESTINATION Shaadi

1st Annual South Asian Destination Weddings & Honeymoon Expo

BEACH RESORTS
PALACES • CRUISES
AIRLINES • HONEYMOONS
EVENT PLANNERS
WEDDING SERVICES

FREE ADMISSION
FREE PARKING
FREE FOOD TASTING
BRIDAL FASHION SHOWS
LIVE ENTERTAINMENT
RAFFLES & MORE

Sunday
Sept.22
2024
(1:00 pm - 5:00 pm)


RIVERVIEW BALLROOM
700 Palisadium Drive
Cliffside Park, NJ 07010


Booths/Marketing:
Sumit Arya +1732.754.1894
WhatsApp +1732.595.6096

mydestinationshaadi@gmail.com


DestinationShaadi.com







RB
RIVERVIEW BALLROOM
Wedding Venue




The Local Destination for Your Destination Shaadi

Come Tour our Host Venue with the Most Breathtaking Views

Overlooking the Hudson River in Cliffside Park, New Jersey

RIVERVIEW BALLROOM
www.RiverviewBallroom.com

Destination Shaadi provides it's Vendors a Promotional Platform & the Brides/Visitors a 1-Stop Shopping Convenience. Destination Shaadi is not responsible for any Claims made by the Vendors & Delivery of Raffles and/or Deals offered by them. Please spend time Evaluating their Talent, Quality and Professionalism and Check all the References before Hiring them. Vendors and Attendees are to adhere to then applicable large gathering guidelines related to communicable diseases. DulhanExpo, it's Vendors & the Venues are not to be held responsible for a Rare Possibility of any type of Infections or Health Issues, or any small probability of Discomfort from the Food Tastings. Due to some existing restrictions and limitations some of the offered amenities may not be deliverable as announced.

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024




ਹਫ਼ਤਾਵਾਰੀ ਪ੍ਰੀਤਨਾਮਾ
Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD
Joga Singh
*******************************
Jaswinder Singh New Jersey
*******************************
Mindi Manak
NewYork
*******************************
Jagjit Singh Dasuya
*******************************
Gurmeet Singh Dhalwan
Chicago
*******************************
G. S Singh Punjab
*******************************
Sujan Nag, USA
*******************************
Dr. Jagdeep Dhimaan, India
******************
Sarabjit Kaur Punjab
*********************
Sukhmandar Brar
(Bhagata Bhaika) Vancouver,

*******************************
Sunil Kumar Gund
(Journalist) India
*******************************
Raj Rani
Video editor
*******************************
Jagmeet Kaur
97817-41631
*******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**

# ਸੋਸ਼ਲ ਮੀਡੀਆ ਅਤੇ ਮਨੁੱਖ

**ਡਾ. ਸੰਤੋਖ ਸਿੰਘ ਸੁੱਖੀ**

ਪਰਿਵਰਤਨ ਕੁਦਰਤ ਦਾ ਸਭ ਤੋਂ ਵੱਡਾ ਸਿਧਾਂਤ ਹੈ ਜਿਸ ਕਾਰਨ ਕਿਸੇ ਪ੍ਰਕਾਰ ਦੀ ਸਥਿਰਤਾ ਨੂੰ ਸਹੀ ਸਾਬਤ ਕਰਨਾ ਜਾਂ ਚਾਹੁਣਾ ਠੀਕ ਨਹੀਂ ਹੈ। ਇਹ ਪਰਿਵਰਤਨ ਭੌਤਿਕਤਾ ਵਿਚੋਂ ਹੁੰਦੇ ਹੋਏ ਮਾਨਸਿਕ ਵਰਤਾਰਿਆਂ ਵਿਚ ਜਾਂਦੇ ਦਵੰਦਤਾਮਕਤਾ ਰਾਹੀਂ ਗਤੀ ਗ੍ਰਹਿਣ ਕਰਦੇ ਰਹਿੰਦੇ ਹਨ। ਪਿਛਲੇ ਸਮਿਆਂ ਵਿਚ ਸਮਾਜ ਵਿਚ ਭੌਤਿਕ ਤਬਦੀਲੀਆਂ ਤੇਜ਼ੀ ਨਾਲ ਵਾਪਰੀਆਂ ਹਨ ਅਤੇ ਮਨੁੱਖੀ ਮਨ ਵਿਚ ਵੀ ਹਲਚਲ ਵਧੀ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਪਦਾਰਥਵਾਦੀ ਹੋਇਆ ਮਨੋਵਿਕਾਰਾਂ ਦਾ ਸ਼ਿਕਾਰ ਹੋ ਗਿਆ ਹੈ ਤੇ ਉਸ ਦੀ ਪੂਰਤੀ ਉਹ ਬਣਾਉਟੀ ਸੰਦਾਂ ਸਾਧਨਾਂ ਰਾਹੀਂ ਕਰ ਰਿਹਾ ਹੈ। ਇਹ ਸਾਧਨ ਉਸ ਨੂੰ ਅਸਥਾਈ ਤੌਰ 'ਤੇ ਸਕੂਨ ਦੇ ਰਹੇ ਹਨ, ਪਰ ਅਸਲ ਵਿਚ ਉਸ ਦੇ ਸਕੂਨ ਨੂੰ ਖੋਹ ਰਹੇ ਹਨ। ਇਨ੍ਹਾਂ ਸਾਧਨਾਂ ਵਿਚ ਟੈਲੀਵਿਜ਼ਨ, ਮੋਬਾਈਲ, ਕੰਪਿਊਟਰ ਆਦਿ ਸ਼ਾਮਿਲ ਹਨ। ਇਨ੍ਹਾਂ ਸਾਧਨਾਂ ਦਾ ਸਮਾਜਿਕ ਜੀਵਨ ਵਿਚ ਦਖਲ ਸੋਸ਼ਲ ਮੀਡੀਆ ਰਾਹੀਂ ਵੱਖਰੇ ਰੂਪ ਵਿਚ ਹੋਇਆ ਹੈ। ਇਸ ਵਿਚ ਫੇਸਬੁੱਕ, ਵਟਸਐਪ, ਇੰਸਟਾਗ੍ਰਾਮ, ਹਾਈਕ ਆਦਿ ਕਿੰਨੀਆਂ ਹੀ ਐਪਲੀਕੇਸ਼ਨਜ਼ ਸ਼ਾਮਿਲ ਹਨ। ਸੋਸ਼ਲ ਮੀਡੀਆ ਨੇ ਸਾਰੇ ਸੰਸਾਰ ਨੂੰ ਆਪਣੇ ਅਧੀਨ ਕਰ ਲਿਆ ਹੈ। ਦੁਨੀਆਂ ਦੇ ਹਰ ਕੋਨੇ 'ਤੇ ਹਰ ਕੋਈ ਹਰ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਰਿਹਾ ਹੈ। ਦੁੱਖ ਇਸ ਗੱਲ ਦਾ ਹੈ ਕਿ ਇਹ ਜਾਣਕਾਰੀ ਸਿਰਫ਼ ਜਾਣਕਾਰੀ ਤਕ ਸੀਮਤ ਹੈ। ਇਸ ਵਿਚ ਗਿਆਨ ਵਿਚ ਤਬਦੀਲ ਹੋਣ ਦੀ ਸ਼ਕਤੀ ਨਹੀਂ। ਇਸ ਦਾ ਕਾਰਨ ਇਹ ਹੈ ਕਿ ਇਸ ਵਿਚ ਮਨੁੱਖ ਦਾ ਅਨੁਭਵ/ਕਰਮ ਸ਼ਾਮਿਲ ਨਹੀਂ। ਜਿਵੇਂ ਕੋਈ ਚੀਜ਼ ਦਿਖਾਈ ਜਾ ਰਹੀ ਹੈ ਉਸੇ ਤਰ੍ਹਾਂ ਦੂਜਾ ਵਿਅਕਤੀ ਇਸ ਨੂੰ ਦੇਖ ਰਿਹਾ ਹੈ। ਭਾਵ ਸੋਸ਼ਲ ਮੀਡੀਆ ਨੇ ਕੁਝ ਹੱਦ ਤਕ ਮਨੁੱਖ ਦੀ ਮੌਲਿਕ ਸੋਚਣ ਸ਼ਕਤੀ ਨੂੰ ਘਟਾਉਣ ਵਿਚ ਕੁਝ ਹਿੱਸਾ ਪਾਇਆ ਹੈ।

ਸੋਸ਼ਲ ਮੀਡੀਆ ਨੇ ਮਨੁੱਖ ਵਿਚ ਦਿਖਾਵੇ ਦੀ ਪ੍ਰਵਿਰਤੀ ਨੂੰ ਹੋਰ ਪ੍ਰਫੁੱਲਤ ਕੀਤਾ ਹੈ। ਕਮਜ਼ੋਰ ਅਹਿਸਾਸਾਂ ਵਿਚੋਂ ਉਪਜੀ ਤਸਵੀਰਬਾਜ਼ੀ ਨੇ ਇਕ ਵੱਖਰੇ ਕਿਸਮ ਦਾ ਪ੍ਰਦੂਸ਼ਣ ਫੈਲਾ ਰੱਖਿਆ ਹੈ। ਪਿਆਰ ਦੀ ਅਣਹੋਂਦ ਵਿਚੋਂ ਨਿਕਲੀਆਂ ਬਣਾਉਟੀ ਮੁਸਕਾਨਾਂ ਨੇ ਮਨੁੱਖ ਨੂੰ ਨਵੇਂ ਕਿਸਮ ਦੇ ਭੁਲੇਖਿਆਂ ਵਿਚ ਪਾ ਦਿੱਤਾ ਹੈ। ਤਸਵੀਰਾਂ ਸੱਚ ਬੋਲ ਰਹੀਆਂ ਹਨ, ਪਰ ਮਨੁੱਖ ਆਪਣੇ ਅੰਦਰਲੇ ਝੂਠਾਂ ਨਾਲ ਸੰਵਾਦ ਰਚਾਉਣ ਤੋਂ ਮੁਨਕਰ ਹੋ ਰਿਹਾ ਹੈ। ਸੋਸ਼ਲ ਮੀਡੀਆ ਨੇ ਵਿਚਾਰ ਦੀ ਗਤੀ ਵਿਚ ਬਹੁਤ ਤਬਦੀਲੀ ਲਿਆਂਦੀ ਹੈ। ਭਾਵੇਂ ਵਿਚਾਰ ਵਿਚ ਕੋਈ ਸਿਆਣਪ ਹੈ ਜਾਂ ਨਹੀਂ। ਆਲਮ ਇਹ ਬਣ ਗਿਆ ਹੈ ਕਿ ਜਦੋਂ ਵੀ ਕਿਸੇ ਵਿਅਕਤੀ ਦੇ ਮਨ ਵਿਚ ਕੋਈ ਵਿਚਾਰ ਆਇਆ, ਬਿਨਾਂ ਦੀਰਘ ਵਟਾਂਦਰੇ ਦੇ ਉਸ ਨੂੰ ਟਾਈਪ ਕਰਕੇ ਸੋਸ਼ਲ ਸਾਈਟਸ 'ਤੇ ਭੇਜ ਦਿੱਤਾ ਜਾਂਦਾ ਹੈ ਜਿਸ ਉਪਰ ਲੋਕਾਂ ਦੇ ਕੁਮੈਂਟਸ ਵੀ ਅਜੀਬੋ ਗਰੀਬ ਹੁੰਦੇ ਹਨ। ਇਸ ਤੋਂ ਕੋਈ ਸਿਆਣਾ ਵਿਅਕਤੀ ਬੌਧਿਕ ਗਿਰਾਵਟ ਦੇ ਗ੍ਰਾਫ ਨੂੰ ਸਹਿਜੇ ਹੀ ਸਮਝ ਸਕਦਾ ਹੈ।ਸੋਸ਼ਲ ਮੀਡੀਆ ਨੇ ਸਮਾਜ ਵਿਰੋਧੀ ਧਾਰਨਾਵਾਂ ਨੂੰ ਵੀ ਬਹੁਤ ਤੇਜ਼ੀ ਦਿੱਤੀ ਹੈ। ਕਿਸੇ ਜਾਤੀ, ਫਿਰਕੇ, ਸਮੂਹ ਖਿਲਾਫ਼ ਬੇਬੁਨਿਆਦ ਟਿੱਪਣੀ ਕਰਕੇ ਸਮਾਜ ਅੰਦਰ ਬੇਲੋੜਾ ਤਣਾਓ ਪੈਦਾ ਕੀਤਾ ਜਾ ਰਿਹਾ ਹੈ। ਸ਼ਰਾਰਤੀ ਧਿਰਾਂ ਇਸ ਗਤੀਵਿਧੀ ਦਾ ਪੂਰਾ ਆਨੰਦ ਹੀ ਨਹੀਂ ਲੈਂਦੀਆਂ ਸਗੋਂ ਲੋੜ ਮੁਤਾਬਿਕ ਇਸ ਨੂੰ ਵਰਤਦੀਆਂ ਵੀ ਹਨ। ਇਸ ਕਾਰਨ ਬਾਹਰੋਂ ਜੁੜੇ ਦਿਖਾਈ ਦਿੰਦੇ ਲੋਕ ਅੰਦਰੋਂ ਟੁੱਟੇ ਹੋਏ ਹਨ। ਇਹ ਸਥਿਤੀ ਏਨੀ ਗੰਭੀਰ ਹੈ ਕਿ ਸੋਸ਼ਲ ਸਾਈਟਸ 'ਤੇ ਚਲਦੇ ਗਰੁੱਪ ਜਾਤੀ, ਵੰਸ਼, ਧਰਮ ਆਧਾਰਿਤ ਹੋ ਗਏ ਹਨ ਜਿਸ ਵਿਚ ਕੋਈ 'ਗ਼ੈਰ' ਦਖ਼ਲ ਨਹੀਂ ਦੇ ਸਕਦਾ। ਇਸ ਵਿਚ ਸਿਰਫ਼ ਨਫ਼ਰਤ ਬੀਜੀ, ਕੱਟੀ ਤੇ ਹੰਢਾਈ ਜਾਂਦੀ ਹੈ।

ਸੋਸ਼ਲ ਮੀਡੀਆ ਨੇ ਘੱਟ ਬੁੱਧੀ ਵਾਲੇ ਲੋਕਾਂ ਨੂੰ ਉਤੇਜਨਾ ਭਰਪੂਰ ਕਰ ਦਿੱਤਾ ਹੈ। ਦੁਨੀਆਂ ਵਿਚ ਅਰਧ-ਚੇਤੰਨ ਵਿਅਕਤੀ ਬਹੁਤ ਛੇਤੀ ਵਰਗਲਾਏ ਜਾ ਸਕਦੇ ਹਨ। ਇਹ ਚੇਤੰਨਤਾ ਉਲਝੀ, ਝੂਠੀ ਤੇ ਬੇਸਿਰ-ਪੈਰ ਦੀ ਹੈ ਜਿਸ ਦਾ ਕੋਈ ਵਿਚਾਰਧਾਰਕ ਆਧਾਰ ਨਹੀਂ। ਇਸ ਲਈ ਸੋਸ਼ਲ ਮੀਡੀਆ ਉਪਰ ਉੱਠਦੇ ਮੁੱਦੇ ਸਿਰਫ਼ ਸ਼ਾਬਦਿਕ ਸੰਵਾਦ ਕਰਦੇ ਹਨ, ਉਨ੍ਹਾਂ ਵਿਚ ਕੋਈ ਵੀ ਵਿਹਾਰਕਤਾ ਨਹੀਂ ਹੈ। ਸੋਸ਼ਲ ਸਾਈਟਸ ਨੇ ਇਕ ਹੋਰ ਅਜੀਬ ਵਰਤਾਰਾ ਪੈਦਾ ਕੀਤਾ ਹੈ, ਉਹ ਹੈ ਸਾਹਮਣੇ ਬੈਠੇ ਵਿਅਕਤੀ ਨੂੰ ਨਜ਼ਰਅੰਦਾਜ਼ ਕਰਨਾ ਤੇ ਦੂਰ ਬੈਠੇ ਵਿਅਕਤੀ ਲਈ ਸਾਈਟ 'ਤੇ ਆਪਣਾ ਚਿਹਰਾ ਪੇਸ਼ ਕਰਨਾ। ਸਥਿਤੀ ਇਹ ਬਣੀ ਹੋਈ ਹੈ ਕਿ ਜੋ ਸਾਹਮਣੇ ਬੈਠਾ ਹੈ ਉਸ ਵੱਲ ਪਿੱਠ ਕਰਨਾ ਹੈ ਤੇ ਜੋ ਪਿੱਠ ਕਰੀ ਬੈਠਾ ਹੈ ਉਸ ਦੇ ਸਾਹਮਣੇ ਹੋਣਾ ਹੈ (ਇੱਕ ਮਿੱਤਰ ਨਾਲ ਸੰਵਾਦ 'ਤੇ ਉੱਭਰੀ ਗੱਲ)। ਇਹ ਅਜਬ ਕਿਸਮ ਦੀ ਪਿਆਸ ਹੈ ਜਿਸ ਵਿਚ ਮਨੁੱਖ ਸਹੀ ਸਰੋਤਾਂ ਵੱਲ ਨਹੀਂ ਜਾ ਰਿਹਾ। ਪਿਆਸਾ ਵਿਅਕਤੀ ਖੂਹ ਜਾਂ ਨਲਕੇ ਕੋਲ ਨਹੀਂ ਜਾ ਰਿਹਾ ਸਗੋਂ ਉਸ ਦੀ ਫੋਟੋ ਜਾਂ ਤਸਵੀਰ ਕੋਲ ਜਾ ਰਿਹਾ ਹੈ। ਇਸ ਲਈ ਸਮੱਸਿਆ ਕਿਤੇ ਹੋਰ ਹੈ ਤੇ ਹੱਲ ਕਿਤੇ ਹੋਰ ਲੱਭਿਆ ਜਾ ਰਿਹਾ ਹੈ। ਸੋਸ਼ਲ ਮੀਡੀਆ ਨੇ ਪਰਿਵਾਰਕ ਸਬੰਧਾਂ ਨੂੰ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਹ ਸਥਿਤੀ ਉਦੋਂ ਘਾਤਕ ਬਣੀ ਹੈ ਜਦੋਂ ਮੋਬਾਈਲਾਂ ਉਪਰ ਕੰਪਿਊਟਰ ਵਾਲੀਆਂ ਸਾਰੀਆਂ ਸਹੂਲਤਾਂ ਹਾਸਲ ਹੋਣ ਦੇ ਨਾਲ ਨਾਲ ਹਰ ਥਾਂ 'ਤੇ ਹਰ ਵੇਲੇ ਇੰਟਰਨੈੱਟ ਦੀ ਸੁਵਿਧਾ ਉਪਲੱਬਧ ਹੋਈ ਹੈ। ਪਹਿਲਾਂ ਟੈਲੀਵਿਜ਼ਨ ਦੇ ਦੌਰ ਵਿਚ ਪਤਾ ਲੱਗਦਾ ਸੀ ਕਿ ਟੈਲੀਵਿਜ਼ਨ ਉਪਰ ਕੀ ਚੱਲ ਰਿਹਾ ਹੈ, ਕੌਣ ਕੀ ਦੇਖ ਰਿਹਾ ਹੈ ਤੇ ਇਸ ਦਾ ਕੀ ਅਸਰ ਹੋ ਸਕਦਾ ਹੈ। ਪਰ ਅੱਜਕੱਲ੍ਹ ਇਹੀ ਪਤਾ ਨਹੀਂ ਲੱਗ ਰਿਹਾ ਕਿ ਮਨੁੱਖ ਮਸਰੂਫ਼ ਕਿਸ ਗੱਲ ਵਿਚ ਹੈ ? ਘਰ ਵਿਚ ਵੜਦਿਆਂ ਹੀ ਸਾਰਾ ਪਰਿਵਾਰ ਆਪੋ-ਆਪਣੇ ਮੋਬਾਈਲਾਂ 'ਤੇ ਉਂਗਲੀਆਂ ਦੀ ਕਸਰਤ ਕਰਨ ਲੱਗਦਾ ਹੈ। ਘਰ ਵਿਚ ਨਾ ਪਤੀ ਆ ਰਿਹਾ ਹੈ, ਨਾ ਪਤਨੀ ਤੇ ਨਾ ਹੀ ਬੱਚੇ। ਪਤਾ ਨਹੀਂ ਲੱਗ ਰਿਹਾ ਇਹ ਕੌਣ ਹਨ। ਉਹ ਬਾਹਰਲੇ ਸੰਸਾਰ ਨਾਲ ਜੁੜੇ, ਅੰਦਰਲੇ ਢਾਂਚੇ ਤੋਂ ਬੇਖਬਰ ਹਨ। ਘਰਾਂ ਵਿਚ ਮੋਬਾਈਲਾਂ ਦੇ ਵਰਤੋਂਕਾਰ ਰਹਿ ਰਹੇ ਹਨ, ਪਰਿਵਾਰਕ ਮੈਂਬਰ ਨਹੀਂ। ਇਸ ਵਰਤਾਰੇ ਨੇ ਹੋਰ ਵੀ ਗੰਭੀਰ ਸਮੱਸਿਆ ਪੈਦਾ ਕਰ ਦਿੱਤੀ ਹੈ ਜਿਸ ਵਿਚ ਮਨੁੱਖ ਦਾ ਮਨੁੱਖ ਪ੍ਰਤੀ ਸ਼ੱਕ ਸ਼ਾਮਿਲ ਹੈ। ਜਿਹੋ ਜਿਹੀਆਂ ਹਰਕਤਾਂ ਇਕ ਵਿਅਕਤੀ ਸੋਸ਼ਲ ਮੀਡੀਆ 'ਤੇ ਕਰ ਰਿਹਾ ਹੈ, ਉਸੇ ਤਰ੍ਹਾਂ ਦੀਆਂ ਦੂਜੇ ਤੋਂ ਤਸੱਵਰ ਕਰ ਰਿਹਾ ਹੈ। ਇਸ ਲਈ ਦਿਨੋ-ਦਿਨ ਪਰਿਵਾਰਕ ਢਾਂਚੇ ਟੁੱਟਦੇ ਜਾ ਰਹੇ ਹਨ। ਉਨ੍ਹਾਂ 'ਚ ਮੋਹ ਮੁਹੱਬਤ ਨਹੀਂ ਰਹੀ। ਉਨ੍ਹਾਂ ਵਿਚਕਾਰ ਮੋਬਾਈਲ ਤੇ ਹਰ ਵਿਅਕਤੀ ਨਾਲ ਤਕਰਾਰ ਹੈ। ਮਨੁੱਖ ਦੇ ਟੁੱਟਣ ਤੇ ਜੁੜਨ ਦੇ ਨਵੇਂ ਤਰੀਕਿਆਂ ਦਾ ਸਮਾਂ ਬਣਿਆ ਹੋਇਆ ਹੈ। ਜੇ ਇਸ ਨੂੰ ਰੂਪਾਂਤਰਣ ਦਾ ਦੌਰ ਕਹਿ ਦੇਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਹੁਣ ਉਹ ਦੌਰ ਹੈ ਜਦੋਂ ਮਨੁੱਖ ਦੇ ਮਨੁੱਖ ਨਾਲ ਸਬੰਧ ਤਕਨਾਲੋਜੀ ਤੇ ਰਾਜਨੀਤੀ ਤੈਅ ਕਰ ਰਹੀ ਹੈ। ਇਨ੍ਹਾਂ ਸਬੰਧਾਂ ਵਿਚ ਇਕਾਗਰਤਾ, ਸਹਿਣਸ਼ੀਲਤਾ, ਵਿਸ਼ਵਾਸ ਅਤੇ ਗੰਭੀਰਤਾ ਨਹੀਂ ਹੈ। ਮਨੁੱਖ 'ਚੋਂ ਮਨੁੱਖਤਾ ਗਾਇਬ ਹੋ ਗਈ ਹੈ।ਸੋਸ਼ਲ ਮੀਡੀਆ ਨਾਲ ਜੁੜ ਕੇ ਹਰ ਕਿਸੇ ਨੂੰ ਇਹ ਵਿਸ਼ਵਾਸ ਹੋ ਰਿਹਾ ਹੈ ਕਿ ਉਸ ਕੋਲ ਜਾਣਕਾਰੀ ਦਾ ਅਤੁੱਟ ਖ਼ਜ਼ਾਨਾ ਹੈ। ਪਰ ਇਹ ਜਾਣਕਾਰੀ ਕਿਸ ਸੋਮੇ ਤੋਂ ਆ ਰਹੀ ਹੈ ਇਸ ਬਾਰੇ ਸੁਚੇਤ ਨਹੀਂ। ਅਧੂਰੀ, ਝੂਠੀ, ਬੇਵਿਸ਼ਵਾਸੀ ਜਾਣਕਾਰੀ ਮਨੁੱਖ ਨੂੰ ਬੌਧਿਕ ਤੌਰ 'ਤੇ ਅਪੰਗ ਬਣਾ ਰਹੀ ਹੈ ਜਿਸ ਨਾਲ ਅਸਲੀ ਤੇ ਨਕਲੀ ਜਾਣਕਾਰੀ ਵਿਚ ਉਲਝ ਕੇ ਵਿਅਕਤੀ ਦੀ ਸਥਿਤੀ ਅਜੀਬ ਬਣ ਗਈ ਹੈ। ਉਹ ਕਿਸੇ ਵੀ ਵਰਤਾਰੇ ਦੀ ਜਾਣਕਾਰੀ ਪ੍ਰਤੀ ਮੁਹਾਰਤ ਹਾਸਲ ਨਹੀਂ ਕਰ ਰਿਹਾ। ਅਧੂਰਾ ਉਹ ਰਹਿਣਾ ਨਹੀਂ ਚਾਹੁੰਦਾ। ਇਸ ਲਈ ਮਾਨਸਿਕ ਤੇ ਬੌਧਿਕ ਤਣਾਓ ਵਿਚੋਂ ਉਹ ਆਪਣੇ ਅਨੁਭਵ ਰਾਹੀਂ ਇਕੱਠੇ ਕੀਤੇ ਗਿਆਨ ਨੂੰ ਖਰਾਬ ਕਰ ਰਿਹਾ ਹੈ। ਇਸ ਦੇ ਨਾਲ ਹੀ ਪਰਿਵਾਰਕ ਤਣਾਓ ਪੈਦਾ ਕਰ ਜ਼ਿੰਦਗੀ ਨੂੰ ਜਿਉਣ ਜੋਗੀ ਵੀ ਨਹੀਂ ਛੱਡ ਰਿਹਾ। 'ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਵੇ' ਦੀ ਕਹਾਵਤ ਨੂੰ ਸਹੀ ਸਾਬਤ ਕਰ ਰਿਹਾ ਹੈ।ਸੋਸ਼ਲ ਮੀਡੀਆ ਨੇ ਧਰਮ ਰਾਹੀਂ ਹੋ ਰਹੇ ਕਰਮਕਾਂਡੀ ਵਪਾਰ ਤੇ ਅੰਧ-ਵਿਸ਼ਵਾਸ ਨੂੰ ਪੂਰਾ ਹੁਲਾਰਾ ਦਿੱਤਾ ਹੈ। ਵੱਟਸਐਪ 'ਤੇ ਕਿਸੇ ਵੀ ਕਰਮਕਾਂਡ ਦੀ ਜਾਣਕਾਰੀ ਮੰਗੋ, ਤੁਹਾਨੂੰ ਧਾਰਮਿਕ ਗ੍ਰੰਥਾਂ ਦੇ ਪੰਨਿਆਂ ਦੀਆਂ ਫੋਟੋਆਂ ਵੀ ਉਪਲੱਬਧ ਹੋ ਜਾਂਦੀਆਂ ਹਨ ਭਾਵ ਇਸ ਨੇ ਅੰਧ-ਵਿਸ਼ਵਾਸ ਫੈਲਾ ਕੇ ਨਵੇਂ ਕਾਰੋਬਾਰਾਂ ਨੂੰ ਜਨਮ ਦਿੱਤਾ ਹੈ।



# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website

WWW.PREETNEWS.COM

Chief Editor

Pritpal Kaur

+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024




# Preetnama

# प्रीतनामा

खरा सच

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 265 | Website: www.preetnama.com Email preetnamausa@gmail.com | 09 AUGUST TO 15 AUGUST, 2024


## विश्वभर में गहरा सकता है जल संकट

# बिन पानी सब सून कहावत कहीं हकीकत न बन जाए

**– प्रहलाद सबनानी**

ऐसा कहा जा रहा है कि आगे आने वाले समय में विश्व में पानी को लेकर युद्ध छिड़ने की स्थितियां निर्मित हो सकती हैं क्योंकि जब भूगर्भ में पानी की उपलब्धता यदि इसी रफ्तार से लगातार कम होती चली जाएगी तो वर्तमान स्थानों (शहरों एवं गावों में) पर निवास कर रही जनसंख्या को अन्य स्थानों पर जाकर बसने को बाध्य होना पड़ेगा। ऐसी स्थिति में उन स्थानों जहां पर पानी की पर्याप्त उपलब्धता है ऐसे स्थानों पर अधिक से अधिक लोग बसना चाहेंगे और फिर नागरिक आपस में युद्ध की स्थिति निर्मित करेंगे।

आगे आने वाले समय में पानी की अनुपलब्धता सम्बंधी परेशानियों से हमारे समाज के श्रद्धेय बुजुर्ग हमें लगातार आगाह कर रहे हैं परंतु इस देश के नागरिक होने के नाते अभी भी उक्त समस्या को हम गंभीरता से नहीं ले रहे हैं जिसका बहुत बुरा परिणाम शायद हमें अथवा हमारी आगे आने वाली पीढ़ियों को भुगतना पड़ सकता है।

दिनांक 5 जनवरी 2023 को 'जल विजन 2047' कॉन्फ्रेन्स को सम्बोधित करते हुए देश के प्रधानमंत्री माननीय श्री नरेन्द्र मोदी ने कहा कि जल संरक्षण से जुड़े अभियानों में हमें जनता जनार्दन को सामाजिक संगठनों को और सिविल सोसायटी को ज्यादा से ज्यादा जोड़ना होगा। हालांकि आज जियो मैपिंग और जियो सेंसिंग जैसी तकनीक जल संरक्षण के कार्य में महत्वपूर्ण भूमिका निभा रही हैं और इस कार्य में विभिन्न स्टार्टअप भी सहयोग कर रहे हैं परंतु फिर भी इस संदर्भ में नागरिकों का जागरूक होना बहुत आवश्यक है। भारत के नागरिकों द्वारा स्वच्छ भारत अभियान को भी इसी प्रकार सफल बनाया गया है। सरकार ने संसाधान जुटाए वाटर ट्रीटमेंट प्लांट और शौचालय बनाने जैसे अनेक कार्य किए लेकिन अभियान की सफलता तब सुनिश्चित हुई जब जनता ने सोचा कि गंदगी नहीं फैलानी है। इस अभियान से जब सब लोग जुड़े और जनता में चेतना और जागरूकता आई तभी यह अभियान सफल हो सका। जनता में यही सोच जल संरक्षण के लिए भी जगाने की आज महती आवश्यकता है।

इसी प्रकार राष्ट्रीय स्वयंसेवक संघ के पूजनीय सर संघचालक श्री मोहन भागवत जी ने 'सुजलाम अंतरराष्ट्रीय सेमिनार' को संबोधित करते हुए जल का संयमित उपयोग करने एवं जल को बचाने का आह्वान किया। उक्त सेमिनार देश में चलाए जा रहे 'सुमंगलम' नामक कार्यक्रमों की एक शृंखला का भाग है। इसका मुख्य उद्देश्य प्रकृति के पांच मूल तत्वों या 'पंचमहाभूत' – पृथ्वी जल अग्नि वायु और अंतरिक्ष की शुद्धता को सुरक्षित रखने की अनूठी भारतीय अवधारणा को प्रस्तुत करना है। पर्यावरण संकट पर भारत सहित पूरी दुनिया में गहरा संकट देखने को मिल रहा है। इस महासंकट से निजात दिलाने में भारत सक्षम है। आईए पहिले जल संकट की लगातार गम्भीर होती समस्या को समझने का प्रयास करते हैं। भारत में पूरे विश्व में उपलब्ध ताजे जल स्रोत का मात्र 4 प्रतिशत भाग ही मौजूद है जबकि विश्व की कुल जनसंख्या के 18 प्रतिशत भाग को भारत में जल उपलब्ध कराया जा रहा है। केंद्रीय जल आयोग के अनुसार वर्ष 2010 में देश में मौजूद कुल ताजे जल स्रोतों में से 78 प्रतिशत का उपयोग सिंचाई के लिये किया जा रहा था जो वर्ष 2050 तक भी लगभग 68 प्रतिशत के स्तर पर बना रहेगा। वर्ष 2010 में घरेलू कार्यों में उपयोग होने वाले जल की मात्रा 6 प्रतिशत थी जो वर्ष 2050 तक बढ़कर 9.5 प्रतिशत हो जाएगी। इस प्रकार भारत में कृषि क्षेत्र जल का सबसे बड़ा उपयोगकर्ता बना रहेगा ताकि भविष्य के लिये पर्याप्त खाद्यान्न की उपलब्धता बनी रहे। भारत के लगभग 198 मिलियन हेक्टेयर फसल क्षेत्र का लगभग आधा हिस्सा ही सिंचित हैं। सिंचाई के लिये सर्वप्रमुख स्रोत के रूप में भूमिगत जल (63 प्रतिशत) का उपयोग किया किया जाता है जबकि नहर (24 प्रतिशत) जलकुंड/टैंक (2 प्रतिशत) एवं अन्य स्रोत (11 प्रतिशत) भी इसमें अंशदान करते हैं। इस प्रकार भारतीय कृषि में सिंचाई का वास्तविक बोझ भूमिगत जल पर है। समग्र स्थिति यह है कि 256 जिलों के 1592 प्रखंड भू-जल के संकटपूर्ण अथवा अति-अवशोषित स्थिति में पहुंच गए हैं। इसी प्रकार जल संकट से जूझ रहे दुनिया के 400 शहरों में से शीर्ष 20 में 4 शहर (चेन्नई पहले कोलकाता दूसरे मुंबई 11वें तथा दिल्ली 15वें स्थान पर है) भारत में है। संयुक्त जल प्रबंधन सूचकांक के अनुसार देश के 21 शहर जीरो ग्राउंड वाटर स्तर पर शीघ्र ही पंहुच सकते हैं। देश में प्रतिवर्ष औसतन 110 सेंटीमीटर बारिश होती है एवं बारिश के केवल 8 प्रतिशत पानी का ही संचय हो पाता है शेष 92 प्रतिशत पानी बेकार चला जाता है। भूजल का उपयोग इतनी बेदर्दी से किया जा रहा है कि आज देश के कई भागों में हालात इतने खराब हो चुके हैं कि 1000 फुट तक जमीन खोदने के बाद भी जमीन से पानी नहीं निकल पा रहा है। एक अंतरराष्ट्रीय संस्था द्वारा जारी रिपोर्ट के



अनुसार पूरे विश्व में उपयोग किए जा रहे भूजल का 24 प्रतिशत हिस्सा केवल भारत में ही उपयोग हो रहा है। यह अमेरिका एवं चीन दोनों देशों द्वारा मिलाकर उपयोग किए जा रहे भूजल से भी अधिक है। इसी कारण से भारत के भूजल स्तर में तेजी से कमी आ रही है।हम बचपन से देखते आ रहे हैं कि भारत के पहाड़ी इलाकों में कई स्थानों पर बहुत पुराने पानी के चश्मे थे। साथ ही मैदानी क्षेत्रों में जल से भरपूर कूएं बावड़ियां होती थीं। चश्मों में बहुत स्वादिष्ट पानी रहता था। गर्मियों में भी वह पानी कभी सूखता नहीं था। देश में इतनी बड़ी दुर्घटना कभी चर्चा का विषय नहीं बनी यह हम सब जागरूक नागरिकों के लिए चिंता का विषय होना चाहिए। ऐसा कहा जा रहा है कि भारत में विदेशों से बीजों का आयात कर जो पौधे लगाए गए हैं उनमें से कई पौधे नकारात्मक ऊर्जा वाले व हानिकारक हैं। इन पौधों से हवा पानी भूमि प्रदूषित हो रही है एवं प्राणियों के स्वास्थ्य शरीर मन पर गम्भीर दुष्प्रभाव हो रहे हैं। भारत में जो भी विदेशी पौधे लगाये जा रहे हैं उन्हें लगाने के पूर्व वनस्पति वैज्ञानिकों द्वारा प्रयोगशाला में इनकी विधिवत जांच की जानी चाहिये और उसके बाद ही कोई पौधा भारत की धरती पर लगाने की अनुमति दी जानी चाहिये। उक्त के साथ ही देश की खाद्य सुरक्षा को प्रभावित किए बिना सिंचाई स्तर पर पानी के उपयोग को नियंत्रित करना आवश्यक है। ड्रिप एवं स्प्रिंक्लर तकनीक को प्रभावी ढंग से लागू करके प्रति एकड़ सिंचाई के लिए पानी की खपत में 40 प्रतिशत तक की कमी की जा सकती है। ऐसी फसलें जिन्हें लेने में पानी की अधिक आवश्यकता पड़ती है जैसे गन्ने एवं अंगूर की खेती आदि को पानी की कमी वाले इलाकों में धीरे-धीरे कम करते जाना चाहिए और इन्हें देश के उन भागों में स्थानांतरित कर देना चाहिए जहां हर वर्ष अधिक वर्षा के कारण बाढ़ की स्थिति निर्मित हो जाती है। उदाहरण के तौर पर गन्ने की फसल को महाराष्ट्र एवं उत्तरप्रदेश से बिहार की ओर स्थानांतरित किया जा सकता है। देश की विभिन्न नदियों को जोड़ने के प्रयास भी प्रारम्भ किए जाने चाहिए जिससे देश के एक भाग में बाढ़ एवं दूसरे भाग में सूखे की स्थिति से भी निपटा जा सके। विभिन्न स्तरों पर पाइप लाइन में रिसाव से बहुत सारे पानी का अपव्यय हो जाता है इस तरह के रिसाव को रोकने हेतु भी सरकार को गम्भीर प्रयास करने चाहिए। आज आवश्यकता इस बात की भी है कि हम घर में कई छोटे छोटे कार्यों पर ध्यान देकर भी पानी की भारी बचत करें। जैसे दांतों पर ब्रश करते समय सीधे नल से पानी लेने के बजाय एक डब्बे में पानी भरकर ब्रश करें शेव करते समय चालू नल के इस्तेमाल की जगह एक डब्बे में पानी भरकर शेव करें स्नान करते समय शॉवर का इस्तेमाल न करके बालटी में पानी भरकर स्नान करें घर में कपड़े धोते समय नल के पानी को चालू रखते हुए कपड़े धोने के स्थान पर बालटी में पान भरकर कपड़े धोएं एवं (1) टोईलेट में फ्लश की जगह पर बालटी में पानी का इस्तेमाल करें। एक अनुमान के अनुसार इन सभी छोटे छोटे कार्यों पर ध्यान देकर प्रति परिवार प्रतिदिन 300 लीटर से अधिक पानी की बचत की जा सकती है।

# फेशियल कराने के बाद ऐसा कदापि न करें

खूबसूरती निखारने के लिए महिलाएं आमतौर पर फेशियल कराती हैं लेकिन क्या आप जानती हैं फेशियल कराने के बाद आपको बहुत सारी बातों का खास ख्याल रखना होता है। अगर नहीं जानतीं तो जान लें क्योंकि आपकी छोटी सी गलती आपके निखार को बेकार कर सकती है। आइए जानते हैं फेशियल के बाद क्या न करें।



**मेकअप**

फेशियल करवाने के तुरंत बाद मेकअप नहीं करना चाहिए। दरअसल फेशियल करवाने के बाद त्वचा के रोम छिद्र खुल जाते हैं और ऐसे में अगर आप फेशियल के बाद मेकअप करते हैं तो इसमें मौजूद कैमिकल स्किन में चले जाते हैं। इससे आपकी सेहत पर बुरा असर पड़ सकता है इसलिए फेशियल करवाने के बाद कम से कम 72 घंटे तक मेकअप से दूर रहें।

**मुंह ना धोएं**

फेशियल करवाने के 4 घंटे तक फेसवॉश नहीं करना चाहिए। अपनी त्वचा को फेशियल में इस्तेमाल किए गए प्रोडक्ट्स के फायदों को सोखने दीजिए। अगर चेहरा रूखा लग रहा हो तो फेस पर मिस्ट का इस्तेमाल करें और यदि चेहरा ऑयली हो रहा हो तो चेहरे पर ठंडे पानी के छींटे मार लें।

**थ्रेडिंग**

अगर आप कभी पार्लर जाती हैं और आपको फेशियल और थ्रेडिंग दोनों करवाने हैं तो कभी भी फेशियल पहले कराने की गलती न करें।

**चेहरे पर वैक्सिंग न करवाएं**

कभी भी फेशियल करवाने के तरंत बाद चेहरे पर अपर लिप्स करवाने के लिए वैक्सिंग न करवाएं। बता दें फेशियल के बाद चेहरे की सबसे ऊपरी त्वचा बहुत मुलायम और संवेदनशील हो जाती है और वैक्स करने से उस पर बुरा असर पड़ सकता है।

**स्क्रब ना करें**

अगर आपने फेशियल करवाया है तो चेहरे पर स्क्रबर का इस्तेमाल करने से बचे। याद रखें कि फेशियल करवाने के तीन दिन तक स्क्रब का इस्तेमाल करने से बचें।

**इस प्रकार सुंदर और लंबे होंगे नाखून** - लड़कियों को लंबे-लंबे नाखून रखना पसंद होता है लेकिन इन्हें लंबा करना कोई आसान काम नहीं होता। अगर आसान होता तो हर किसी के हाथ में लंबे नाखून देखने को मिलते। कई लड़कियों के नाखून लंबे होते है तो सुंदर नहीं होते। नाखूनों को सुंदर और लंबा इस प्रकार बनायें। बहुत सारी महिलाओं के नाखून बढ़ते तो हैं लेकिन कमजोर होने के चलते जल्दी टूट जाते हैं। ऐसा हमारे शरीर में पोषक तत्वों की कमी के कारण होता है इसलिए सबसे पहले आपको अपनी डाइट में बदलाव करना होगा। आपको कुछ ऐसी चीजों को अपनी डाइट में शामिल करना होगा जिनसे आपको पोषक तत्व मिलें।

संतरे का रस-संतरे के रस को दस मिनट तक अपने नाखूनों पर लगाएं। इसके बाद अपने हाथों को गुनगुने पानी से धो लें। कुछ दिन तक ऐसा करने से आपके नाखून कुछ दिनों में बढ़ने लगेंगे।

ऑलिव ऑयल-नाखून लंबे करने के लिए रोजाना ऑलिव ऑयल से नाखूनों की मालिश करें। विटामिन ई से भरपूर ऑलिव ऑयल नाखूनों को पोषण प्रदान करता है और खून का फ्लो नाखूनों तक बढ़ाता है जिससे नाखून तेजी से बढ़ना शुरु हो जाते हैं।

लहसुन-नाखूनों को बढ़ाने के लिए लहसुन एक बेहतरीन उपाय माना जाता है। लहसुन को दो टुकड़ों में काट कर उसे 10 मिनट तक अपने नाखूनों पर रगड़ें। ऐसा करने से आपके नाखून कुछ ही दिनों में अच्छे खासे बढ़ जाएंगे।

# शादी के समय दुल्हन इस प्रकार करे तैयारी

शादी के समय सबके आकर्षण का केन्द्र दुल्हन रहती है। ऐसे में इस दिन सबसे खूबसूरत नजर आने के लिए आपको कुछ बातों का ध्यान रखना होगा।



शादी से पहले- रोज़ाना के हिसाब से अपना लक्ष्य बनाएं। सामान्य रूप से रोज़ाना 1200 से 1500 कैलरी तक लेते हैं पर ध्यान रखें कि दिन भर में कम से कम तीन मेन मील्स और दो स्मॉल मील स्नैक्स फल नट्स स्टीम्ड और फर्मेंटेड फूड जरूर लें।

शादी से पहले चाहे कितनी भी दौड़भाग हो पर नाश्ता और खाना समय पर खायें। डाइट में पर्याप्त प्रोटीन के साथ सही मात्रा में कार्बोहाइड्रेट होना जरूरी है। फिट रहने के चक्कर में कुछ लोग रोटी नहीं खाते ऐसा न करें। शॉपिंग के लिए घर से निकलते वक्त साथ में बादाम पंपकिन सीड्स या फ्लैक्स सीड्स ज़रूर रखें। इससे आपको गुड फैट प्रोटीन और हाई फाइबर मिलेगा। सुबह की शुरुआत ग्रीन टी एक केले या सेब के साथ करें। नाश्ते में केला और बादाम (दही के साथ) लें या सलाद के साथ 2 उबले अंडे लें। स्टफ्ड पनीर रोटी एग व्हाइट मशरूम और पालक में से किसी एक चीज़ को अपने मील में जरूर शामिल करें। वेजिटेबल सूप या रात में गर्म दूध पिएं।

**रोज़ाना 3-4 लीटर पानी पिएं।**

मसालेदार व फाइड फूड्स से परहेज़ करें। संतुलित डाइट के लिए ज़रूरी चीजें हैं- फल जूस दूध अंडे नट्स और होल ग्रेन। दोपहर के खाने में सब्ज़ी दाल/ चिकेन या मछली को रोटी या चावल के साथ लें।

**शाम को छाछ सूप स्प्राउट्स या पीनट्स खाएं।**

रात में ग्रिल की हुई सब्ज़ी या ब्राउन राइस से बनी एक कटोरी खिचड़ी लें। आप चाहें तो वेज दलिया भी ले सकते हैं।

लो फैट मिल्क प्रोडक्ट्स को प्राथमिकता दें। एल्कोहॉल और धूम्रपान से दूर रहें। कैलरी में कटौती करना चाहते हैं तो सबसे पहले चीनी आइसक्रीम केक चॉकलेट कुकीज़ पेस्ट्री और प्रोसेस्ड फूड को अपने डाइट से हटाएं।

**त्वचा की देखभाल**

स्किन केयर रूटीन के लिए दुलहन को 6 हफ्ते पहले से कुछ बातों का ध्यान रखना चाहिए जिससे शादी के दिन स्किन चमकती फ्रेश और साफ नज़र आए।

चौथे और छठे हफ्ते में डीप क्लींजिंग फेशियल करवाएं जिससे टैनिंग और गंदगी को स्किन से दूर रखा जा सके।

दिन में कम से कम दो बार अपने चेहरे और शरीर पर मॉइश्चराइज़र लगाएं।

कोहनी घुटनों पैरों और हाथों पर कोल्ड क्रीम लगाकर हर रात इनकी सफाई करें जिससे इन पर कालापन न आए।

हर हफ्ते एक होममेड पैक या फेस मास्क ज़रूर लगाएं। अगर आपकी त्वचा सामान्य है तो एक टीस्पून आटा चुटकी भर हल्दी पाउडर दो-तीन बूंदे नींबू के रस की 1/2 टीस्पून दूध का लेप बनाकर आधे घंटे के लिए चेहरे गर्दन और हाथों पर लगाएं। इसे सूखने पर धोएं। इससे त्वचा निखर जाएगी।पिंपल और एक्ने हटाने के लिए पुदीने के पत्तों का पेस्ट बना लें और रात में अपने चेहरे पर लगा लें। इसे सुबह धो लें। अगर आपकी स्किन ऑयली है तो मुलतानी मिट्टी में गुलाबजल डालकर पतला पेस्ट बनाएं। इसे चेहरे पर लगाकर पूरी तरह सूखने दें और फिर धो लें।

एक टीस्पून चंदन पाउडर और गुलाबजल का पेस्ट बनाकर चेहरे और गर्दन पर लगा लें। सूखने पर धो दें।

ड्राई स्किन के लिए एक टीस्पून मिल्क पाउडर में नींबू की कुछ बूंदें डालकर एक घोल बना लें। अपने चेहरे और गर्दन पर इसे लगाएं। 20 मिनट बाद धो दें।

बॉडी वैक्स करा सकते हैं लेकिन पहले त्वचा की संवेदनशीलता का टेस्ट करा लें। ऐसा एक्सपर्ट से कराएं।असुविधा न हो तो बिकिनी वैक्स भी कराएं। सलॉन में जाकर 3-4 लुक खुद पर आज़माकर देख लें। अगर आपको उनमें से कोई पसंद न आए तो किसी और पैकेज का चुनाव करें।

सलॉन जाकर हाइड्रेटिंग फेशियल लें। सिर और बॉडी का मसाज मेनिक्योर व पेडिक्योर कराएं। आराम करें और भरपूर नींद लें। शॉवर लेने से पहले मिल्क स्क्रब लगाएं। कॉटन बॉल्स को दूध में भिगोकर स्क्रब करें। दूध त्वचा को हाइड्रेट करता है और टैनिंग दूर करके त्वचा को नमी प्रदान करता है।

आईब्रोज़ को सही आकार दें। इन्हें मोटा या पतला करना चाहती हैं तो अभी कर लें।

अगर त्वचा ऑयली है तो दो से तीन बार ऑयल फ्री मॉइश्चराइज़र फेसवॉश से चेहरा धोएं। फेशियल सूट न करे तो हर पंद्रह दिन में क्लीन-अप करवाती रहें। अगर त्वचा रूखी है तो सोप एल्कोहॉल बेस्ड क्लीज़र व स्क्रब का इस्तेमाल न करें। सिर्फ दूध से बने मॉइश्चराइज़र या क्रीम का इस्तेमाल करें।

**चेहरे के इन बदलावों को न करें नजरअंदाज**

चेहरा हमारे व्यक्तित्व के साथ-साथ हमारी सेहत का भी आईना होता है। चेहरे को देखकर पहचाना जा सकता है कि व्यक्ति कितना स्वस्थ है। व्यक्ति का चेहरा कई बीमारियों का संकेत देता है। सूखे होंठ- खुश्क होंठ और त्वचा शरीर के डीहाइड्रेट होने की ओर संकेत करता है। अगर आपके होंठ हर मौसम में खुश्क रहते हैं तो डायबिटीज और हाइपोथाइरॉडिज्म की भी जांच कराएं। चेहरे पर बाल- कई महिलाओं कि ठोडी और होंठों के ऊपर बाल होते हैं। ये शरीर में हार्मोन का संतुलन बिगड़ने की वजह से होता है। चेहरे का पीला पड़ना- अगर आपके चेहरे की रंगत में बदलाव हो रहे हैं और आपका चेहरा पीला पड़ने लगा है तो ये शरीर में खून की कमी के कारण होता है। शरीर पर लाल चकत्ते पड़ना- चेहरे पर लाल रंग के चकत्ते पड़ने का मतलब है कि आपको पेट संबंधी समस्या है। बालों का अधिक झड़ना- ज्यादातर लोग झड़ते बालों की समस्या से परेशान रहते हैं लेकिन अगर सिर के बालों के साथ आपकी आइब्रो और पलकों के बाल भी झड़ रहे हैं तो इसे नजरअंदाज न करें। विशेषज्ञों के मुताबिक ऐसा अधिक तनाव या ऑटोइम्यून बीमारी के कारण होता है।

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024


# Can India help its special ally Bangladesh defuse the crisis?

The dramatic resignation of Bangladeshís long-serving prime minister Sheikh Hasina and her flight to India ironically underscore the close ties between the two countries.

Ms Hasina ruled Bangladesh, a nation of 170 million, for close to 15 years until a protest by students to abolish civil service quotas snowballed into a broader and violent anti-government movement. At least 280 people have died in clashes between police and anti-government protesters so far.

Back in June, Ms Hasina visited India twice in two weeks.

Her first visit was to attend Indian Prime Minister Narendra Modiís oath-taking ceremony. After that, she made a two-day state visit, the first by a head of government to India after Mr Modiís Bharatiya Janata Party-led coalitionís third consecutive victory in parliamentary elections.



ìWe have met 10 times in the last one year. However, this meeting is special because Sheikh Hasina is the first state guest after the third term of our government,î Mr Modi said at a joint news conference.

The bonhomie was unmistakable. ìBangladesh greatly values its relations with India,î said Ms Hasina. ìCome to Bangladesh to witness what all we have done and plan to doî.

India has a special relationship with Bangladesh. The neighbours share a 4,096km (2,545 miles)-border and linguistic, economic and cultural ties. Bangladesh, formerly East Pakistan, was born after a war in 1971 with West Pakistan (now Pakistan), with India supporting Bengali nationalists. Bilateral trade between the two countries is around $16bn (£12bn), with India being Bangladeshís top export destination in Asia.

To be sure, the ties are not perfect: differences arise over Bangladeshís close relationship with China, border security, migration issues and some Bangladeshi officialsí discomfort with Mr Modiís Hindu nationalist politics. After Ms Hasinaís resignation, Bangladeshís army chief Waker-uz-Zaman has announced plans for an interim government. He will meet President Mohammed Shahabuddin and reports say heís hoping for a solution by the dayís end after speaking with opposition parties, led by the Bangladesh Nationalist Party (BNP). Leadership of the interim government remains unclear.

So far, India has only described the violent protests as an ìinternal matterî of Bangladesh. Can it say - and do - more about the unfolding developments?

ìNOTHING. Nothing for now,î wrote Happymon Jacob, an Indian foreign policy expert, on X (formerly Twitter) on what India should be doing.

ìIt is still unfolding. And, itís not about India; itís about politics in Bangladesh. Let them figure it out.î

Michael Kugelman of the Wilson Center, an American think-tank, believes Ms Hasinaís resignation and flight are ìclose to a worst-case scenario for India, as it has long viewed any alternative to Ms Hasina and her party as a threat to Indian interestsî.

Mr Kugelman told the BBC that Delhi will likely reach out to Bangladeshís military to convey its concerns and hope its interests are taken into account in an interim government.

ìBeyond that, India will have to watch and wait nervously. It may support free and fair elections in the interest of stability, but it doesnít want the BNP - even if it has grown weak and divided - to return. Delhi likely wouldnít oppose a long period of interim rule for that reason.îMs Hasinaís sudden downfall would have caught her allies off guard. The daughter of Bangladeshís founding president and the worldís longest-serving female head of government, Ms Hasina led her country for nearly 15 years. She had overseen one of the worldís fastest-growing economies and a major boost in living standards in South Asia.

But her rule had also been marked by accusations of forced disappearances, extrajudicial killings and repression of the opposition. She and her party Awami League denied these charges, while her government blamed opposition parties for fuelling protests. In January, Ms Hasina won her fourth consecutive term in a controversial election. The opposition BNP boycotted the vote, and allegations of a rigged poll were compounded by mass arrests of its leaders and supporters.

Some of the anti-India sentiment in Bangladesh stems from Indiaís support for Ms Hasinaís government, which critics view as interference in domestic politics. Historical grievances and accusations of overreach also contribute to some of the negative perception. Ali Riaz, a Bangladeshi-American political scientist at Illinois State University, told the BBC that Indiaís silence is ìnot surprising as it has been the principal backer of the Hasina government for the past 14 years and practically contributed to the erosion of democracy in Bangladeshî.



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024


# India Association of Long Island gives New T-Shirts for Needy Kids



Hicksville, NY - August 6, 2024 - The India Association of Long Island (IALI) has given over 1500 New T. Shirts for needy kids just before the start of the school year. The project of IALI was led by Project Chair Mukesh Modi with President Pradeep Tandon and co-chaired Shahi Goyal & Vinod Goyal.

These New T. Shirts were given to Robers F. Eslick the founder and ceo of Kids helping Kids, Sunita Manjarekar Director of Employment Programs for Nassau County Dept of Social Services. Mr. Zahid Syed Executive Director of community affairs at Town of Hempstead and Prafulba Vaghela for the Suffolk county needy kids

The event started by IALI secretary Neeru Bhambri welcoming followed by IALI president Pradeep Tandon he mention that this is initiative embodies the spirit of community, generosity, and care. Every child deserves to feel valued and supported, and today, we are taking a small but significant step toward that goal. These T-shirts symbolize our commitment to ensuring that every child feels seen and cared for.

Under the dynamic leadership of Mukesh Modi, IALI has organized the distribution of over 1,500 new Kids T-shirts for needy children.

President Pradeep Tandon also remarked, "I want to extend my heartfelt appreciation to Mukesh ji for his incredible efforts in organizing this project. His dedication and hard work have made a significant impact on many lives. Thanks to his compassion, the children will have new T-shirts, bringing smiles to their faces and warmth to their hearts. Mukesh ji's commitment to making a difference in the community is truly inspiring and serves as a wonderful example of kindness and generosity.

We also extend our heartfelt thanks to everyone who contributed to this giveaway. Your generosity has made it possible to bring joy to many children today.

To the children receiving these T-shirts, know that you are important to us. We hope these T-shirts bring you joy and remind you that you are part of a community that cares deeply about you."

"We are excited to roll out this project," said Mukesh Modi. "Our mission is to not only show appreciation to our community members but also to enhance the visibility and unity of our vibrant Indian American community."

Mukesh Modi gave shout out for Sushma ji Loomba, she was very helpful in raising the fund with her help IALI could donate more T. Shirts for needy kids.

The giveaway benefitted organizations, ensuring that needy children from different areas can benefit from this initiative. This project highlights IALI's dedication to community engagement, cultural celebration, and social responsibility. By distributing these T-shirts, IALI hopes to not only provide a useful item but also to inspire a sense of belonging and community pride.

Mr. Robert F Eslick founder of Kids helping Kids said these T. Shirts will be used for fall for all the needy children, he has distributed more than millions apparel to needy kids. Roberts thanked to IALI for this amazing event.

Sunita Manjarekar Director of Employment Programs for Nassau County Dept of Social Services mentioned there are 1500 family are homelss in Nassau county, she thanked to IALI for T. Shirts and said these T shirts will be given to Foster care kids and the kids who lives in shelter.

The event where the T. Shirts were handed out was attended by Mr. Robert F Eslick with his founder of Kids helping Kids with his partner Bill, Sunita Manjarekar Director of Employment Programs for Nassau County Dept of Social Services. Prafulba Vaghela from Suffolk county. Other attended were Vice President Mr. Sushil Khanna, Treasurer Anjana Kashyap and many members of IALI with some community guests.

**About IALI**

The India Association of Long Island (IALI) is dedicated to fostering a strong, inclusive, and engaged Indian American community on Long Island. Through various programs and events, IALI aims to promote cultural heritage, community service, and civic engagement.

# US charges Pakistani man with ties to Iran in alleged plot to assassinate Trump

**In June, Asif travelled to New York for the purpose of meeting a man whom he believed he was hiring to conduct the killings of Donald Trump and others. He even paid a $5,000 advance to two would-be assassins, who were actually undercover law enforcement officials.**

A Pakistani man with links to Iran has been charged in a conspiracy to carry out political assassinations on US soil, including Republican nominee Donald Trump and other leaders.



The case of murder-for-hire was disclosed by the US Justice Department on Tuesday. FBI director Christopher Wray called the scheme a "dangerous murder-for-hire plot... straight out of the Iranian playbook.". According to the justice department's indictment, Merchant arrived in the US from Pakistan after spending some time in Iran.

In June, Asif travelled to New York for the purpose of meeting a man whom he believed he was hiring to conduct the killings. He even paid a $5,000 advance to two would-be assassins, who were actually undercover law enforcement officials, the news agency Associated Press reported while citing federal officers.

As he was planning to leave the US, he was arrested last month. Before leaving, he told the would-be assassins that he would provide further instructions, including the names of the targets, in August and September after he returned to Pakistan.

While the indictment does not mention Donald Trump's name, sources cited by CBS stated that the Republican nominee was one of the intended targets. After US authorities learned about the Iranian plot to assassinate Donald Trump, the security of the former US President was increased. "A foreign-directed plot to kill a public official, or any US citizen, is a threat to our national security and will be met with the full might and resources of the FBI," Christopher Wray was quoted as saying by the BBC in its report.

This came a month after 20-year-old Thomas Mathhew Crooks tried to assassinate the former president at an election rally in Butler, Pennsylvania. However, in the justice department's indictment, no link to the July 13 assassination attempt has been mentioned.

# Emerging Careers in Artificial intelligence Ethics & Compliances

**Vijay Garg**
**Retired Principal Educational columnist malout**




The significance of AI (Artificial Intelligence) is rapidly transforming the industries and reshaping the future while bringing out the importance of its ethics and compliance. A career in AI Ethics and Compliance ensures that AI technologies are developed and deployed responsibly, that complies with social norms, ethical standards, and legal requirements. This article highlights some of the promising prospects and career paths in AI Ethics and Compliance, skills required, including roles and responsibilities and reasons behind its demand.

**Professions in AI Ethics and Compliance**

**1. AI Ethics Consultant**

They are experts in counselling companies on the ethics in AI implications and their AI systems. They assist businesses in navigating through the complex landscape of the ethical usage of AI accidentally perpetuate bias, violate privacy or cause any harm. Consultants can create ethical rules, conduct audits involving ethics, and provide recommendations for enhancing AI procedures.

Skills Required: To be an AI Ethics Consultant you need to have a strong knowledge of AI technologies and their impacts. Secondly, you should have the proficiency in philosophy and ethical theory, you will also have to be familiar with regulatory frameworks and compliance norms and finally you need to have excellent communication capabilities and analytical skills.

Education: To become an AI Ethics Consultant, you need to have knowledge in Computer Science, Ethics, Law, or in a related field. Degrees such as Masters, PhD in Ethics or Artificial Intelligence can be useful. Acquiring experience from internships, research or from previous companies can prove to be beneficial.

**2. AI Compliance Officer**

AI Compliance Officer ensure that organizations follow all legal and regulations encompassing AI. This could include monitoring application of industry rules, company policies, and protection laws concerning data. Some of them may participate in the development of compliance frameworks and carrying out internal audits.

**Skills Required:** You need to have deep knowledge about the regulations of AI and data protection laws. Besides, you need to familiar with industry standards, like ISO, CCPA, and GDPR, should have excellent analytical and organizational skills, and ability to implement and interpret complicated rules in real-life situations.

**Education:** The post will require a background in law, regulatory affairs, or compliance. In addition, one needs to have great knowledge about AI technologies. Professional qualifications in data protection or compliance may present advantages in the search for employment. Previous experience in legal or regulatory positions would also be useful, especially in the IT or AI industries themselves.

**3. AI Ethics Researcher**

AI ethics researchers carry out studies and experiments concerning the effects of such ethical problems regarding AI systems. They write articles, contribute scholarly research, and insight toward the achievement of best practices and ethical standards.

**Required Skills:** You should have knowledge about AI technology, philosophy and ethic theory and strong analytic and research capabilities including you should have the ability to design, organize and carry out research projects and finally you need to have the ability to write up and publish research findings.

**Education:** An AI ethics researcher would normally require an advanced degree, such as a Master's or Ph.D. in ethics, philosophy, AI, or a related discipline. The individual must have experience in the academic or research domain with publications or peer-reviewed journal papers. Collaborative experiences with think tanks or research institutes may prove very useful.

**4. AI Ethics Researcher**

Researchers in ethics for AI do this by investigating and testing these AI systems for their consequences. They publish articles and make scholarly research contributions with insights that support the making of best practices and ethical norms.

**Required Skills:** You need to have knowledge of AI technology, philosophy, and ethical theory, solid analytical and research skills, have the ability to plan, organize, conduct research projects, and finally you need to have the ability to write up and publish the results of a study.

**Education:** An AI ethics researcher would typically need an advanced degree, such as a Master's or Ph.D. degree, in Ethics, Philosophy, AI, or any other related area. Experience in academia or research is often required, further detailed by peer-reviewed journal papers. The research collaboration with think tanks or research institutes also adds up to bring valuable experiences.

**5. AI Fairness Engineer**

The fairness engineers are responsible for ensuring that recommended AI systems are developed and deployed in ways that minimize bias and are fair to all. The responsibilities include developing algorithms that identify and reduce bias, fairness audits, and solution development for fair outcomes.

**Skills Required:** You need to be proficient in AI and Machine learning technologies, you should know strategies for prejudice reduction and fairness, skilled in data analysis and programming skills, and finally you need to have the ability to work in multidisciplinary teams.

**Education:** The incumbent for this will require familiarity with computer science, data science, or engineering with a basic understanding of machine learning and fairness. Advanced degrees in data science, machine learning, or AI could be advantageous. Experience in developing or evaluating AI systems for fairness could be helpful.

**6. AI Transparency Specialist**

AI transparency experts are charged with increasing the accountability and understandability of AI systems and making the AI decision-making process transparent and intelligible to all relevant stakeholders. This includes creating clear documentation and developing approaches for interpretability.

**Required Skills:** You need to have experience with interpretability techniques and AI technologies, excellent documentation and communication skills, experience in collaboration with technical and non-technical stakeholders, including understanding of accountability and transparency frameworks.

**Education:** Basically, it takes experience in designing or implementing interpretability approaches and a background in computer science, artificial intelligence, or some related field to take up the role of an AI transparency specialist. Certifications or graduate degrees in data science or artificial intelligence can be useful. Prior experience in technical writing or similar positions where technical communication occurred is also useful.

**7. Ethical AI Product Manager**

AI Product Managers ensure that, throughout their time to live, the development of their AI products is in accordance with ethical guidelines and compliance standards. They partner with engineering, design, and compliance teams to ensure that ethical considerations are aligned in the development and deployment of the products.

**Required Skills:** In this profession you need to have experience in product management, especially in tech or AI sectors, strong knowledge of AI technologies and ethical considerations, excellent project management and coordination skills, and ability to balance ethical concerns against business objectives.

**Education:** Advanced degrees or certifications in AI, Ethics, or Business Management can be useful. Besides, gaining experience in the management of Artificial Intelligence projects or products and good knowledge of ethical issues.

**8. AI Safety Engineer**

AI Safety Engineers design safety in AI systems and ensure their reliable operation. This will include the development of safety procedures, analysis of risks associated with its deployment, and design of systems to forestall harmful outcomes or effects that may crop up unintentionally.

**Skills Required:** You need to have knowledge of AI technologies and safety engineering, strong problem-solving and analytical skills, ability to design and implement safety protocols, have knowledge of risk assessment and management techniques

**Education:** The AI safety development engineer shall have a background in computer science, engineering, or related fields, with experience in AI and safety engineering. Advanced degrees or certifications in AI safety or risk management will be advantageous. Experience in developing or auditing safety protocols for AI systems will also be desirable.

**Conclusion**

Ethics and Compliance with AI is a developing field and a critical frontier in the technology industry. This might, in particular, be so as current AI systems find increasing applications in almost every walk of life and therefore, due to this, the demand for professionals sailing through the complex landscape of ethics and regulatory requirements would only increase. AI ethics and compliance careers are significant, not just because they go straight to the heart of ensuring that AI technologies are developed and deployed responsibly, but also since they afford human beings the opportunity to shape future technology in a fashion befitting human values and social mores.

The roles within this field are numerous and varied, changing into an ethical AI officer and compliance analyst, much like the character of AI itself. As the awareness in organizations towards matters of ethics and compliance in the development of AI increases, such professionals will be major drivers for building trust, transparency, and accountability in AI systems. This new career avenue brings great professional growth and impact but underlines the much-needed human touch in guiding technological advancements towards betterment.

# Kamala Harris campaigns with Veep pick Tim Walz, Trump's 'most radical left' jab

**US Vice President Kamala Harris campaigned with her Democratic running mate Tim Walz together for the first time in Pennsylvania, since naming him as her No 2. Former President Donald Trump called them the "most radical left duo in American history".**



US Vice President and Democratic presidential nominee Kamala Harris on Tuesday (local time) was all praise for her running mate Tim Walz, highlighting his proven record as Minnesota Governor and Army National Guard. She said that Walz would inspire people to dream big.

Speaking at a rally in Philadelphia in Pennsylvania, one of the battleground states, Harris, with Walz standing next to her, said, "Heís the kind of person who makes people feel like they belong and then inspires them to dream big. Thatís the kind of vice president America deserves."

US Vice President and Democratic presidential nominee Kamala Harris on Tuesday (local time) was all praise for her running mate Tim Walz, highlighting his proven record as Minnesota Governor and Army National Guard. She said that Walz would inspire people to dream big.

Speaking at a rally in Philadelphia in Pennsylvania, one of the battleground states, Harris, with Walz standing next to her, said, "Heís the kind of person who makes people feel like they belong and then inspires them to dream big. Thatís the kind of vice president America deserves."

During the rally, Harris, the first Black woman and person of South Asian descent to lead a major party ticket, mentioned Walz as a husband, father, coach, veteran, congressman, governor. She predicted that he was set to earn one more title after the November 5 election and that was the 'Vice President of the US'.

On his part, Walz revved up the crowd and said they had a lot of work to do. He said it was time to unite and defeat former US President and Harris's Republican rival Donald Trump. "Weíve got 91 days. My God, thatís easy. Weíll sleep when weíre dead," he said. Mentioning his background, Walz described his upbringing in a small town in Nebraska, his 24-year tenure in the Army National Guard and his past careers as a high school social studies teacher and football coach. Slamming Trump, Walz accused him of causing chaos and division during his presidency from 2017 to 2021. "He (Trump) mocks our laws, he sows chaos and division, and that's to say nothing of his record as president. He froze in the face of the Covid-19 crisis. He drove our economy into the ground and make no mistake, violent crime was up under Donald Trump. That's not even counting the crimes he committed," he said.

He also criticised Republicans for pursuing curbs on women's reproductive rights, an issue that has plagued Republicans since the 2022 Supreme Court ruling that put an end to women's constitutional right to abortion. "Even if we wouldn't make the same choice for ourselves, there's a golden rule: mind your own damn business!" he said. Since Walz was named by Harris as her running mate, the Vice President's campaign has raised over $20 million. Meanwhile, the Trump campaign called Walz a "far-left liberal". The same sentiment was voiced by Trump himself, who described Harris and Walz as "the most radical left duo in American history". "Itís no surprise that San Francisco Liberal Kamala Harris wants West Coast wannabe Tim Walz as her running-mate ñ Walz has spent his governorship trying to reshape Minnesota in the image of the Golden State," Trumpís campaign press secretary Karoline Leavitt.

# US Supreme Court rejects bid to lift Trump's gag order in hush money case




The Supreme Court on Monday shut down a long-shot push from Missouri to remove a gag order in former President Donald Trumpís hush-money case and delay his sentencing in New York.

The Missouri attorney general went to the high court with the unusual request to sue New York after the justices granted Trump broad immunity from prosecution in a separate case filed in Washington.

The order states that Justices Clarence Thomas and Samuel Alito would have allowed Republican Andrew Bailey to file the suit, though not grant his push to quickly lift the gag order and delay sentencing.

Bailey argued the New York gag order, which Missouri wanted stayed until after the election, wrongly limits what the GOP presidential nominee can say on the campaign trail around the country, and Trumpís eventual sentence could affect his ability to travel.

ìThe actions by New York have created constitutional harms that threaten to infringe the rights of Missouriís voters and electors,î he wrote. Bailey railed against the charges as politically motivated as he framed the issue as a conflict between two states. While the Supreme Court typically hears appeals, it can act as a trial court in state conflicts. Those disputes, though, typically deal with shared borders or rivers that cross state lines. New York, meanwhile, said the limited gag order does allow Trump to talk about the issues important to voters, and the sentence may not affect his movement at all.

Democratic New York Attorney General Letitia James argued that appeals are moving through state courts and thereís no state-on-state conflict that would allow the Supreme Court to weigh in at this point. ìAllowing Missouri to file this suit for such relief against New York would permit an extraordinary and dangerous end-run around former President Trumpís ongoing state court proceedings,î she wrote.

Trump is under a gag order imposed at trial after prosecutors raised concerns about Trumpís habit of attacking people involved in his cases. It was modified after his conviction, though, to allow him to comment publicly about witnesses and jurors. He remains barred from disclosing the identities or addresses of individual jurors, and from commenting about court staffers, the prosecution team and their families until he is sentenced.

# US-Japan alliance poses nuclear threats to neighbours: Russian ambassador

New York : Russian Ambassador to Japan Nikolay Nozdrev said that the US-Japan alliance is posing a nuclear threat to Japanís regional neighbours.During an interview with Russiaís TASS News Agency, Nozdrev noted that Washington and Tokyo are rapidly strengthening the military component of their alliance, including the ongoing formation of deeply integrated command structures, the enhancement of Japanís Self-Defence Forcesí strike capabilities, and the merging of the defence industries of the two countries, news agency reported.

According to Nozdrev, recent discussions among allies about the expanded role of deterrence, which includes the use of nuclear weapons in joint operations, are strongly supported by Japanese Prime Minister Fumio Kishidaís administration.

Nozdrev said these actions are ìparticularly cynicalî given the approaching anniversary of the atomic bombings of Hiroshima and Nagasaki. He criticised Japanís leadership for not only ignoring the fact that the United States conducted these lethal bombings but also for showing a willingness to collaborate with the United States on nuclear planning. The comments follow a joint statement issued last month between US and Japanese officials in Tokyo. The statement marks the first time that the United States has documented its commitment to defend Japan against potential external threats using methods that include nuclear weapons. US Defence Secretary Lloyd Austin emphasised the ìunwavering commitmentî of the United States to Japanís defence, including the use of extended deterrence involving both conventional and nuclear arms.

# Indian student who built career on lies reaches plea deal in US, to be deported

**A Reddit post, titled 'I have built my life and career on lies', revealed Aryan Anand, a 19-year-old Indian student, submitted fake documents, claiming his father had died, to gain admission and a full scholarship at Lehigh University in Pennsylvania, US. He admitted to forgery and agreed to return to India as part of a plea deal.**



A 19-year-old Indian student, Aryan Anand, has reached a plea deal with American authorities after being charged with falsifying records to gain admission to Lehigh University in Pennsylvania. Anand, who submitted fake documents to secure his place for the 2023-2024 academic year, will now return to India under the terms of the agreement.

Anand has been expelled and will be deported after it was revealed that his entire application, including documents for a full scholarship, was fraudulent. His deception came to light after he posted on Reddit under the title "I have built my life and career on lies", detailing his fraudulent activities. The post prompted an investigation, which began on April 26 when a Reddit monitor notified Lehighís Admissions Department. The user 'u/transportationOK4728' was found to be Anand, who had outlined his scheme in the now-deleted post. He had even faked his father's death to obtain the scholarship, according to a report in Lehigh University's newspaper, The Brown and White.

Anand enroled at Lehigh University in Bethlehem, Pennsylvania, in August 2023 as a first-year student. However, his admission was cancelled this year after it was discovered that he had faked his father's death certificate. The report confirmed that Anand's father is alive and in India.

Magisterial District Judge Jordan Knisley arraigned Anand on June 12, setting bail at USD 25,000. Anand pleaded guilty to one count of forgery and, as part of the plea deal, was sentenced to one to three months in Northampton County Prison. His defense attorney, Molly Heidorn, noted that this "amounted to a time-served sentence."

**PLEA AGREEMENT AND DEPORTATION**

Under the plea agreement, Anand must return to India, and Lehigh University chose not to seek restitution of approximately $85,000 (approximately RS 70 Lakh).

Anand has been released to the custody of US Immigration and Customs Enforcement.

A release from the office of Northampton County's District Attorney Stephen Baratta detailed Anand's creation of a fake email address impersonating a school principal to submit a forged death certificate for his father to obtain additional financial aid, falsifying tax documentation, altering his secondary school transcripts, and creating a false "Senior School Certificate Examination".


He stated it was "all for the purpose of securing admission and financial aid to attend a university in the United States." The criminal complaint, filed by the Commonwealth of Pennsylvania on April 30, accused Anand of forgery, tampering with records, theft by deception, and theft of services.

Metadata revealed that Anand used the "iLovePDF" website to alter the death certificate and tax documents and Adobe Photoshop to modify academic documents.

Anand faced charges of second-degree felony forgery and tampering with records, third-degree felony theft by deception, and third-degree felony theft of services, according to the report.

## Tropical storm Debby brings heavy rain, tornadoes to US states, streets flooded

**Tropical storm Debby hit coastal cities in Georgia and South Carolina and submerged streets with waist-high floodwaters. As Debby swirls just offshore, heavy rain is expected to move north into parts of South and North Carolina in the next few days.**




Tropical storm Debby drenched coastal cities in Georgia and South Carolina, stirred up tornadoes and submerged streets with waist-high floodwaters on Tuesday, just the beginning of a prolonged storm that could dump staggering rain totals of up to 25 inches (64 centimetres).

Charleston and Savannah, Georgia, took the first blow, with up to a foot (30 centimetres) of rain falling along the coast between the two cities in just over 24 hours. Police blocked all roads into Charlestonís downtown peninsula to everyone but essential workers and emergency personnel. Dozens of roads were closed in the historic city because of flooding similar to what it sees several times a year because of rising sea levels. As Debby swirls just offshore, the heavy rain is expected to move north into parts of South and North Carolina that have already seen two billion-dollar floods in eight years. In one Savannah neighbourhood, firefighters used boats to evacuate some residents and waded through floodwaters to deliver bottled water and other supplies to those who refused to leave. Michael Jones said water gushed into his home on Monday evening, overturning the refrigerator and causing furniture to float. Outside, the water seemed to be everywhere and was too deep to flee safely. So, Jones spent a sleepless night on his kitchen table before firefighters going door to door came in a boat on Tuesday morning. ìIt was hell all night,î Jones said, adding, ìIt was a struggle, but God is good.î In Charleston, Mayor William Cogswell said the road closures have kept businesses and homes from unnecessary damage and avoided the need for any high-water rescues. ìWe especially donít need any yahoos driving through the water and causing damage to properties,î Cogswell said. South Carolina Governor Henry McMaster said Debby has not been as bad as feared so far, but he warned that the slow-moving storm was far from over.

## US personnel injured in rocket attack against military base in Iraq: Report



The officials were quoted by Reuters as saying that the suspected rocket attack took place at Al Asad airbase in Iraq. They said they were citing initial information which could change. Several US personnel were injured in an attack against a military base in Iraq on Monday, three US officials told Reuters, as concerns in the region mounted following last week's killing of senior members of militant groups Hamas and Hezbollah. The officials, speaking on the condition of anonymity, said the suspected rocket attack took place at Al Asad airbase in Iraq. They said they were citing initial information which could change. Base personnel are conducting a post-attack damage assessment," one of the officials added. Two Katyusha rockets on Monday were fired at the base in western Iraq, security sources said. One security source said the rockets fell inside the base. Last week the US carried out a strike in Iraq against individuals U.S. officials said were militants getting ready to launch drones and posed a threat to US and coalition forces. The US is bracing for Iran to make good on its vow to respond to the killing of Hamas leader Ismail Haniyeh two days ago in Tehran - one in a series of killings of senior figures in the Palestinian militant group as the war between Israel and Hamas in Gaza rages.

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024





### ਜਨਮ ਅਸ਼ਟਮੀ 'ਤੇ ਵਿਸ਼ੇਸ਼

# ਸਰਵਗੁਣ ਸੰਪਨ ਸਨ ਭਗਵਾਨ ਸ੍ਰੀ ਕ੍ਰਿਸ਼ਨ

ਭਗਵਾਨ ਸ਼੍ਰੀ ਕ੍ਰਿਸ਼ਨ ਦਾ ਜਨਮ ਗੋਕੁਲ, ਜਿਲ੍ਹਾ ਮਥੁਰਾ (ਯੂ.ਪੀ.) ਵਿਖੇ ਹੋਇਆ। ਸ਼੍ਰੀ ਕ੍ਰਿਸ਼ਨ ਦਵਾਪਰ ਯੁਗ ਵਿਚ ਯਸ਼ੋਧਾ ਮਾਤਾ ਦੀ ਕੁੱਖ 'ਚੋਂ ਪੈਦਾ ਹੋਏ। ਉਨ੍ਹਾਂ ਦੇ ਪਿਤਾ ਸ੍ਰੀ ਨੰਦ ਕਿਸ਼ੋਰ ਸਨ। ਗੋਕੁਲ ਪਿੰਡ ਵਿਚ ਅੱਜ ਵੀ ਕ੍ਰਿਸ਼ਨ ਭਗਵਾਨ ਦੇ ਸਮੇਂ ਦੇ ਚਿੰਨ੍ਹ ਮੌਜੂਦ ਹਨ। ਉਹ ਰੁੱਖ ਵੀ ਮੌਜੂਦ ਹੈ ਜਿਸ ਨਾਲ ਬਾਲ ਕ੍ਰਿਸ਼ਨ ਨੂੰ ਯਸ਼ੋਧਾ ਮਾਤਾ ਨੇ ਬੰਨਿਆ ਸੀ

ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਵਸ ਨੂੰ ਹੀ ਜਨਮ ਅਸ਼ਟਮੀ ਕਹਿੰਦੇ ਹਨ। ਜਿਸ ਕਾਲ ਵਿਚ ਧਰਮ ਦੇ ਸਿਧਾਂਤ ਜੀਵਨ ਵਿਚ ਚਰਿਤਾਰਥ ਨਾ ਹੋ ਕੇ ਕੇਵਲ ਪੁਸਤਕਾਂ ਵਿਚ ਹੀ ਰਹਿ ਗਏ ਸਨ ਉਸ ਕਾਲ ਵਿਚ ਕ੍ਰਿਸ਼ਨ ਦਾ ਜਨਮ ਹੋਇਆ। ਸੱਤਾ ਜਾਂ ਸੰਪਤੀ ਦੇ ਬਿਨਾਂ ਵੀ ਹਜ਼ਾਰਾਂ ਲੋਕਾਂ ਦਾ ਸੰਗਠਨ ਹੋ ਸਕਦਾ ਹੈ, ਇਹ ਉਨ੍ਹਾਂ ਦੇ ਗੋਕੁਲ ਵਿਚ ਵੈਸਾ ਸੰਗਠਨ ਕਰਕੇ ਵਿਖਾਇਆ। 'ਕਰਸ਼ਤੀ ਆਕਰਸ਼ਤੀ ਇਤੀ ਕ੍ਰਿਸ਼ਨ' ਸਲੋਕ ਮੁਤਾਬਿਕ ਜੋ ਖਿੱਚਦਾ ਹੈ, ਆਕਰਸ਼ਿਤ ਕਰਦਾ ਹੈ ਉਹ ਕ੍ਰਿਸ਼ਨ। ਕ੍ਰਿਸ਼ਨ ਨੇ ਗੋਪੋਆਂ ਨੂੰ ਇਕੱਠਾ ਕਰਕੇ ਉਨ੍ਹਾਂ ਦਾ ਪ੍ਰੇਮ ਸੰਪਾਦਨ ਕੀਤਾ। ਕ੍ਰਿਸ਼ਨ ਦੇ ਕਹਿਣ 'ਤੇ ਗੋਕੁਲ ਦੇ ਲੋਕਾਂ ਨੇ ਸਾਲਾਂ ਪੁਰਾਣੀ ਇੰਦਰ ਪੂਜਾ ਦੀ ਪਰੰਪਰਾ ਤੋੜ ਦਿੱਤੀ ਅਤੇ ਗੌਵਰਧਨ ਪੂਜਾ ਨੂੰ ਸਵੀਕਾਰ ਕੀਤਾ। ਇਸ ਘਟਨਾ ਨਾਲ ਕੰਸ, ਜਰਾਸੰਘ ਆਦਿ ਲੋਕਾਂ ਦੀ ਧਾਰਨਾ ਨੂੰ ਬੜਾ ਧੱਕਾ ਲੱਗਿਆ। ਕ੍ਰਿਸ਼ਨ ਨੇ ਸਾਧਾਰਣ ਮਾਨਵ ਨੂੰ ਸਮਝਾਇਆ ਕਿ ਜੇਬ ਵਿਚ ਭਲੇ ਹੀ ਦਮੜੀ ਨਾ ਹੋਵੇ, ਪਰ ਤੇਜ਼ਸਵਿਤਾ ਨਾਲ ਅਤੇ ਨਿਸ਼ਠਾ ਨਾਲ ਇਕੱਠੇ ਹੋ ਕੇ ਸਾਹ ਵੀ ਲਵੋਗੇ ਤਾਂ ਜਗਤ ਬਦਲ ਜਾਵੇਗਾ। ਭਗਵਦ ਕਾਰਜ ਦੇ ਬਿਨਾਂ ਸਵਾਰਥ ਨਾਲ ਕਰਦੇ ਰਹੋ, ਪ੍ਰਭੂ ਤੁਹਾਡੇ ਪਿੱਛੇ ਖੜ੍ਹਿਆ ਹੈ।

ਮੂਸਲਾਧਾਰ ਬਾਰਿਸ਼, ਬਿਜਲੀ ਦੀ ਕੜਕੜਾਹਤ, ਬੱਦਲਾਂ ਦੇ ਝੁਰਮਟ, ਸਾਰੀ ਧਰਤੀ ਜਲ ਥਲ ਐਸੇ ਸਮੇਂ ਸ਼੍ਰੀ ਕ੍ਰਿਸ਼ਨ ਦਾ ਜਨਮ ਹੋਇਆ। ਜਦ ਜੀਵਨ ਵਿਚ ਅੰਧਕਾਰ ਵਧਦਾ ਹੈ, ਨਿਰਾਸ਼ਾ ਦੇ ਬੱਦਲ ਛਾ ਜਾਂਦੇ ਹਨ, ਮੁਸੀਬਤਾਂ ਦਾ ਹੜ੍ਹ ਆ ਜਾਂਦਾ ਹੈ, ਦੁੱਖ-ਆਫ਼ਤਾਂ ਸਿਰ ਚੜ੍ਹ ਕੇ ਬੋਲਦੇ ਹਨ ਤਦ ਭਗਵਾਨ ਸ਼੍ਰੀ ਕ੍ਰਿਸ਼ਨ ਜਨਮ ਲੈਂਦੇ ਹਨ।

ਵਿਆਪਤ ਅੰਧਕਾਰ ਵਿਚ ਜਦੋਂ ਪ੍ਰਕਾਸ਼ ਦੀਆਂ ਕਿਰਨਾਂ ਫੁੱਟ ਨਿਕਲਦੀਆਂ ਹਨ, ਅਸਮਾਨ ਵਿਚ ਸੂਰਜ ਅਪਣੀ ਸ਼ੋਭਾ ਨੂੰ ਵਧਾਉਂਦਾ ਹੈ ਤਦ ਮਾਨਵਤਾ ਆਨੰਦ ਨਾਲ ਪੁਲਕਿਤ ਹੁੰਦੀ ਹੈ ਸਾਮਰਾਜਵਾਦ ਦੀਆਂ ਮੁਸੀਬਤਾਂ ਵਿਚ ਪਿਸਦੇ ਹੋਏ ਸਮਾਜ ਨੂੰ ਉਸਦਾ ਤਾਰਨਹਾਰ ਮਿਲੇ, ਸੱਤਾ ਅਤੇ ਸੰਪਤੀ ਦੇ ਸ਼ੋਸ਼ਣ ਤੋਂ ਛੁਡਾਉਣ ਵਾਲਾ ਮੁਕਤੀਦਾਤਾ ਮਿਲੇ, ਗ਼ਰੀਬਾਂ, ਬੇਸਹਾਰਿਆਂ ਨੂੰ ਮਸੀਹਾ ਮਿਲੇ, ਡੁੱਬਦੇ ਹੋਏ ਨੂੰ ਕਿਸਾਨਾ ਦੇਣ ਵਾਲਾ ਅਤੇ ਅਧਿਆਤਮਿਕ ਵਿਅਕਤੀ ਨੂੰ ਉਧਾਰਕ ਮਿਲੇ ਤਾਂ ਤਦ ਆਨੰਦ ਵਿਭੋਰ ਹੋ ਕੇ ਕੌਣ ਨਈਂ ਨੱਚਦਾ? ਫਿਰ ਮੁਕਤੀਦਾਤਾ, ਮਾਨਵਤਾਵਾਦੀ, ਗੀਤਾ ਦੇ ਉਦਾਰਤਾ, ਲੋਕਾਂ ਨੂੰ ਤਾਰਨ ਵਾਲਾ



ਅਤੇ ਉਧਾਰਕ ਕ੍ਰਿਸ਼ਨ ਦਾ ਜਨਮ ਹੋਇਆ ਅਤੇ ਸਾਰੇ ਦੁੱਖ ਸੰਤਾਪ ਨੂੰ ਭੁੱਲ ਕੇ ਆਨੰਦ-ਉਲਾਸ, ਖੁਸ਼ੀ ਵਿਚ ਲੋਕ ਨੱਚਣ ਲੱਗੇ ਅਤੇ ਉਹ ਦਿਨ ਜਨਮ ਅਸ਼ਟਮੀ ਦੇ ਨਾਂਅ ਨਾਲ ਪ੍ਰਸਿੱਧ ਹੋਇਆ।

ਭਗਵਾਨ ਸ਼੍ਰੀ ਕ੍ਰਿਸ਼ਨ ਵਿਚ ਮਾਨਵਤਾ ਦੇ ਸਾਰੇ ਗੁਣ ਸਨ। ਉਹ ਇਕ ਸੱਚੇ ਮਿੱਤਰ (ਕ੍ਰਿਸ਼ਨ-ਸੁਦਾਮਾ ਪ੍ਰਸੰਗ), ਰਾਜਿਆਂ ਵਰਗੇ, ਪਿਤਾ ਅਤੇ ਪੁੱਤਰ ਵਰਗੇ, ਭਗਤਾਂ ਨੰਾ ਖ਼ੁਦ ਭਗਵਾਨ ਲਗਦੇ ਸਨ। ਉਨ੍ਹਾਂ ਦੇ ਮਸਤਕ ਦੀ ਸ਼ੋਭਾ ਵਿਚ ਸੂਰਜ ਵਰਗਾ ਆਕਰਸ਼ਣ ਸੀ। ਸ਼ਾਂਤ, ਨਿਰਮਲ ਅਤੇ ਮੌਕੇ 'ਤੇ ਸਹੀ ਫ਼ੈਸਲਾ ਲੈਣ ਵਾਲੇ, ਲੋਕਾਂ ਵਿਚ ਪਿਆਰ ਵੰਡਣ ਵਾਲੇ, ਉਨ੍ਹਾਂ ਦੇ ਆਕਰਸ਼ਣ ਵਿਚ, ਬਾਣੀ ਵਿਚ ਇਕ ਐਸੀ ਖੁਸ਼ਬੂ ਸੀ ਜਿਸ ਨੂੰ ਪਾ ਕੇ ਸਾਰੇ ਆਨੰਦ-ਵਿਭੋਰ ਹੋ ਜਾਂਦੇ। ਵੈਸੇ ਵੀ ਜਨਮ ਅਸ਼ਟਮੀ ਹਰ ਸਾਲ ਆਉਂਦੀ ਹੈ, ਲੋਕਾਂ ਨੂੰ ਕਿੰਨਾ ਆਨੰਦ ਦਿੰਦੀ ਹੈ। ਕ੍ਰਿਸ਼ਨ ਦਾ ਜਨਮ ਹੀ ਇਸ ਤਰ੍ਹਾਂ ਦਾ ਹੈ। ਜਨਮ ਅਸ਼ਟਮੀ ਭਾਵ ਕਿ ਪ੍ਰਭੂ ਪ੍ਰੇਮੀਆਂ ਦਾ ਆਨੰਦ ਦੀ ਅਵਸਥਾ।

ਸਭ ਦ੍ਰਿਸ਼ਟੀਆਂ ਵਿਚ ਕ੍ਰਿਸ਼ਨ ਪੂਰਨ ਅਵਤਾਰ ਸਨ। ਉਨ੍ਹਾਂ ਦੇ ਜੀਵਨ ਵਿਚ ਕੋਈ ਵੀ ਉਂਗਲੀ ਉਠਾਉਣ ਵਾਲਾ ਨਹੀਂ ਹੈ। ਉਹ ਸੰਪੂਰਨ ਸਨ। ਉਹ ਅਧਿਆਤਮਿਕ, ਨੈਤਿਕਤਾਵਾਦੀ, ਸਮਾਜ ਉਧਾਰਕ, ਰਾਜਨੀਤਕ, ਸੰਸਕ੍ਰਿਤੀ ਦੇ ਸਵਾਮੀ ਆਦਿ ਗੁਣਾਂ ਦਾ ਗਹਿਰਾ ਸਮੁੰਦਰ ਸਨ। ਉਹ ਯਸ਼ਸਵੀ, ਰਾਜਨਾਇਕ, ਜੇਤੂ ਯੋਧਾ, ਧਰਮ ਸਾਮਰਾਜ ਦਾ ਨਿਰਮਾਤਾ, ਮਾਨਵ-ਵਿਕਾਸ ਕਰਨ ਵਾਲੇ, ਧਰਮ ਦਾ ਮਹਾਨ ਪ੍ਰਵਚਨਕਾਰ, ਭਕਤਵਤਸਲ ਅਤੇ ਗਿਆਨੀਆਂ ਅਤੇ ਜਗਿਆਸੂਆਂ ਦੀ ਜਗਿਆਸਾ ਪੂਰੀ ਕਰਨ ਵਾਲੇ ਜਗਤਗੁਰੂ ਭਾਵ ਸ੍ਰੀ ਕ੍ਰਿਸ਼ਨ।

ਭਗਵਾਨ ਸ੍ਰੀ ਕ੍ਰਿਸਨ ਨੇ ਬੁਰਾਈ ਦਾ ਨਾਸ਼ ਕੀਤਾ ਅਤੇ ਅੱਛਾਈ (ਚੰਗਿਆਈ) ਦੀ ਖ਼ੁਸ਼ਬੂ ਪੈਦਾ ਕੀਤੀ। ਗੋਪਾਲਾਂ ਨਾਲ ਮਿਲ ਕੇ ਉਨ੍ਹਾਂ ਨੇ ਸਮਾਜ ਬਦਲ ਦਿੱਤਾ। ਉਨ੍ਹਾਂ ਪਾਪ ਅਤੇ ਦੰਭ ਦਾ ਨਾਸ਼ ਕੀਤਾ। ਨਾਗ ਜਾਤੀ ਦੇ ਦ੍ਰਿਸ਼ਟ ਰਾਜਾ ਦਾ ਨਾਸ ਕੀਤਾ। ਭਗਵਾਨ ਸ੍ਰੀ ਕ੍ਰਿਸ਼ਨ ਨੇ ਪੈਸੇ ਵਾਲਿਆਂ ਦਾ ਪੂਜਣ ਬੰਦ ਕਰਕੇ 'ਗੋ' ਯਾਨੀ ਉਪਨਿਸ਼ਦਾਂ ਦਾ ਪੂਜਣ ਸ਼ੁਰੂ ਕਰਵਾਇਆ। ਗੋਪਾਲਾ ਨੂੰ ਸਿਹਤਮੰਦ ਰੱਖਣ ਲਈ ਮੱਖਣ ਖਵਾਉਂਦੇ ਸਨ। ਗੋਪਾਲਕਾਂ ਵਿਚ ਸੰਗਠਤਾ ਆਉਂਦੀ ਸੀ। ਸੁੱਖ ਅਤੇ ਸ਼ਾਂਤੀ ਵਧਦੀ ਸੀ।

ਸੰਸਕ੍ਰਿਤੀ ਦੇ ਲਈ ਉਨ੍ਹਾਂ ਦਾ ਹਿਰਦੇ ਤਦ ਦੁਖੀ ਹੁੰਦਾ ਸੀ ਇਸ ਲਈ ਤਾਂ ਜਦੋਂ ਦੁਰਯੋਧਨ, ਕੰਸ, ਕਾਲਯਵਨ, ਨਰਕਾਸੁਰ, ਸ਼ਿਸੂਪਾਲ ਅਤੇ ਜਰਾਸੰਘ ਵਰਗੇ ਜੜ੍ਹਵਾਦੀ, ਆਸੁਰੀ ਸੰਸਕ੍ਰਿਤੀ ਦੇ ਪ੍ਰਚਾਰਕ ਤਾਂਡਵ ਨਾਚ ਕਰ ਰਹੇ ਸਨ।

ਬਲਵਿੰਦਰ 'ਬਾਲਮ'
ਮੋ.98156-25409

ਸੰਸਕ੍ਰਿਤੀ ਪ੍ਰੇਮੀ ਪਾਂਡਵਾਂ ਦੇ ਉਹ ਸਦਾ ਦੇ ਲਈ ਮਾਰਗਦਰਸ਼ਨ ਰਹੇ। ਮੁਸ਼ਕਿਲ ਕਾਲ ਦੇ ਪ੍ਰਸੰਗ ਵਿਚ ਅਤੇ ਮੁਸੀਬਤ ਸਮੇਂ ਉਹ ਪਾਂਡਵਾਂ ਨੂੰ ਬਚਾ ਲੈਂਦੇ ਸਨ। ਅਨੁਸ਼ਾਸਨਹੀਣਤਾ ਕਰਕੇ ਹੀ ਕੌਰਵਾਂ ਦੀ ਹਾਰ ਹੋਈ। ਭਗਵਾਨ ਸ਼੍ਰੀ ਕ੍ਰਿਸ਼ਨ ਜੋ ਕਰਮ ਨੂੰ ਪ੍ਰਾਥਮਿਕਤਾ ਦਿੰਦੇ ਹਨ। ਉਨ੍ਹਾਂ ਦੀ ਪ੍ਰਤਿਮਾ ਨੂੰ ਦੇਖ ਕੇ ਸ਼ਾਂਤੀ ਮਿਲਦੀ ਹੈ। ਹੋਠਾਂ 'ਤੇ ਮੁਰਲੀ ਮਧੁਰ ਸੰਗੀਤ ਦੀ ਚਿੰਨ੍ਹ। ਮਸਤਕ ਉਪਰ ਮੋਰ ਪੰਖ, ਗਲੇ ਵਿਚ ਮਾਲਾ, ਨਾਲ ਨਾਲ ਗਊ (ਗਾਂ) ਇਹ ਸਭ ਚਿੰਨ੍ਹ ਸ਼ਾਂਤੀ ਅਤੇ ਸੁਖਦ ਪ੍ਰੇਮ ਨੂੰ ਦਰਸਾਂਦੇ ਹਨ।

ਭਗਤੀ ਅਤੇ ਗਿਆਨ ਜਿਸਨੇ ਵੀ ਜੀਵਨ ਵਿਚ ਉਤਾਰਿਆ ਹੈ ਐਸੋ ਨਿਸ਼ਕਾਮ ਕਰਮਯੋਗੀ ਦੀ ਜਾਣਕਾਰੀ ਸ੍ਰੀ ਕ੍ਰਿਸ਼ਨ ਨੇ ਗੀਤਾ ਵਿਚ ਦਿੱਤੀ ਹੈ।

ਭਗਵਾਨ ਸ੍ਰੀ ਕ੍ਰਿਸ਼ਨ ਦੀਆਂ ਗੋਪੀਆਂ ਉਨ੍ਹਾਂ ਦੇ ਵਿਸ਼ੇਸ ਗੁਣ ਹਨ। ਭਗਵਾਨ ਸ੍ਰੀ ਕ੍ਰਿਸ਼ਨ ਦੇ ਗੁਣਾਂ ਨੂੰ ਹੀ ਗੋਪੀਆਂ ਕਹਿੰਦੇ ਹਨ। ਕ੍ਰਿਸ਼ਨ ਭਗਵਾਨ ਭਾਰਤ ਦੇ ਯੁੱਗ ਪੁਰਸ਼ ਸਨ।

ਅੱਜ ਦੇ ਦਿਨ ਸਾਰੇ ਭਾਰਤ ਵਾਸੀਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੇ ਦਰਸ਼ਨ ਸਾਸ਼ਤਰ ਉਪਰ ਚੱਲਣਾ ਚਾਹੀਦਾ ਹੈ। ਜਾਤ-ਪਾਤ, ਰੰਗ ਰੂਪ, ਵਰਣ ਭੇਣ ਛੱਡ ਕੇ ਭਾਰਤ ਦੇ ਸੱਚੇ ਕਰਮਸ਼ੀਲ ਬਣਨਾ ਚਾਹੀਦਾ ਹੈ। ਜਨਮ ਅਸ਼ਟਮੀ ਮਨਾਓ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਹੋ ਜਾਚ।

---

# ਆਜ਼ਾਦੀ

ਜ਼ਾਲਮ ਖੜ੍ਹਾ ਹਵਾ ਖੁੱਲ੍ਹੀ ਵਿੱਚ, ਆਖੇ: ÷ਪਿੰਜਰਾ ਸੁਹਣਾ।
ਵਿੱਚ ਆ ਜਾਵੇ ਫਿਰ ਮੈਂ ਪੁੱਛਾਂ: ਕਿੰਨਾ ਹੈ ਮਨਮੁਹਣਾ?
ਪਰ ਤੋਂ ਹੀਨ ਧਰਾ ਦੇ ਕੈਦੀ, ਓ ਮੂਰਖ! ਦਿਲ ਕਰੜੇ
ਉੱਡਣ ਹਾਰੇ ਪੰਛੀ ਨੂੰ ਇਹ, ਸੁਹਣਾ ਹੈ ਜਿੰਦ ਕੁਹਣਾ।

ਸੰਤ-ਕਵੀ ਭਾਈ ਵੀਰ ਸਿੰਘ (1872-1957) ਦੀਆਂ ਉਪਰਕੋਤ ਕਾਵਿ-ਸਤਰਾਂ ਆਜ਼ਾਦੀ ਦੇ ਸੰਕਲਪ ਨੂੰ ਬਿਆਨ ਕਰਦੀਆਂ ਹਨ। ਆਜ਼ਾਦੀ ਜਾਂ ਸੁਤੰਤਰਤਾ ਅੰਗਰੇਜ਼ੀ ਦੇ ਸ਼ਬਦ ਲਿਬਰਟੀ ਜਾਂ ਇੰਡੀਪੈਂਡੈਂਸ ਦਾ ਪਰਿਆਇ ਹੈ। ਆਜ਼ਾਦੀ ਦਾ ਅਰਥ ਹੈ – ਕਿਸੇ ਪ੍ਰਕਾਰ ਦੇ ਬੰਧਨ ਤੋਂ ਮੁਕਤੀ ਜਾਂ ਕਿਸੇ ਦੀ ਅਧੀਨਗੀ/ਗ਼ੁਲਾਮੀ ਤੋਂ ਛੁਟਕਾਰਾ। ਇਸੇ ਸੰਦਰਭ ਵਿੱਚ ਚਰਚਿਤ ਰਾਜਨੀਤਕ ਵਿਚਾਰਵਾਨ ਜੀਨ-ਜੈਕ ਰੂਸੋ (Jean-Jacques Rousseau) ਦੀ ਇਹ ਪੰਕਤੀ ਵੀ ਧਿਆਨਯੋਗ ਹੈ : ਆਦਮੀ ਪੈਦਾ ਤਾਂ ਸੁਤੰਤਰ ਹੋਇਆ ਹੈ, ਪਰ ਹਰ ਥਾਂ ਉਹ ਬੰਧਨਾਂ ਵਿਚ ਜਕੜਿਆ ਹੋਇਆ ਹੈ।÷

ਭਾਰਤੀਆਂ ਨੂੰ 15 ਅਗਸਤ 1947 ਦੇ ਦਿਨ ਅੰਗਰੇਜ਼ਾਂ ਦੀ ਕਰੀਬ ਦੇ ਸੌ ਸਾਲ ਦੀ ਗੁਲਾਮੀ ਤੋਂ ਛੁਟਕਾਰਾ ਮਿਲਿਆ ਸੀ। ਆਜ਼ਾਦੀ ਦੇ ਇਸ ਸੰਘਰਸ਼ ਵਿੱਚ ਜਿੱਥੇ ਹੋਰਨਾਂ ਲੋਕਾਂ ਨੇ ਯੋਗਦਾਨ ਪਾਇਆ, ਉੱਥੇ ਸਿੱਖਾਂ ਨੇ ਘੱਟ ਗਿਣਤੀ ਹੋਣ ਦੇ ਬਾਵਜੂਦ ਦੇਸ਼ ਦੀ ਆਜ਼ਾਦੀ ਵਿੱਚ ਸਭ ਤੋਂ ਵੱਧ ਅਤੇ ਮਹੱਤਵਪੂਰਨ ਹਿੱਸਾ ਪਾਇਆ। ਭਾਰਤ ਦੀ ਆਜ਼ਾਦੀ ਸਮੇਂ ਹੋਰ ਕੌਮਾਂ ਦੇ ਮੁਕਾਬਲੇ ਸਿੱਖਾਂ ਦੀ ਆਬਾਦੀ 2% ਸੀ, ਪਰ ਕੁਰਬਾਨੀਆਂ 87% ਸਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ : ਫਾਂਸੀ ਚੜ੍ਹੇ – ਕੁੱਲ 121, ਇਨ੍ਹਾਂ ਵਿੱਚੋਂ 93 ਸਿੱਖ ਸਨ ਅਤੇ 28 ਹੋਰ; ਉਮਰ ਕੈਦ ਹੋਏ – 2646, ਇਨ੍ਹਾਂ ਚੋਂ 2147 ਸਿੱਖ ਅਤੇ 499 ਹੋਰ; ਜੱਲਿਆਂਵਾਲਾ ਬਾਗ਼ ਦੇ ਸ਼ਹੀਦੀ ਸਾਕੇ (1919) ਵਿੱਚ 1326 ਸ਼ਹੀਦ ਹੋਏ, ਜਿਨ੍ਹਾਂ ਚੋਂ 793 ਸਿੱਖ ਅਤੇ 533 ਹੋਰ; ਬਜਬਜਘਾਟ ਦੇ 113 ਸ਼ਹੀਦ, ਇਨ੍ਹਾਂ ਚੋਂ 67 ਸਿੱਖ ਅਤੇ 46 ਹੋਰ; ਕੂਕਾ ਲਹਿਰ ਵਿੱਚ 91 ਸ਼ਹੀਦ ਅਤੇ ਸਾਰੇ ਹੀ ਸਿੱਖ; ਇਸੇ ਤਰ੍ਹਾਂ ਅਕਾਲੀ ਲਹਿਰ ਵਿੱਚ ਸ਼ਹੀਦ ਹੋਏ 500 ਵਿਅਕਤੀ ਸਾਰੇ ਹੀ ਸਿੱਖ ਸਨ।

ਆਜ਼ਾਦੀ ਤੋਂ ਭਾਵ ਕਿਸੇ ਗੈਰ ਦੀ ਅਧੀਨਗੀ ਤੋਂ ਸਰੀਰਕ ਮੁਕਤੀ ਹੀ ਨਹੀਂ ਹੈ। ਇਸ ਵਿੱਚ ਆਰਥਿਕ, ਸਭਿਆਚਾਰਕ, ਸਮਾਜਿਕ, ਰਾਜਨੀਤਕ ਅਤੇ ਮਾਨਸਿਕ ਸੁਤੰਤਰਤਾ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਪ੍ਰਿੰ. ਸੰਤ ਸਿੰਘ ਸੇਖੋਂ ਨੇ ਆਪਣੇ ਇੱਕ ਨਾਟਕ ਵਿੱਚ ਆਰਥਿਕ ਆਜ਼ਾਦੀ ਨੂੰ ਰੇਖਾਂਕਿਤ ਕਰਦਿਆਂ ਕਿਹਾ ਹੈ : ÷ਆਰਥਿਕ ਸੁਤੰਤਰਤਾ ਤੋਂ ਬਗੈਰ ਔਰਤ ਦੀ ਆਜ਼ਾਦੀ ਦਾ ਕੋਈ ਅਰਥ ਨਹੀਂ ਹੈ।÷ ਵਿਅਕਤੀ ਸਵੈਮਾਣ, ਸਵੈ-ਵਿਸ਼ਵਾਸ, ਸਵੈ-ਇੱਛਾ ਨਾਲ ਜੀਅ ਸਕੇ, ਆਪਣੇ ਵਿਚਾਰ ਪ੍ਰਗਟ ਕਰ ਸਕੇ, ਸਮਾਜ ਵਿੱਚ ਵਿਚਰ ਸਕੇ – ਇਹ ਵੀ ਆਜ਼ਾਦੀ ਨਾਲ ਜੁੜੇ ਕੁਝ ਹੋਰ ਪ੍ਰਮੁੱਖ ਸੂਤਰ ਹਨ।

ਸਿੱਖ ਗੁਰੂਆਂ ਅਤੇ ਭਗਤਾਂ ਨੇ ਵਿਅਕਤੀ ਨੂੰ ਸਵੈਮਾਣ, ਸਨਮਾਨ ਅਤੇ ਸੁਤੰਤਰਤਾ ਨਾਲ ਜਿਉਣ ਦੀ ਜਾਚ ਦੱਸੀ। ਸਿੱਖ ਧਰਮ ਦੇ ਆਦਿ-ਗੁਰੂ, ਬਾਬਾ ਨਾਨਕ (1469-1539 ਈ.) ਨੇ ਆਪਣੀ ਇੱਜ਼ਤ ਨੂੰ ਛਿੱਕੇ ਟੰਗ ਕੇ ਜਿਉਣ, ਭਾਵ ਪਰਤੰਤਰ ਹੋ ਕੇ ਰਹਿਣ ਨੂੰ ਹਰਾਮ ਖਾਣ ਦੇ ਤੁੱਲ ਦੱਸਿਆ ਹੈ। ਆਪਣੀ ਬਾਣੀ ਵਿੱਚ ਉਨ੍ਹਾਂ ਨੇ ਥਾਂ-ਪੁਰ-ਥਾਂ ਇਸ ਬਾਰੇ ਉਲੇਖ ਕੀਤਾ ਹੈ :

ਜੇ ਜੀਵੈ ਪਤੁ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ 142)

ਗੁਰੂ ਤੇਗ ਬਹਾਦਰ ਜੀ ਵੀ ਇਸੇ ਪ੍ਰਕਾਰ ਦੀ ਆਦਰਸ਼ਕ ਜੀਵਨ-ਜਾਚ ਸਿਖਾਉਂਦੇ ਹੋਏ ਵਿਅਕਤੀ ਨੂੰ ਨਾ ਕਿਸੇ ਨੂੰ ਡਰਾਉਣ ਤੇ ਨਾ ਕਿਸੇ ਤੋਂ ਡਰਨ ਦੀ ਗੱਲ ਕਰਦੇ ਹਨ, ਜਿਸ ਦਾ ਭਾਵ-ਅਰਥ ਵੀ ਕਿਸੇ ਨਾ ਕਿਸੇ ਤਰ੍ਹਾਂ ਆਜ਼ਾਦੀ ਹੀ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥ (ਪੰਨਾ 1427)

ਗੁਰਬਾਣੀ ਵਿੱਚ ਵਿਅਕਤੀ ਨੂੰ ਸਿਰਫ ਪਰਮਾਤਮਾ ਦੀ ਅਧੀਨਗੀ ਵਿੱਚ ਆਉਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਦੀ ਅਧੀਨਗੀ ਵਿੱਚ। ਇੱਥੋਂ ਤੱਕ ਕਿ ਭਗਤ ਕਬੀਰ (1398-1518) ਜੀ ਨੇ ਰਾਜਿਆਂ-ਮਹਾਰਾਜਿਆਂ ਨੂੰ ਵੀ ਦੋ-ਚਾਰ ਦਿਨਾਂ ਦੇ ਪ੍ਰਾਹੁਣੇ ਕਹਿ ਕੇ ਉਨ੍ਹਾਂ ਦੀ ਛਿਣ-ਭੰਗਰਤਾ ਜਾਂ ਥੁੜ੍ਹ-ਚਿਰੀ ਹਕੂਮਤ ਦਾ ਬੋਧ ਕਰਵਾਇਆ ਹੈ :

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ॥ (ਪੰਨਾ 856)

ਗੁਰੂ-ਕਾਲ ਤੋਂ ਪਹਿਲਾਂ ਔਰਤ ਨੂੰ ਮਰਦ ਦੀ ਗ਼ੁਲਾਮ, ਪਿਛਾਂਹਖਿੱਚੂ ਅਤੇ ਅਬਲਾ ਆਦਿ ਨਾਂਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਸੀ, ਜਦ ਕਿ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਔਰਤ ਦੇ ਹੱਕ ਵਿੱਚ, ਉਸ ਦੀ ਆਜ਼ਾਦੀ ਸਬੰਧੀ ਜ਼ੋਰਦਾਰ ਆਵਾਜ਼ ਬੁਲੰਦ ਕੀਤੀ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥
(ਪੰਨਾ 473)

ਬਾਣੀਕਾਰਾਂ ਨੇ ਕਿਸੇ ਵਿਅਕਤੀ ਦੀ ਅਧੀਨਗੀ ਸਵੀਕਾਰ ਕਰਨ ਨਾਲ ਮੌਤ ਨੂੰ ਤਰਜੀਹ ਦਿੱਤੀ। ਗੁਰੂ ਤੇਗ ਬਹਾਦਰ @ਹਿੰਦ ਦੀ ਚਾਦਰ@ (1621-1675 ਈ.) ਨੇ ਹਿੰਦੂ ਧਰਮ ਦੀ ਆਨ, ਬਾਨ ਤੇ ਸ਼ਾਨ ਨੂੰ ਬਚਾਉਣ ਲਈ, ਉਨ੍ਹਾਂ ਦੇ ਤਿਲਕ ਤੇ ਜੰਞੂ ਦੀ ਰਾਖੀ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ। ਧਾਰਮਿਕ ਆਜ਼ਾਦੀ ਲਈ ਦਿੱਤਾ ਗਿਆ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਕਲਯੁਗ ਅੰਦਰ ਇੱਕ ਮਹਾਨ ਸਾਕਾ ਸੀ। ਦੁਨੀਆਂ ਦੇ ਇਤਿਹਾਸ ਵਿੱਚ ਅਜਿਹੀ ਕੋਈ ਦੂਜੀ ਮਿਸਾਲ ਨਹੀਂ ਮਿਲਦੀ। ਆਜ਼ਾਦੀ ਦਾ ਜੋ ਪਰਚਮ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਹਿ ਕੇ ਲਹਿਰਾਇਆ, ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਨੇ ਆਪਣਾ ਸਰਬੰਸ ਵਾਰ ਕੇ ਇਸ ਨੂੰ ਹੋਰ ਗੂੜ੍ਹੀ ਇਬਾਰਤ ਵਿੱਚ ਲਿਖ ਕੇ ਪ੍ਰਸਾਰਿਆ। ਗੁਰੂ-ਕਾਲ ਵਿਚ ਅਤੇ ਉਨ੍ਹਾਂ ਤੋਂ ਮਗਰੋਂ ਸਿੱਖ ਸ਼ਹੀਦੀਆਂ (ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਆਦਿ ਦੇ ਰੂਪ ਵਿੱਚ) ਦਾ ਜੋ ਲੰਮਾ ਸਿਲਸਿਲਾ ਚਲਦਾ ਰਿਹਾ, ਉਸਦਾ ਮੂਲ ਆਜ਼ਾਦੀ ਦਾ ਸੂਤਰ ਹੀ ਸੀ।

ਸਾਂਝਾਪਣ, ਏਕਤਾ, ਸਮਾਨਤਾ, ਬਰਾਬਰਤਾ, ਸਾਂਝੀਵਾਲਤਾ ਆਦਿ ਦਾ ਸੰਬੰਧ ਵੀ ਕਿਤੇ ਨਾ ਕਿਤੇ ਆਜ਼ਾਦੀ ਨਾਲ ਹੀ ਹੈ। ਇਨ੍ਹਾਂ ਸਦਗੁਣਾਂ ਦਾ ਸੰਚਾਰ ਤਾਂ ਹੀ ਹੋ ਸਕੇਗਾ, ਜੇ ਅਸੀਂ ਦੂਜਿਆਂ ਨੂੰ ਆਜ਼ਾਦ ਸੋਚ, ਆਜ਼ਾਦ ਖ਼ਿਆਲ ਅਤੇ ਆਜ਼ਾਦ ਰਹਿਣੀ-ਬਹਿਣੀ ਪ੍ਰਦਾਨ ਕਰਾਂਗੇ।

ਪਿੰਜਰੇ ਵਿੱਚ ਬੰਦ ਪੰਛੀਆਂ ਨੂੰ ਨੀਲ-ਗਗਨ ਵਿੱਚ ਉੱਚੀਆਂ ਉਡਾਰੀਆਂ ਲਾਉਣ ਦਿਓ, ਐਕੁਏਰੀਅਮ ਵਿੱਚ ਰੱਖੀਆਂ ਮੱਛੀਆਂ ਨੂੰ ਸਮੁੰਦਰਾਂ/ਸਰੋਵਰਾਂ ਦੀ ਡੂੰਘਾਈ ਨਾਪਣ ਦਿਓ, ਪ੍ਰਯੋਗਸ਼ਾਲਾਵਾਂ ਵਿੱਚ ਕੈਦ ਤਿਤਲੀਆਂ ਨੂੰ ਫੁੱਲਾਂ ਉੱਤੇ ਮੰਡਰਾਉਣ ਦਿਓ, ਸਰਕਸਾਂ ਵਿੱਚ ਤਾੜੇ ਜਾਨਵਰਾਂ ਨੂੰ ਜੰਗਲਾਂ-ਬੇਲਿਆਂ ਵਿੱਚ ਦੁੜੰਗੇ ਲਾਉਣ ਦਿਓ – ਫਿਰ ਵੇਖੋ, ਇਹ ਜੀਵ-ਜੰਤੂ ਆਜ਼ਾਦੀ ਦਾ ਕਿੰਨਾ ਨਿੱਘ/ਆਨੰਦ ਮਾਣਦੇ ਨੇ... ਆਜ਼ਾਦੀ ਦਾ ਸੁਨੇਹਾ ਦਿੰਦਾ ਪੰਜਾਬੀ ਕਵੀ ਪ੍ਰੋ. ਮੋਹਨ ਸਿੰਘ (1905-1978 ਈ.) ਆਪਣੀ ਇੱਕ ਲੰਮੀ ਕਵਿਤਾ @ਮੈਂ ਨਹੀਂ ਰਹਿਣਾ ਤੇਰੇ ਗਿਰਾਂ@ ਵਿੱਚ ਲਿਖਦਾ ਹੈ :

ਲੈ ਲੈ ਆਪਣੀ ਲੜੀ ਨਵਾਬੀ
ਦੇਹ ਮੈਨੂੰ ਮੇਰੀ ਆਜ਼ਾਦੀ।
ਜਿੱਥੇ ਵੀਰ ਵੀਰਾਂ ਨੂੰ ਖਾਂਦੇ
ਸਿਰੋਂ ਮਾਰ ਧੁੱਪੇ ਸੁੱਟ ਜਾਂਦੇ।
ਜਿੱਥੇ ਲੱਖ ਮਣਾਂ ਦਾ ਲੋਹਿਆ
ਜੰਜ਼ੀਰਾਂ ਹੱਥਕੜੀਆਂ ਹੋਇਆ।
ਜਿੱਥੇ ਸ਼ਾਇਰ ਬੋਲ ਨਾ ਸੱਕਣ
ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸੱਕਣ।
ਮੈਂ ਨਹੀਂ ਰਹਿਣਾ ਐਸੀ ਥਾਂ ...
ਮੈਂ ਨਹੀਂ ਰਹਿਣਾ ਤੇਰੇ ਗਿਰਾਂ।

ਅੱਜ ਅਸੀਂ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਸਰੀਰਕ ਆਜ਼ਾਦੀ ਤੇ ਅੰਕੁਸ਼ ਲਾ ਬੈਠੇ ਹਾਂ, ਦਾਜ ਦੇ ਲੋਭੀ ਬਣ ਕੇ ਵਿਆਹੁਤਾ ਜ਼ਿੰਦਗੀਆਂ ਨੂੰ ਆਤਮ-ਹੱਤਿਆਵਾਂ ਲਈ ਮਜਬੂਰ ਕਰ ਰਹੇ ਹਾਂ, ਪੈਸੇ ਦੇ ਗੁਲਾਮ ਹੋ ਕੇ ਸਕੇ-ਸੰਬੰਧੀਆਂ ਨਾਲੋਂ ਨਾਤੇ ਤੋੜ ਰਹੇ ਹਾਂ, ਭਰੂਣ ਹੱਤਿਆਵਾਂ ਦੇ ਰੂਪ ਵਿੱਚ ਨੰਨ੍ਹੀਆਂ ਕੰਜਕਾਂ ਤੋਂ ਸਾਹ ਲੈਣ ਦਾ ਹੱਕ ਖੋਹ ਰਹੇ ਹਾਂ, ਰੁੱਖਾਂ ਤੇ ਕੁਹਾੜੇ ਚਲਾ ਕੇ ਖੁਦ ਨੂੰ ਪ੍ਰਦੂਸ਼ਣ ਵਿੱਚ ਧੱਕ ਰਹੇ ਹਾਂ, ਸਕਰੀਨ/ਇੰਟਰਨੈੱਟ ਦੇ ਜਾਲ ਵਿੱਚ ਫਸ ਕੇ ਆਪਣਿਆ ਨਾਲੋਂ ਨਾਤੇ ਤੋੜ ਰਹੇ ਹਾਂ, ਪ੍ਰਤੀਯੋਗਤਾਵਾਂ ਦੇ ਦੌਰ ਵਿੱਚ ਪਿੱਛੇ ਰਹਿਣ ਕਰਕੇ ਖੁਦਕੁਸ਼ੀਆਂ ਨੂੰ ਹੀ ਸਹੀ ਮੰਨ ਬੈਠੇ ਹਾਂ... ਇਹ ਕੇਹੀ ਆਜ਼ਾਦੀ ਹੈ। ਪੁਸਤਕਾਂ ਨਾਲ, ਜ਼ਿੰਦਗੀ ਨਾਲ, ਕੁਦਰਤ ਨਾਲ, ਸੱਭਿਆਚਾਰ ਨਾਲ ਸਾਂਝ ਪਾਈਏ! ਸਭ ਨੂੰ ਆਜ਼ਾਦੀ ਦਾ ਹੱਕ ਦੇਈਏ! @ਜੀਓ ਤੇ ਜੀਣ ਦਿਓ@ ਦਾ ਨਾਅਰਾ ਬੁਲੰਦ ਕਰੀਏ!! ਭਾਈ ਵੀਰ ਸਿੰਘ ਦੀਆਂ ਇਨ੍ਹਾਂ ਕਾਵਿ-ਪੰਕਤੀਆਂ ਨੂੰ ਸਦਾ ਚੇਤੇ ਰੱਖੀਏ :

ਸਾਨੂੰ ਰੱਖ ਸੁਤੰਤਰ ਦਾਤੇ
ਬੰਦੀ ਸਾਥੋਂ ਦੂਰ ਰਹੇ।
ਪਰਤੰਤਰ ਨਾ ਕਦੇ ਕਰਾਵੀਂ
ਖੁੱਲ੍ਹ ਦਾ ਸਦਾ ਸ਼ਊਰ ਰਹੇ।...
ਜੰਗਲ ਵਾਸਾ ਬੇਸ਼ੱਕ ਦੇਵੀਂ
ਮਾੜੀ ਮਹਲ ਨਾ ਸ਼ਹਿਰ ਦਈਂ।
ਤਨ ਨੂੰ ਕੱਜਣ ਖੁਸ਼ੀ ਮਿਲੇ
ਪਰ ਖੁੱਲ੍ਹ ਕਦੇ ਨਾ ਖੱਸ ਲਈਂ।

ਪ੍ਰੋ. ਨਵ ਸੰਗੀਤ ਸਿੰਘ
# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ) 9417692015.

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024




# ਹਥਿਆਰ ਕੋਈ ਖਿਡੌਣਾ ਨਹੀਂ ਹਨ



ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਪੰਡੋਰੀ ਸਿੱਧਵਾਂ 9501100062

ਵਿਆਹਾਂ ਦੇ ਸੀਜ਼ਨ ਦੌਰਾਨ ਪੰਜਾਬ ਵਿੱਚ ਹਰ ਦੂਸਰੇ ਚੌਥੇ ਹਫਤੇ ਕੋਈ ਨਾ ਕੋਈ ਖਬਰ ਸੁਣਨ ਨੂੰ ਮਿਲ ਹੀ ਜਾਂਦੀ ਹੈ ਕਿ ਭੰਗੜਾ ਪਾਉਂਦੇ ਸਮੇਂ ਕਿਸੇ ਖਰ ਦਿਮਾਗ ਵਿਅਕਤੀ ਨੇ ਹਵਾਈ ਫਾਇਰਿੰਗ ਕਰਦੇ ਸਮੇਂ ਕਿਸੇ ਬੇਗੁਨਾਹ ਵਿਅਕਤੀ ਦੀ ਜਾਨ ਲੈ ਲਈ ਹੋਵੇ। ਪੰਜਾਬ ਵਿੱਚ ਇੱਕ ਅੱਧ ਮਾਮਲੇ ਨੂੰ ਛੱਡ ਕੇ ਅੱਜ ਤੱਕ ਕਦੇ ਵੀ ਕਿਸੇ ਲਾਇਸੈਂਸੀ ਹਥਿਆਰ ਵਾਲੇ ਨੇ ਲੁੱਟਣ ਵਾਸਤੇ ਆਏ ਡਾਕੂ, ਲੁਟੇਰੇ, ਕਾਲੇ ਕੱਛੇ ਵਾਲੇ ਜਾਂ ਚੋਰ ਲੁਟੇਰੇ ਆਦਿ ਦੀ ਹਿੱਕ ਵਿੱਚ ਗੋਲੀ ਨਹੀਂ ਮਾਰੀ। ਲਾਇਸੈਂਸੀ ਹਥਿਆਰਾਂ ਦੀ ਵਰਤੋਂ ਸਿਰਫ ਸ਼ੋਸ਼ੇਬਾਜ਼ੀ ਜਾਂ ਨਿੱਜੀ ਲੜਾਈ ਝਗੜਿਆਂ ਸਮੇਂ ਕੀਤੀ ਜਾਂਦੀ ਹੈ। ਅਨੇਕਾਂ ਅਜਿਹੇ ਕੇਸ ਹੋਏ ਹਨ ਕਿ ਲੁਟੇਰੇ ਘਰ ਲੁੱਟ ਕੇ ਲੈ ਗਏ ਤੇ ਪੰਜਾਬੀ ਸੂਰਮਿਆਂ ਦੀਆਂ ਰਾਈਫਲਾਂ ਪੇਟੀ ਵਿੱਚ ਰੱਖੀਆਂ ਰਹਿ ਗਈਆਂ। ਰਾਤ ਨੂੰ ਜਿਆਦਾਤਰ ਲੋਕਾਂ ਨੇ ਸ਼ਰਾਬ ਹੀ ਐਨੀ ਪੀਤੀ ਹੁੰਦੀ ਹੈ ਕਿ ਚੋਰ ਚਾਹੇ ਉਸ ਨੂੰ ਵੀ ਨਾਲ ਹੀ ਚੁੱਕ ਕੇ ਲੈ ਜਾਣ।

ਪੁਰਾਣੇ ਸਮੇਂ ਵਿੱਚ ਅਸਲ੍ਹੇ ਵਾਲੇ ਵਿਅਕਤੀ ਨੂੰ ਚੋਰ ਡਾਕੂਆਂ ਤੋਂ ਬਚਾਅ ਲਈ ਜੰਞ ਦੇ ਨਾਲ ਲਿਜਾਇਆ ਜਾਂਦਾ ਸੀ। ਉਹ ਕਈ ਵਾਰ ਲੁਟੇਰਿਆਂ, ਬਦਮਾਸ਼ਾਂ ਵਿੱਚ ਦਹਿਸ਼ਤ ਪਾਉਣ ਲਈ ਇੱਕ ਅੱਧ ਫਾਇਰ ਵੀ ਕੱਢ ਦੇਂਦਾ ਸੀ। ਪਰ ਅੱਜ ਕਲ੍ਹ ਤਾਂ ਵਿਆਹ ਸਮੇਂ ਅਸਲ੍ਹੇ ਵਾਲੇ ਹਵਾਈ ਫਾਇਰ ਕਰਨ ਦੇ ਸ਼ੌਕੀਨ ਫੁਕਰਿਆਂ ਨੂੰ ਖਾਸ ਤੌਰ 'ਤੇ ਕਾਰਡ ਵੰਡੇ ਜਾਂਦੇ ਹਨ ਤੇ ਸਖਤ ਤਾਕੀਦ ਕੀਤੀ ਜਾਂਦੀ ਕਿ ਬਿਨਾਂ ਪਿਸਤੌਲ ਤੋਂ ਨਾ ਆਇਓ। ਉਹ ਗੱਲ ਅਲੱਗ ਹੈ ਕਿ ਅਜਿਹੇ ਵਿਆਹ ਦੀ ਰਿਸੈਪਸ਼ਨ ਕਈ ਵਾਰ ਥਾਣੇ ਦੀ ਹਵਾਲਾਤ ਵਿੱਚ ਹੁੰਦੀ ਹੈ। ਸੁਣਨ ਵਿੱਚ ਆਇਆ ਹੈ ਕਿ ਮੈਰਿਜ ਪੈਲੇਸ, ਘੋੜੀ, ਬੈਂਡ ਵਾਜੇ ਅਤੇ ਕੈਟਰਿੰਗ ਦੇ ਨਾਲ ਨਾਲ ਹੁਣ ਵਿਆਹ ਵਿੱਚ ਫਾਇਰ ਕਰਨ ਵਾਲਿਆ ਦੀ ਵੀ ਬੁਕਿੰਗ ਹੋਣ ਲੱਗ ਪਈ ਹੈ। ਜਿਨ੍ਹਾਂ ਦਾ ਕੋਈ ਦੋਸਤ ਜਾਂ ਰਿਸ਼ਤੇਦਾਰ ਲਾਇਸੈਂਸ ਵਾਲਾ ਨਹੀਂ, ਉਹ ਕਿਰਾਏ 'ਤੇ ਫਾਇਰ ਕਰਨ ਵਾਲੇ ਲੈ ਲੈਂਦੇ ਹਨ ਤੇ ਉਨ੍ਹਾਂ ਦੀ ਗੋਲੀਆਂ ਦੇ ਹਿਸਾਬ ਨਾਲ ਪੇਮੈਂਟ ਕੀਤੀ ਜਾਂਦੀ ਹੈ। ਜਿਹੜਾ ਮੈਰਿਜ ਪੈਲੇਸ ਵਾਲਾ ਫਾਇਰ ਕਰਨ ਤੋਂ ਰੋਕਦਾ ਹੈ, ਲੋਕ ਉਸ ਦਾ ਪੈਲੇਸ ਬੁੱਕ ਕਰਨ ਤੋਂ ਟਾਲਾ ਵੱਟ ਜਾਂਦੇ ਹਨ। ਬਹੁਤੇ ਪੈਲੇਸਾਂ ਵਾਲੇ ਮੈਰਿਜ ਪੈਲੇਸ ਵਿੱਚ ਫਾਇਰ ਕਰਨਾ ਮਨ੍ਹਾਂ ਹੈ ਦਾ ਬੋਰਡ ਲਗਾ ਕੇ ਜ਼ਿੰਮੇਵਾਰੀ ਪੂਰੀ ਹੋਈ ਸਮਝ ਲੈਂਦੇ ਹਨ। ਜੇ ਕਿਤੇ ਪੁਲਿਸ ਵਾਲੇ ਦਖਲ ਅੰਦਾਜ਼ੀ ਕਰਨ ਤਾਂ ਸ਼ਰਾਬੀ ਗਲ ਪੈਂਦੇ ਹਨ ਕਿ ਤੁਸੀਂ ਸਾਡਾ ਵਿਆਹ ਖਰਾਬ ਕਰ ਰਹੇ ਹੋ।

ਪੰਜਾਬ ਵਿੱਚ ਕਿਸੇ ਨੂੰ ਖੁਸ਼ ਕਰਨਾ ਹੋਵੇ ਤਾਂ ਉਸ ਨੂੰ ਲਾਇਸੰਸ ਬਣਾ ਕੇ ਦੇ ਦਿਉ। ਘਰ ਵਿੱਚ ਰੋਟੀ ਪੱਕੇ ਨਾ ਪੱਕੇ, ਹਥਿਆਰ ਜਰੂਰ ਚਾਹੀਦਾ ਹੈ। ਕਈ ਲੋਕਾਂ ਨੇ ਸਾਰੇ ਪਰਿਵਾਰ ਦੇ ਲਾਇਸੰਸ ਬਣਾਏ ਹੁੰਦੇ ਹਨ ਪਰ ਜਦੋਂ ਵਾਰ ਵਾਰ ਲਾਇਸੰਸ ਰੀਨਿਊ ਕਰਾਉਣੇ ਪੈਂਦੇ ਹਨ ਤਾਂ ਸ਼ਕਲ ਵੇਖਣ ਵਾਲੀ ਹੁੰਦੀ ਹੈ। ਲੀਡਰਾਂ ਤੇ ਅਫਸਰਾਂ ਕੋਲ ਸਭ ਤੋਂ ਜਿਆਦਾ ਸਿਫਾਰਸ਼ਾਂ ਲਾਇਸੰਸ ਬਣਾਉਣ ਦੀਆਂ ਹੀ ਆਉਂਦੀਆਂ ਹਨ। ਅਸਲ੍ਹਾ ਰੱਖਣਾ, ਸੰਭਾਲਣਾ ਅਤੇ ਚਲਾਉਣਾ ਬਹੁਤ ਨਾਜ਼ਕ ਕੰਮ ਹੈ। 90% ਲੋਕਾਂ ਨੂੰ ਹਥਿਆਰ ਖੋਲ੍ਹਣੇ ਜੋੜਨੇ ਜਾਂ ਸਾਫ ਕਰਨੇ ਨਹੀਂ ਆਉਂਦੇ। ਪਿਸਤੌਲ ਨੂੰ ਬੁੱਕਲ ਦਾ ਹਥਿਆਰ ਕਿਹਾ ਜਾਂਦਾ ਹੈ ਜੋ ਆਤਮ ਰੱਖਿਆ ਲਈ ਕੱਪੜਿਆਂ ਦੇ ਥੱਲੇ ਛਿਪਾ ਕੇ ਪਹਿਨਿਆਂ ਜਾਣਾ ਚਾਹੀਦਾ ਹੈ। ਪਰ ਅੱਜ ਕਲ੍ਹ ਲੋਕਾਂ ਨੂੰ ਵਿਖਾਉਣ ਲਈ ਜਾਣ ਬੁੱਝ ਕੇ ਪੈਂਟ ਦੀ ਬੈਲਟ ਵਿੱਚ ਫਸਾਇਆ ਹੁੰਦਾ ਹੈ। ਜੇ ਕਿਸੇ ਚੋਰ-ਲੁਟੇਰੇ ਨੇ ਹਮਲਾ ਕਰਨਾ ਹੋਵੇ ਤਾਂ ਉਹ ਜੱਫਾ ਮਾਰ ਕੇ ਪਹਿਲਾਂ ਪਿਸਤੌਲ ਹੀ ਕਾਬੂ ਕਰਦਾ ਹੈ।

ਚਾਲੀ ਪੰਜਾਹ ਸਾਲ ਪਹਿਲਾਂ ਇਲਾਕੇ ਦੇ ਸਿਰਫ ਦੋ ਚਾਰ ਮੋਹਤਬਰ ਬੰਦਿਆਂ ਕੋਲ ਅਸਲ੍ਹਾ ਹੁੰਦਾ ਸੀ। ਪਿਸਤੌਲ ਵਿਦੇਸ਼ੀ ਹੋਣ ਕਾਰਨ ਬਹੁਤ ਮਹਿੰਗੇ ਸਨ ਤੇ ਹਾਰੀ ਸਾਰੀ ਨਹੀਂ ਸੀ ਖਰੀਦ ਸਕਦਾ। ਪਰ ਮੁਸੀਬਤ ਉਦੋਂ ਸ਼ੁਰੂ ਹੋਈ ਜਦੋਂ ਸਰਕਾਰੀ ਕਾਨਪੁਰੀ ਪਿਸਤੌਲ ਬਣਨ ਲੱਗ ਪਏ। ਹੁਣ ਹਰ ਜਣਾ ਖਣਾ ਡੱਬ ਵਿੱਚ ਫਸਾਈ ਫਿਰਦਾ ਹੈ। ਹਰੇਕ ਨੌਜਵਾਨ ਬਾਲਗ ਹੁੰਦੇ ਸਾਰ ਹੀ ਲਾਇਸੰਸ ਬਣਾਉਣ ਵੱਲ ਭੱਜਦਾ ਹੈ। ਵੀਡੀਉ ਗੇਮਾਂ ਖੇਡ ਕੇ ਤੇ ਪੰਜਾਬੀ ਗਾਇਕਾਂ ਦੇ ਜੱਟਵਾਦੀ ਗਾਣੇ ਸੁਣ ਕੇ ਜਵਾਨ ਹੋਈ ਇਸ ਪੀੜ੍ਹੀ ਨੂੰ ਅਸਲੀਅਤ ਬਾਰੇ ਪਤਾ ਨਹੀਂ ਹੈ। ਜੇ ਗਲਤੀ ਨਾਲ ਵੀ ਗੋਲੀ ਵੱਜ ਕੇ ਕਿਸੇ ਦੀ ਮੌਤ ਹੋ ਜਾਵੇ ਤਾਂ ਗੋਲੀ ਮਾਰਨ ਵਾਲੇ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਉਸ 'ਤੇ ਕਤਲ ਦਾ ਪਰਚਾ ਦਰਜ਼ ਹੁੰਦਾ ਹੈ ਤੇ ਸੁਪਰੀਮ ਕੋਰਟ ਤੱਕ ਵੀ ਜ਼ਮਾਨਤ ਨਹੀਂ ਹੁੰਦੀ ਤੇ ਜੇ ਸਜ਼ਾ ਹੋ ਜਾਵੇ ਤਾਂ ਸਾਰੀ ਉਮਰ ਜੇਲ੍ਹ ਵਿੱਚ ਗਰਕ ਹੋ ਜਾਂਦੀ ਹੈ। ਦੋ ਮਿੰਟ ਲਈ ਮਾਰੀ ਫੁਕਰੀ 50-60 ਲੱਖ ਵਿੱਚ ਪੈਂਦੀ ਹੈ ਤੇ ਪਰਿਵਾਰ ਵਾਲੇ ਥਾਣਿਆਂ ਕਚਹਿਰੀਆਂ 'ਚ ਵੱਖ ਧੱਕੇ ਖਾਂਦੇ ਹਨ। ਜਿਆਦਾਤਰ ਸਿਆਣੇ ਬੰਦੇ ਤਾਂ ਵਿਆਹ ਵਿੱਚ ਗੋਲੀ ਚੱਲਦੇ ਸਾਰ ਉੱਠ ਕੇ ਘਰਾਂ ਨੂੰ ਦੌੜ ਜਾਂਦੇ ਹਨ।

ਸਾਡੇ ਨਜ਼ਦੀਕੀ ਪਿੰਡ ਇੱਕ ਵਲੈਤੀਆਂ ਆਪਣੇ ਭਰਾ ਦਾ ਵਿਆਹ ਕਰਨ ਲਈ ਵਿਦੇਸ਼ੋਂ ਆਇਆ ਸੀ। ਉਸ ਨੇ ਆਪਣੇ ਸਾਰੇ ਦੋਸਤਾਂ ਨੂੰ ਬਰਾਤ ਵਿੱਚ ਹਥਿਆਰ ਲੈ ਕੇ ਆਉਣ ਦਾ ਹੁਕਮ ਜਾਰੀ ਕਰ ਦਿੱਤਾ। ਜਦੋਂ ਮੁਫਤ ਦੀ ਸ਼ਰਾਬ ਨਾਲ ਟੱਲੀ ਹੋਏ ਨਿਸ਼ਾਨਚੀਆਂ ਨੇ ਫਾਇਰ ਖੋਲ੍ਹਿਆ ਤਾਂ ਇੱਕ ਗੋਲੀ ਲਾੜਾ ਸਾਹਿਬ ਨੂੰ ਹੀ ਜਾ ਲੱਗੀ ਜਿਸ ਦੀ ਹਸਪਤਾਲ ਜਾ ਕੇ ਮਸਾਂ ਜਾਨ ਬਚੀ। ਸ਼ੁਕਰ ਹੈ ਲਾਵਾਂ ਫੇਰੇ ਹੋ ਗਏ ਸਨ ਨਹੀਂ ਤਾਂ ਵਿਆਹ ਵਿੱਚੇ ਰਹਿ ਜਾਣਾ ਸੀ। ਬਹੁਤ ਮੁਸ਼ਕਿਲ ਨਾਲ ਮਾਮਲਾ ਦਬਾਇਆ ਗਿਆ ਤੇ ਰਾਤੋ ਰਾਤ ਦਿੱਲੀ ਤੋਂ ਐਮਰਜੈਂਸੀ ਟਿਕਟ ਕਰਾ ਕੇ ਭੱਜਾ ਵਲਾਇਤੀਆ ਅੱਜ ਤੱਕ ਵਾਪਸ ਨਹੀਂ ਆਇਆ। ਹਥਿਆਰ ਆਦਮੀ ਦੀ ਆਤਮ ਰੱਖਿਆ ਲਈ ਹੁੰਦੇ ਹਨ, ਸ਼ੋਸ਼ੇਬਾਜ਼ੀ, ਹਵਾਈ ਫਾਇਰ ਜਾਂ ਲੋਕਾਂ ਨੂੰ ਡਰਾਉਣ ਵਾਸਤੇ ਨਹੀਂ। ਹਥਿਆਰ ਹਮੇਸ਼ਾਂ ਘਰ ਵਿੱਚ ਕਿਸੇ ਸੁਰੱਖਿਅਤ ਜਗ੍ਹਾ 'ਤੇ ਜਿੰਦਰੇ ਹੇਠ ਰੱਖਣੇ ਚਾਹੀਦੇ ਹਨ। ਬੱਚਿਆਂ ਵਿੱਚ ਹਥਿਆਰ ਨਾਲ ਛੇੜ ਛਾੜ ਕਰਨ ਦੀ ਬਹੁਤ ਖਿੱਚ ਹੁੰਦੀ ਹੈ। ਕਦੀ ਵੀ ਭਰਿਆ ਹੋਇਆ ਹਥਿਆਰ ਬੱਚਿਆਂ ਨੂੰ ਨਹੀਂ ਪਕੜਾਉਣਾ ਚਾਹੀਦਾ। ਉਹ ਖੇਡ ਖੇਡ ਵਿੱਚ ਹੀ ਕਿਸੇ ਨੂੰ ਗੋਲੀ ਮਾਰ ਸਕਦੇ ਹਨ। ਜੇ ਜਿਆਦਾ ਸਮੇਂ ਲਈ ਘਰੋਂ ਬਾਹਰ ਜਾਣਾ ਹੋਵੇ ਤਾਂ ਹਥਿਆਰ ਨਜ਼ਦੀਕੀ ਥਾਣੇ ਜਾਂ ਗੰਨ ਹਾਊਸ ਵਿੱਚ ਜਮ੍ਹਾਂ ਕਰਵਾ ਦੇਣਾ ਚਾਹੀਦਾ ਹੈ। ਬਿਲਕੁਲ ਸੱਚੀਆਂ ਕਹਾਵਤਾਂ ਬਣੀਆਂ ਹਨ ਕਿ ਗੋਲੀ ਹਮੇਸ਼ਾਂ ਬੰਦੇ ਵੱਲ ਹੀ ਜਾਂਦੀ ਹੈ ਤੇ ਕਿਸਮਤ ਮਾੜੀ ਹੋਵੇ ਤਾਂ ਖਾਲੀ ਬੰਦੂਕ ਵੀ ਚੱਲ ਜਾਂਦੀ ਹੈ। ਜੇ ਕਿਸੇ ਵਿਆਹ ਵਿੱਚ ਫਾਇਰ ਹੁੰਦੇ ਹਨ ਤਾਂ ਮੈਰਿਜ ਪੈਲੇਸ ਵਾਲੇ ਵੀ ਕਾਨੂੰਨੀ ਕਾਰਵਾਈ ਤੋਂ ਨਹੀਂ ਬਚ ਸਕਦੇ। ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਬੰਧੀ ਨਜ਼ਦੀਕੀ ਥਾਣੇ ਨੂੰ ਸੂਚਨਾ ਦੇਣ। ਸਿਰਫ ਇਹ ਲਿਖ ਦੇਣ ਨਾਲ ਕਿ ਮੈਰਿਜ ਪੈਲੇਸ ਵਿੱਚ ਫਇਰ ਕਰਨੇ ਮਨ੍ਹਾ ਹਨ, ਜ਼ਿੰਮੇਵਾਰੀ ਤੋਂ ਨਹੀਂ ਭੱਜਿਆ ਜਾ ਸਕਦਾ। ਜਦੋਂ ਵੀ ਕਿਸੇ ਸ਼ਾਦੀ ਵਿੱਚ ਫਾਇਰ ਹੋਣੇ ਸ਼ੁਰੂ ਹੋਣ, ਆਪਣੇ ਪਰਿਵਾਰ ਸਮੇਤ ਪੱਤਰਾ ਵਾਚ ਜਾਉ। ਜਾਨ ਮੁਰਗੇ ਮੱਛੀ ਤੇ ਮੁਫਤ ਦੀ ਸ਼ਰਾਬ ਨਾਲੋਂ ਬਹੁਤ ਜਿਆਦਾ ਕੀਮਤੀ ਹੁੰਦੀ ਹੈ।

## ਪੁਸਤਕ ਚਰਚਾ


# ਜ਼ਿੰਦਗੀ ਦੇ ਸਫ਼ਰ ਦੀਆਂ ਪਰਤਾਂ ਫਰੋਲਦੇ ਨਿਬੰਧਾਂ ਦੀ ਪੁਸਤਕ 'ਸਫ਼ਰ ਦਰ ਸਫ਼ਰ'

ਡਾ. ਧਰਮਪਾਲ ਸਾਹਿਲ
ਮੋ: 987615696

ਡਾ. ਅਰਵਿੰਦਰ ਸਿੰਘ ਭੱਲਾ ਇਕ ਪ੍ਰਬੁੱਧ ਨਿਬੰਧਕਾਰ ਹਨ। ਉਹਨਾਂ ਨਿਰੰਤਰ ਮਿਆਰੀ ਨਿਬੰਧਾਂ ਦੀ ਸਿਰਜਣਾ ਕਰਕੇ ਪੰਜਾਬੀ ਸਾਹਿਤ ਜਗਤ ਵਿਚ ਵਿਸ਼ੇਸ਼ ਪਛਾਣ ਸਥਾਪਤ ਕੀਤੀ ਹੈ। ਸਾਲ 2024 ਵਿਚ ਉਹਨਾਂ ਦਾ ਦੂਸਰਾ ਨਿਬੰਧ ਸੰਗ੍ਰਹਿ 'ਸਫ਼ਰ ਦਰ ਸਫ਼ਰ@ 65 ਨਿਵੇਕਲੇ, ਦਿਲ ਟੁੰਬਵੇਂ ਅਤੇ ਅਜੋਕੀ ਜੀਵਨ ਸ਼ੈਲੀ ਨਾਲ ਬੇਹੱਦ ਢੁਕਵੇਂ ਨਿਬੰਧਾਂ ਦਾ ਗੁਲਦਸਤਾ ਹੈ, ਜਿੰਨ੍ਹਾਂ ਵਿੱਚ ਜ਼ਿੰਦਗੀ ਦੇ ਸਫ਼ਰ ਦੀਆਂ ਕਈ ਪਰਤਾਂ ਦੀ ਖੁਸ਼ਬੋ ਸਮੋਈ ਹੋਈ ਹੈ। ਡਾ. ਅਰਵਿੰਦਰ ਸਿੰਘ ਬਹੁਤ ਦਾਨਿਸ਼ਵਰਾਨਾ ਅੰਦਾਜ਼ ਵਿਚ ਜ਼ਿੰਦਗੀ ਦੇ ਗੂੜ੍ਹੇ ਰਹੱਸਾਂ, ਗੁੰਝਲਦਾਰ ਪਹੇਲੀਆਂ, ਅਣਸੁਲਝੀਆਂ ਤੰਦਾਂ ਨੂੰ ਸ਼ਬਦ ਦਰ ਸ਼ਬਦ ਖੋਲਦੇ ਅਤੇ ਸੁਲਝਾਉਂਦੇ ਜਾਂਦੇ ਹਨ। ਸ਼ੈਲੀ ਦੀ ਰਵਾਨਗੀ, ਬੇਹੱਦ ਢੁਕਵੀਂ ਸ਼ਬਦ ਚੋਣ ਅਤੇ ਸ਼ਾਇਰਾਂ, ਫਿਲਾਸਫਰਾਂ, ਗੁਰੂਆਂ, ਅਧਿਆਤਮਿਕ ਸ਼ਖ਼ਸੀਅਤਾਂ ਤੇ ਬੁਧੀਜੀਵੀਆਂ ਦੇ ਕਥਨਾਂ, ਸ਼ੇਅਰਾਂ ਤੇ ਤੁਕਾਂ ਨੂੰ ਨਿਬੰਧਾਂ ਦੇ ਸਿਰਲੇਖ ਬਣਾਉਣਾ ਅਤੇ ਉਹਨਾਂ ਦੀ ਸਰਲ, ਸਪੱਸ਼ਟ, ਸੰਖੇਪ, ਸੰਤੁਲਿਤ ਅਤੇ ਸਕਾਰਾਤਮਕ ਵਿਆਖਿਆ ਕਿਸੇ ਪ੍ਰਵਚਨ ਵਾਂਗ ਪਾਠਕ ਨੂੰ ਸਰਸ਼ਾਰ ਕਰ ਜਾਂਦੀ ਹੈ। ਡਾ. ਅਰਵਿੰਦਰ ਸਿੰਘ ਆਪਣੇ ਵਿਸ਼ਾਲ ਗਿਆਨ ਭੰਡਾਰ, ਸ਼ਬਦਾਂ ਦੇ ਅਮੁੱਕ ਖ਼ਜ਼ਾਨੇ ਅਤੇ ਜ਼ਿੰਦਗੀ ਦੇ ਡੂੰਘੇ ਤਜਰਬਿਆਂ ਨੂੰ ਇਕ ਖ਼ੂਬਸੂਰਤ ਲੜੀ ਵਿਚ ਪਰੋ ਕੇ ਪਾਠਕਾਂ ਸਾਹਮਣੇ ਇੰਝ ਪੇਸ਼ ਕਰਦੇ ਹਨ ਕਿ ਨਿਬੰਧ ਦਾ ਇਕ-ਇਕ ਅੱਖਰ, ਇਕ-ਇਕ ਵਾਕ, ਇਕ-ਇਕ ਪੈਰਾ ਕੁਠਾਲੀ ਵਿਚ ਤਪ ਕੇ ਨਿਖਰੇ ਸੋਨੇ ਵਾਂਗ ਪ੍ਰਤੀਤ ਹੁੰਦਾ ਹੈ। ਇਹਨਾਂ ਨਿਬੰਧਾਂ ਵਿਚ ਜ਼ਿੰਦਗੀ ਦੇ ਸਫ਼ਰ ਨਾਲ ਜੁੜਿਆ ਸ਼ਾਇਦ ਹੀ ਕੋਈ ਅਜਿਹਾ ਤੱਥ, ਕੋਈ ਅਜਿਹੀ ਪਰਤ, ਕੋਈ ਅਜਿਹਾ ਮਰਹਲਾ, ਕੋਈ ਅਜਿਹਾ ਰਹੱਸ ਹੋਵੇਗਾ ਜਿਸ ਉੱਪਰ ਲੇਖਕ ਨੇ ਆਪਣੀ ਕਲਮ ਦੀ ਰੋਸ਼ਨੀ ਨਾ ਪਾਈ ਹੋਵੇ। ਸਗੋਂ ਇਹ ਰੋਸ਼ਨੀ ਪਾਠਕਾਂ ਦੇ ਮਨਾਂ ਦੇ ਗਹਿਰੇ ਖੂੰਜਿਆਂ ਨੂੰ ਵੀ ਰੋਸ਼ਨ ਕਰਨ ਵਿਚ ਕਾਮਯਾਬ ਹੁੰਦੀ ਹੈ। ਜ਼ਿੰਦਗੀ ਦੇ ਘੁੱਪ ਹਨੇਰਿਆਂ, ਕੰਡਿਆਲੇ, ਅੰਗਿਆਰ ਭਰੇ, ਉਬੜ - ਖਾਬੜ ਰਸਤਿਆਂ ਉੱਤੇ ਰਾਹ ਦਸੇਰੇ ਦਾ ਕੰਮ ਕਰਦੀ ਹੈ। ਦਰਅਸਲ ਇਹ ਨਿਬੰਧ ਮਹਿਜ਼ ਨਿਬੰਧ ਨਾ ਹੋਕੇ ਜ਼ਿੰਦਗੀ ਦੇ ਮੁਸੱਲਸਲ ਸਫ਼ਰ ਦੀ ਅੰਤਰੀਵ ਖ਼ੋਜ ਹਨ। ਇਹ ਖ਼ੋਜ ਹੀ ਉਹ ਪ੍ਰੀਕ੍ਰਿਆ ਹੈ, ਜਿਸ ਰਾਹੀਂ ਸਾਡੇ ਗੁਰੂ ਸਾਹਿਬਾਨ, ਪੀਰ-ਪੈਗੰਬਰ, ਫਿਲਾਸਫਰ ਤੁਰਦੇ ਆਏ ਤੇ ਕੁਲ ਲੁਕਾਈ ਨੂੰ ਆਪਣੀ ਨਿਰੰਤਰ ਸਾਧਨਾ ਤੋਂ ਹਾਸਲ ਕੀਤੇ ਹੀਰੇ ਮੋਤੀਆਂ ਦਾ ਛੱਟਾ ਦੇ ਗਏ ਹਨ। ਡਾ. ਅਰਵਿੰਦਰ ਵੀ ਉਹਨਾਂ ਰਾਹਾਂ ਦੇ ਪਾਂਧੀ ਜਾਪਦੇ ਹਨ। 'ਸਫ਼ਰ ਦਰ ਸਫ਼ਰ@ ਦਾ ਪਾਠ ਕਰਦਿਆਂ ਪਾਠਕ ਦੇ ਮਨ ਨੂੰ ਕਈ ਸਵਾਲਾਂ ਦੇ ਜਵਾਬ ਆਪ ਮੁਹਾਰੇ ਮਿਲ ਜਾਂਦੇ ਹਨ। ਜਿਵੇਂ ਮਨੁੱਖੀ ਸਫ਼ਰ ਦਾ ਸਬੱਬ ਕੀ ਹੈ ? ਵਿਕਾਰ ਕੀ ਹਨ ਅਤੇ ਮਨੁੱਖ ਵਿਕਾਰਾਂ ਦਾ ਗੁਲਾਮ ਕਿਵੇਂ ਬਣਦਾ ਹੈ ? ਸੋਚਾਂ ਅਤੇ ਵਿਚਾਰਾਂ ਦੇ ਚੱਕਰਵਿਊ ਵਿਚ ਫਸੇ ਇਨਸਾਨ ਦਾ ਹਸ਼ਰ ਕੀ ਹੁੰਦਾ ਹੈ ? ਨੀਯਤ ਨੂੰ ਮੁਰਾਦ ਦਾ ਅਰਥ ਤੇ ਇਨ੍ਹਾਂ ਦਾ ਅੰਤਰ ਸੰਬੰਧ ਕੀ ਹੈ ? ਮਨੁੱਖ ਸਵਾਰਥ ਦੀ ਦਲਦਲ ਵਿਚ ਕਿਉਂ ਧਸਦਾ ਜਾ ਰਿਹਾ ਹੈ ? ਕ੍ਰੋਧ, ਤਕਰਾਰ ਤੇ ਉਸ ਤੋਂ ਉਪਜੇ ਪਛਤਾਵੇ ਨੂੰ ਠੱਲ੍ਹ ਕਿਵੇਂ ਪਾਈ ਜਾ ਸਕਦੀ ਹੈ ? ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ, ਉਹਨਾਂ ਦੀਆਂ ਕੌੜੀਆਂ ਯਾਦਾਂ ਤੋਂ ਬਾਹਰ ਕਿਵੇਂ ਨਿਕਲਣਾ ਹੈ ? ਜ਼ਿੰਦਗੀ ਦੀ ਚਾਲ, ਦਸ਼ਾ ਤੇ ਦਿਸ਼ਾ ਨੂੰ ਕਿਵੇਂ ਪਛਾਣ ਕੇ ਬਦਲਾਵ ਦਾ ਉਪਰਾਲਾ ਕੀਤਾ ਜਾ ਸਕਦਾ ਹੈ ? ਕੀ ਜ਼ਲਾਲਤ ਦਾ ਇੰਤਕਾਮ ਲੈਣਾ ਜ਼ਰੂਰੀ ਹੈ ? ਰਿਸ਼ਤਿਆਂ ਦੇ ਸੰਸਾਰ ਦੀ ਹਕੀਕਤ ਕੀ ਹੈ ? ਗਰੂਰ ਦੀ ਕੰਧ ਢਾਹੁਣ ਦਾ ਕੀ ਢੰਗ ਹੈ ? ਮਨੁੱਖੀ ਹਸਤੀ ਦਾ ਅਹਿਸਾਸ, ਰਿਸ਼ਤਿਆਂ ਦੀ ਕਸ਼ਦੀਗੀ ਅਤੇ ਰਿਸ਼ਤਿਆਂ ਨੂੰ ਕਿਵੇਂ ਮਾਣੀਏ ? ਜ਼ਿੰਦਗੀ ਦੀ ਮੰਝਧਾਰ ਤੋਂ ਸਾਹਿਲ ਤੱਕ ਕਿਵੇਂ ਅਪੜੀਏ ? ਕਦੇ ਨਾ ਪੂਰਾ ਹੋਣ ਵਾਲਾ ਮਨੁੱਖੀ ਅਧੂਰਾਪਨ ਅਤੇ ਸ਼ਖ਼ਸੀਅਤ ਵਿਚ ਜ਼ਰਫ਼ਦਾ ਮਹਤੱਵ। ਬੁਲੰਦੀ ਉਤੇ ਪੁਜ ਕੇ ਇਕੱਲਤਾ ਹੰਢਾਉਂਦਾ ਮਨੁੱਖ। ਜ਼ਿੰਦਗੀ ਵਿਚੋਂ ਹੀਣ ਭਾਵਨਾ ਕਿਵੇਂ ਦੂਰ ਕਰੀਏ ? ਕਮਜ਼ੋਰ ਪਲਾਂ ਦਾ ਵਿਚ ਆਤਮਕ ਦਿਰੜਤਾ ਕਿਵੇਂ ਕਾਇਮ ਰੱਖੀ ਜਾ ਸਕਦੀ ਹੈ ? ਕਰਮ ਛੱਡ ਕੇ ਕਿਸਮਤ ਨੂੰ ਝੂਰਦਾ ਇਨਸਾਨ ਮਨੁੱਖੀ ਭਾਵਨਾਵਾਂ ਵਿਚ ਵਿਰੋਧਾਭਾਸ ਦਾ ਹੋਣਾ। ਝੂਠੇ ਦਾਅਵਿਆਂ ਉਤੇ ਉਸਾਰੀ ਝੂਠੀ ਇਬਾਰਤ ਦਾ ਨੁਕਸਾਨ, ਦੂਸਰਿਆਂ ਉਤੇ ਹਾਵੀ ਹੋਣ ਦਾ ਬੇਸਬਰਾਪਣ ਆਦਿ ਵਿਸ਼ੇ ਅਜੋਕੇ ਮਨੁੱਖ ਦੇ ਕਿਰਦਾਰ ਲਈ ਬੜੇ ਢੁਕਵੇਂ ਅਤੇ ਅਸਰਦਾਰ ਹਨ। ਸਾਰੇ ਹੀ ਨਿਬੰਧ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰ ਕੇ ਆਪਣੀਆਂ ਕਮਜ਼ੋਰੀਆਂ ਨੂੰ ਪਛਾਣਨ ਅਤੇ ਉਹਨਾਂ ਤੋਂ ਨਿਜ਼ਾਤ ਪ੍ਰਾਪਤ ਕਰਨ ਦਾ ਵਿਵਹਾਰਿਕ ਗਿਆਨ ਦਿੰਦੇ ਹਨ। ਹਰੇਕ ਰਚਨਾ ਮਨੁੱਖ ਨੂੰ ਸਬਰ ਤੇ ਸੰਤੋਖ ਨਾਲ ਰੱਬ ਦੀ ਰਜ਼ਾ ਵਿਚ ਰਹਿਣ ਕੇ ਸਹਿਜ, ਸਰਲ ਤੇ ਸਿਦਕ ਭਰਪੂਰ ਜੀਵਨ ਜਿਊਣ ਲਈ ਪ੍ਰੇਰਿਤ ਕਰਦਾ ਹੈ। ਇੰਨਾ ਨਿਬੰਧਾਂ ਵਿਚ ਲੇਖਕ ਦਾ ਅਰਜਿਤ ਗਿਆਨ ਤਾਂ ਝਲਕਦਾ ਹੀ ਹੈ ਸਗੋਂ ਉਸ ਦਾ ਨਿਜੀ ਅਨੁਭਵ ਵੀ ਬਹੁਤ ਸਾਰੇ ਮਸਲਿਆਂ ਨੂੰ ਸੁਲਝਾਉਣ ਦਾ ਆਧਾਰ ਬਣਿਆ ਹੈ। ਹਰੇਕ ਨਿਬੰਧ ਪਾਠਕ ਨੂੰ ਸਾਕਾਰਾਤਮਕ ਨਜ਼ਰੀਆ ਰੱਖਦਿਆਂ, ਉਸਾਰੂ ਸੋਚ, ਆਸ਼ਾਵਾਦੀ ਦ੍ਰਿਸ਼ਟੀਕੋਣ ਨਾਲ ਜ਼ਿੰਦਗੀ ਜਿਉਂਣ ਲਈ ਪ੍ਰੇਰਨਾ ਦਿੰਦਾ ਹੈ। ਜੀਵਨ ਜਾਚ ਦੇ ਮੁਢਲੇ ਤੱਤਾਂ ਤੇ ਤੱਥਾਂ ਨੂੰ ਉਜਾਗਰ ਕਰਨਾ ਵੀ ਲੇਖਕ ਦਾ ਉਦੇਸ਼ ਹੈ।

ਡਾ. ਅਰਵਿੰਦਰ ਸਿੰਘ ਦੀ ਭਾਸ਼ਾ ਸ਼ੈਲੀ ਉਤਮ ਨਿਬੰਧਾਂ ਦੇ ਅਨਕੂਲ ਹੈ। ਸੂਚਨਾਵਾਂ ਅਤੇ ਜਾਣਕਾਰੀਆਂ ਦੇ ਹੜ੍ਹ ਵਿਚਾਲੇ ਜੇ ਭਾਸ਼ਾਈ ਕੌਸ਼ਲ ਰਾਹੀਂ ਪੈਦਾ ਕੀਤੀ ਰੋਚਕਤਾ ਨਹੀਂ ਹੁੰਦੀ ਤਾਂ ਨਿਬੰਧ ਕਈ ਵਾਰ ਬੋਰੀਅਤ ਦਾ ਅਹਿਸਾਸ ਕਰਵਾਉਂਣ ਲਗਦੇ ਹਨ, ਲੇਕਿਨ ਡਾ. ਅਰਵਿੰਦਰ ਸਿੰਘ ਇਸ ਪੱਖੋਂ ਸੁਚੇਤ ਹਨ। ਇਸ ਲਈ ਉਹ ਭਾਸ਼ਾ ਵਿਚ ਉਰਦੂ, ਫ਼ਾਰਸੀ, ਹਿੰਦੀ, ਅੰਗਰੇਜ਼ੀ, ਅਤੇ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਕਰਕੇ ਵੰਨਸੁਵੰਨਤਾ ਪੈਦਾ ਕਰਦੇ ਹਨ। ਮਕਬੂਲ ਸ਼ਿਅਰਾਂ ਤੇ ਕਾਵਿ ਟੋਟਿਆਂ ਦੀ ਵਰਤੋਂ ਨਿਬੰਧਾਂ ਨੂੰ ਰਵਾਨੀ ਦੇ ਨਾਲ ਨਾਲ ਕਾਵਿਕਤਾ ਪ੍ਰਦਾਨ ਕਰਦੇ ਹਨ। ਨਿਬੰਧ ਨੂੰ ਡੂੰਘੇ ਅਰਥ ਪ੍ਰਾਪਤ ਹੁੰਦੇ ਹਨ। ਇਹਨਾਂ ਨਿਬੰਧਾਂ ਦੀ ਇਕ ਖ਼ੂਬੀ ਇਹ ਵੀ ਹੈ ਕਿ ਪੁਸਤਕ ਦੇ ਵਧੇਰੇ ਨਿਬੰਧ ਸੰਖੇਪ ਹਨ ਅਤੇ ਲੇਖਕ ਨੇ ਕੁੱਜੇ ਵਿਚ ਸਮੁੰਦਰ ਨੂੰ ਭਰਨ ਦਾ ਕੰਮ ਕੀਤਾ ਹੈ। ਇਸ ਲਈ ਇਹਨਾਂ ਨਿਬੰਧਾਂ ਦਾ ਪ੍ਰਭਾਵ ਅਤੇ ਸਮਰੱਥਾ ਪ੍ਰਚੰਡ ਹੈ। ਕਿਧਰੇ ਵੀ ਅਰਥਾਂ, ਭਾਵਨਾਵਾਂ ਜਾਂ ਪਰਤਾਂ ਦਾ ਪੇਤਲਾਪਣ ਨਜ਼ਰ ਨਹੀਂ ਆਉਂਦਾ ਹੈ। ਲੇਖਕ ਨੇ ਵਾਕਾਂ ਨੂੰ ਡੂੰਘੇ ਅਰਥ ਦੇਕੇ ਇਹਨਾਂ ਵਿਚਲੀ ਬੌਧਿਕ ਸਮਰੱਥਾ ਨੂੰ ਵਧਾ ਦਿੱਤਾ ਹੈ। ਇਹੋ ਕਾਰਨ ਹੈ ਕਿ ਇਹ ਨਿਬੰਧ ਇਕੋ ਸਮੇਂ ਆਮ ਸਧਾਰਨ ਪਾਠਕਾਂ ਅਤੇ ਸਾਹਿਤ ਦੇ ਗੰਭੀਰ ਸੂਝਵਾਨ ਪਾਠਕਾਂ ਦੀ ਸਾਹਿਤਕ ਤ੍ਰਿਪਤੀ ਕਰਾਉਣ ਵਿਚ ਕਾਮਯਾਬ ਹਨ।

ਡਾ. ਅਰਵਿੰਦਰ ਸਿੰਘ ਭੱਲਾ ਦੇ ਮਨ ਮੰਦਰ ਸੱਤਿਅਮ ਸ਼ਿਵਮ ਸੁੰਦਰਮ ਵਾਲਾ ਸੁਪਨ ਸੰਸਾਰ ਵਸਦਾ ਹੈ। ਜਿਸ ਦੀ ਕਲਪਨਾ ਉਸਾਰੀ ਉਹਨਾਂ ਨੇ ਗੁਰੂ ਸਾਹਿਬਾਨਾਂ ਦੀ ਪਵਿੱਤਰ ਬਾਣੀ ਦਾ ਅਧਿਐਨ ਕਰਨ ਅਤੇ ਦੁਨੀਆ ਭਰ ਦੇ ਤਮਾਮ ਫ਼ਿਲਾਸਫ਼ਰਾਂ ਤੇ ਬੁਧੀਜੀਵੀਆਂ ਦੀਆਂ ਪੁਸਤਕਾਂ ਪੜ੍ਹ ਕੇ, ਉਹਨਾਂ ਦੇ ਵਿਚਾਰਾਂ ਨੂੰ ਜਾਣ ਕੇ, ਸਮਝ ਕੇ ਅਤੇ ਪਛਾਣ ਕੇ ਕੀਤੀ ਹੈ। ਉਹ ਜ਼ਿੰਦਗੀ ਮਿਲੇਗੀ ਨਾ ਦੁਬਾਰਾ ਦੀ ਤਰਜ਼ ਉੱਤੇ ਇਸ ਮੌਕੇ ਨੂੰ ਵੱਧ ਤੋਂ ਵੱਧ ਕਲਿਆਣ ਤੇ ਇਸ ਸੰਸਾਰ ਨੂੰ ਹੋਰ ਸੁੰਦਰ ਬਣਾਉਣ ਲਈ ਪ੍ਰੇਰਿਤ ਕਰਦੇ ਹਨ। ਜਿਸ ਵਿਚ ਮਨੁੱਖ ਦਾ ਆਪਣਾ ਤੇ ਸਮਾਜ ਦਾ ਵੀ ਭਲਾ ਹੈ। ਜੋ ਹੈ, ਜੈਸਾ ਹੈ, ਉਸ ਨੂੰ ਹੀ ਸਜਾ ਸੰਵਾਰ ਕੇ ਮਾਣਨ ਅਤੇ ਸਾਂਭਣਯੋਗ ਦੀ ਜੀਵਨ ਜਾਚ ਤੇ ਜਿਉਣ ਦੀ ਕਲਾ ਸਿਖਾਉਂਦੀ ਪੁਸਤਕ 'ਸਫ਼ਰ ਦਰ ਸਫ਼ਰ@ ਇਕ ਸ਼ਾਹਕਾਰ ਕਿਰਤ ਹੈ। ਜਿਸ ਲਈ ਡਾ. ਅਰਵਿੰਦਰ ਸਿੰਘ ਨੂੰ ਢੇਰ ਸਾਰੀਆਂ ਮੁਬਾਰਕਾਂ। ਸੁੰਦਰ ਸਰਵਰਕ ਅਤੇ ਛਪਾਈਵਾਲੀ ਇਹ ਪੁਸਤਕ ਪੜ੍ਹਨ, ਮਾਣਨ ਅਤੇ ਸਾਂਭਣਯੋਗ ਪੁਸਤਕ ਹੈ।



# ਪੈਰਿਸ ਓਲੰਪਿਕ: ਭਾਰਤੀ ਹਾਕੀ ਟੀਮ ਦਾ ਸੁਨਹਿਰਾ ਸੁਫ਼ਨਾ ਕਿਵੇਂ ਟੁੱਟਿਆ




## ਜਰਮਨਪ੍ਰੀਤ ਦੀਆਂ ਗਲਤੀਆਂ ਨੇ ਪਲਟਿਆ ਪਾਸਾ

ਜਰਮਨਪ੍ਰੀਤ ਨੂੰ ਆਮ ਤੌਰ ਉੱਤੇ ਚੰਗੇ ਖਿਡਾਰੀਆਂ ਵਿੱਚ ਗਿਣਿਆ ਜਾਂਦਾ ਹੈ। ਲੇਕਿਨ ਭਾਰਤ ਨੂੰ ਉਨ੍ਹਾਂ ਦੀਆਂ ਕੁਝ ਗਲਤੀਆਂ ਨੇ ਪਹਿਲੇ ਹਾਫ਼ ਦੌਰਾਨ ਮੁਸ਼ਕਿਲ ਵਿੱਚ ਲਿਆ ਦਿੱਤਾ। ਭਾਰਤ ਉੱਤੇ ਪਹਿਲੇ ਹਾਫ ਵਿੱਚ ਜਰਮਨੀ ਨੇ ਜਿਹੜੇ ਦੋ ਗੋਲ ਕੀਤੇ, ਉਹ ਦੋਵੇਂ ਜਰਮਨਪ੍ਰੀਤ ਦੀਆਂ ਗਲਤੀਆਂ ਦੇ ਨਤੀਜੇ ਸਨ।ਪਹਿਲੇ ਮੌਕੇ ਉੱਤੇ ਜਰਮਨੀ ਦੇ ਖੱਬੇ ਫਲੈਂਕ ਨਾਲ ਬਣੇ ਹਮਲੇ ਵਿੱਚ ਜਦੋਂ ਖਿਡਾਰੀ ਨੇ ਗੇਂਦ ਨੂੰ ਸਰਕਲ ਵਿੱਚ ਪਾਇਆ ਤਾਂ ਜਰਮਨਪ੍ਰੀਤ ਨੇ ਗੇਂਦ ਰੋਕਣ ਦੀ ਕੋਸ਼ਿਸ਼ ਦੌਰਾਨ ਪੈਰ ਵਿੱਚ ਲਵਾ ਬੈਠੇ ਅਤੇ ਉਨ੍ਹਾਂ ਨੂੰ 18ਵੇਂ ਮਿੰਟ ਵਿੱਚ ਪਹਿਲਾ ਪੈਨਲਟੀ ਕਾਰਨਰ ਮਿਲ ਗਿਆ। ਇਸ ਨੂੰ ਜ਼ਹੂਰ ਕ੍ਰਿਸਟੋਫਰ ਨੇ ਗੋਲ ਵਿੱਚ ਬਦਲ ਦਿੱਤਾ।




ਭਾਰਤੀ ਪੁਰਸ਼ ਹਾਕੀ ਟੀਮ ਦਾ ਓਲੰਪਿਕ ਵਿੱਚ ਗੋਲਡ ਮੈਡਲ ਜਿੱਤਣ ਦਾ ਸੁਫ਼ਨਾ ਪੈਰਿਸ ਵਿੱਚ ਵੀ ਪੂਰਾ ਨਹੀਂ ਹੋ ਸਕਿਆ।ਭਾਰਤੀ ਹਾਕੀ ਟੀਮ ਨੂੰ ਸੈਮੀ ਫਾਈਨਲ ਮੁਕਾਬਲੇ ਵਿੱਚ ਜਰਮਨੀ ਦੇ ਹੱਥੋਂ 3-2 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਭਾਰਤ ਹੁਣ ਕਾਂਸੇ ਦੇ ਮੈਡਲ ਲਈ ਸਪੇਨ ਦੇ ਨਾਲ ਖੇਡੇਗਾ। ਭਾਰਤ ਦੀ ਹਾਰ ਦੇ ਕਈ ਕਾਰਨ ਰਹੇ ਲੇਕਿਨ ਸਭ ਤੋਂ ਵੱਡਾ ਕਾਰਨ ਸੀ ਕਿ ਟੀਮ ਮੈਚ ਦੇ ਦੌਰਾਨ ਮਿਲੇ ਕਈ ਮੌਕੇ ਭੁਨਾ ਨਹੀਂ ਸਕੀ।ਭਾਰਤ ਪਨੈਲਟੀ ਕਾਰਨਰ ਨੂੰ ਗੋਲ ਵਿੱਚ ਨਹੀਂ ਬਦਲ ਸਕਿਆ, ਇਸ ਦੇ ਨਾਲ ਹੀ ਗੋਲ ਕਰਨ ਦੇ ਕਈ ਮੌਕੇ ਵੀ ਹੱਥੋਂ ਗੁਆ ਲਏ।ਭਾਰਤ ਨੂੰ ਹੁਣ ਟੋਕੀਓ ਓਲੰਪਿਕ ਵਾਂਗ ਕਾਂਸੇ ਦਾ ਮੈਡਲ ਜਿੱਤਣ ਲਈ ਪਹਿਲਾਂ ਟੀਮ ਨੂੰ ਇਕਜੁੱਟ ਕਰਨਾ ਪਵੇਗਾ।

**ਕਮਜ਼ੋਰ ਖੇਡ ਨੇ ਮੈਚ ਹੱਥ ਚੋਂ ਕੱਢਿਆ**

ਭਾਰਤ ਨੇ ਪਹਿਲੇ ਕੁਆਰਟਰ ਵਿੱਚ ਹਮਲਾਵਰ ਅੰਦਾਜ਼ ਵਿੱਚ ਖੇਡ ਦੀ ਸ਼ੁਰੂਆਤ ਕਰਕੇ ਸੱਤਵੇਂ ਮਿੰਟ ਵਿੱਚ ਗੋਲ ਕਰਕੇ, ਅੱਗੇ ਹੋ ਗਿਆ। ਇਹ ਗੋਲ ਕਰਨ ਵਾਲੇ ਸਨ, ਹਰਮਨਪ੍ਰੀਤ ਸਿੰਘ। ਉਨ੍ਹਾਂ ਨੇ ਛੇਵੇਂ ਪੈਨਲਟੀ ਕਾਰਨਰ ਉੱਤੇ ਇਹ ਗੋਲ ਕੀਤਾ। ਇਸ ਦੌਰਾਨ ਭਾਰਤ ਦੀ ਖੇਡ ਨੂੰ ਦੇਖ ਕੇ ਲੱਗ ਰਿਹਾ ਸੀ ਟੋਕੀਓ ਓਲੰਪਿਕ ਵਿੱਚ ਕਾਂਸੇ ਦਾ ਮੈਡਲ ਜਿੱਤਣ ਲਈ ਜਿਸ ਤਰ੍ਹਾਂ ਖੇਡਿਆ ਜਾ ਰਿਹਾ ਸੀ, ਉਸੇ ਨੂੰ ਦੁਹਰਾਇਆ ਜਾ ਰਿਹਾ ਹੈ।ਭਾਰਤ ਨੇ ਤੀਜੇ ਕੁਆਰਟਰ ਵਿੱਚ ਵਾਪਸੀ ਦਾ ਭਰਭੂਰ ਯਤਨ ਕੀਤਾ ਅਤੇ 2-2 ਗੋਲ ਨਾਲ ਬਰਾਬਰੀ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ।ਭਾਰਤ ਨੂੰ ਇਸ ਦੌਰਾਨ ਅੱਗੇ ਵਧਣ ਦੇ ਵੀ ਕਈ ਮੌਕੇ ਮਿਲੇ ਪਰ ਇਨ੍ਹਾਂ ਦਾ ਫਾਇਦਾ ਨਹੀਂ ਚੁੱਕਿਆ ਜਾ ਸਕਿਆ।

**ਭਾਰਤੀ ਹਮਲਿਆਂ ਵਿੱਚ ਧਾਰ ਦੀ ਕਮੀ ਦਿਸੀ**

ਭਾਰਤੀ ਖਿਡਾਰੀ ਦਮ ਲਾ ਕੇ ਖੇਡ ਰਹੇ ਸਨ। ਗੋਲ ਕਰਨ ਦੇ ਮੌਕੇ ਵੀ ਬਣਾਏ, ਪਰ ਗੋਲ ਕਰਨ ਵਿੱਚ ਕੁਤਾਹੀ ਹਾਰ ਦਾ ਕਾਰਨ ਬਣੀ।ਘੱਟ-ਤੋਂ-ਘੱਟ ਤਿੰਨ ਮੌਕੇ ਸਨ ਜਦੋਂ, ਭਾਰਤੀ ਖਿਡਾਰੀ ਗੋਲ ਕਰਨ ਦੀ ਸਥਿਤੀ ਵਿੱਚ ਸਨ ਪਰ ਕਾਹਲੀ ਵਿੱਚ ਗੇਂਦ ਬਾਹਰ ਮਾਰ ਬੈਠੇ। ਭਾਰਤ ਨੇ ਗੋਲ ਕਰਨ ਦੇ ਕਰੀਬ ਅੱਧਾ ਦਰਜਣ ਮੌਕੇ ਖੁੰਝਾਏ। ਪਹਿਲੇ ਕੁਆਰਟਰ ਵਿੱਚ ਇੱਕ ਲੰਬੇ ਸਕੂਪ ਉੱਤੇ ਸਰਕਲ ਦੇ ਟਾਪ ਉੱਤੇ ਖੜ੍ਹੇ ਹਾਰਦਿਕ ਨੂੰ ਗੇਂਦ ਮਿਲੀ ਅਤੇ ਉਹ ਸਰਕਲ ਵਿੱਚ ਪਹੁੰਚਣ ਵਿੱਚ ਵੀ ਸਫ਼ਲ ਰਹੇ ਪਰ ਗੇਂਦ ਬਾਹਰ ਮਾਰ ਬੈਠੇ।ਹਾਰਦਿਕ ਨੇ ਇਸੇ ਤਰ੍ਹਾਂ ਤੀਜੇ ਕੁਆਰਟਰ ਵਿੱਚ ਪੈਨਲਟੀ ਕਾਰਨਰ ਰੀਬਾਊਂਡ ਕਾਰਨ ਮਿਲੀ ਗੇਂਦ ਨੂੰ ਖਾਲੀ ਗੋਲ ਵਿੱਚ ਪਾਉਣਾ ਸੀ। ਲੇਕਿਨ ਉਹ ਸ਼ਾਟ ਨੂੰ ਗੋਲ ਦੇ ਸਾਹਮਣੇ ਤੋਂ ਬਾਹਰ ਮਾਰ ਗਏ। ਇਸੇ ਤਰ੍ਹਾਂ ਅਭਿਸ਼ੇਕ ਅਤੇ ਸ਼ਮਸ਼ੇਰ ਨੇ ਵੀ ਗੋਲ ਕਰਨ ਦੇ ਮੌਕੇ ਬਰਬਾਦ ਕੀਤੇ।ਪੈਨਲਟੀ ਕਾਰਨਰ ਉੱਤੇ ਗੋਲ ਨਹੀਂ ਹੋਏ ਭਾਰਤ ਦੀ ਸਭ ਤੋਂ ਵੱਡੀ ਦਿੱਕਤ ਇਹ ਹੈ ਕਿ ਉਸ ਕੋਲ ਹਰਮਨਪ੍ਰੀਤ ਤੋਂ ਇਲਾਵਾ ਦੂਜਾ ਕੋਈ ਚੰਗਾ ਡਰੈਗ ਫਲਿਕਰ ਨਹੀਂ ਹੈ।ਇਸ ਕਾਰਨ ਰਸ਼ਰ ਚੰਗੀ ਤਰ੍ਹਾਂ ਜਾਣਦੇ ਹਨ ਕਿ ਗੇਂਦ ਹਰਮਨਪ੍ਰੀਤ ਕੋਲ ਜਾਣੀ ਹੈ, ਇਸ ਲਈ ਉਹ ਐਂਗਲ ਨੂੰ ਖ਼ਤਮ ਕਰਨ ਵਿੱਚ ਸਫ਼ਲ ਰਹਿੰਦੇ ਹਨ। ਜਰਮਨੀ ਨੇ ਹੇਨਰਿਚ ਟਿਓ ਦੇ ਨਾਲ ਦੋ ਖਿਡਾਰੀਆਂ ਨੂੰ ਇਸ ਕੰਮ ਉੱਤੇ ਲਾਇਆ ਅਤੇ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਸਫ਼ਲ ਰਹੇ। ਭਾਰਤ ਨੂੰ ਪੂਰੇ ਮੈਚ ਵਿੱਚ 11 ਪੈਨਲਟੀ ਕਾਰਨਰ ਮਿਲੇ, ਜਿਨ੍ਹਾਂ ਵਿੱਚੋਂ ਸਿਰਫ਼ ਦੋ ਨੂੰ ਹੀ ਗੋਲ ਵਿੱਚ ਬਦਲਿਆ ਜਾ ਸਕਿਆ। ਇਸ ਵਿੱਚ ਦੂਜਾ ਗੋਲ ਹਰਮਨਪ੍ਰੀਤ ਦੇ ਡਰੈਗ ਫਲਿਕ ਦੇ ਨਾਲ ਸੁਖਜੀਤ ਸਿੰਘ ਦੇ ਡਿਫਲੈਕਸ਼ਨ ਕਰਨ ਨਾਲ ਹੋਇਆ।ਭਾਰਤ ਨੂੰ ਸੇਪਨ ਦੇ ਖਿਲਾਫ ਕਾਂਸੇ ਦੇ ਮੁਕਾਬਲੇ ਦੌਰਾਨ ਇਸ ਕਮਜ਼ੋਰੀ ਤੋਂ ਉੱਪਰ ਉੱਠਣਾ ਪਵੇਗਾ।ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲਣ ਦੇ ਮਾਮਲੇ ਵਿੱਚ ਜਰਮਨੀ ਬਿਹਤਰ ਰਹੀ।ਉਨ੍ਹਾਂ ਨੇ ਪੰਜ ਪੈਨਲਟੀ ਕਾਰਨਰਾਂ ਵਿੱਚੋਂ ਇੱਕ ਨੂੰ ਗੋਲ ਵਿੱਚ ਬਦਲਿਆ ਅਤੇ ਇੱਕ ਉੱਤੇ ਉਨ੍ਹਾਂ ਨੂੰ ਪੈਨਲਟੀ ਸਟਰੋਕ ਮਿਲਿਆ, ਉਹ ਵੀ ਗੋਲ ਵਿੱਚ ਬਦਲ ਦਿੱਤਾ ਗਿਆ।

**ਭਾਰਤ ਨੂੰ ਰੜਕੀ ਅਮਿਤ ਰੋਹੀਦਾਸ ਦੀ ਕਮੀ**

ਅਮਿਤ ਰੋਹੀਦਾਸ ਬ੍ਰਿਟੇਨ ਦੇ ਖਿਲਾਫ਼ ਕੁਆਰਟਰ ਫਾਈਨਲ ਮੁਕਾਬਲੇ ਵਿੱਚ ਰੈਡ ਕਾਰਡ ਦਿਖਾਏ ਜਾਣ ਕਾਰਨ ਇਸ ਮੈਚ ਵਿੱਚ ਮੌਜੂਦ ਨਹੀਂ ਸਨ।ਇਸੇ ਕਾਰਨ ਟੀਮ ਦੇ ਖਿਲਾਫ਼ ਲਏ ਗਏ ਪੈਨਲਟੀ ਕਾਰਨਰਾਂ ਵਿੱਚ ਰਸ਼ਰਾਂ ਦੀ ਘਾਟ ਰਹੀ। ਅਮਿਤ ਇਸ ਜ਼ਿੰਮੇਵਾਰੀ ਨੂੰ ਨਿਡਰ ਹੋ ਕੇ ਨਿਭਾਉਂਦੇ ਹਨ। ਇਸ ਤੋਂ ਇਲਾਵਾ ਜਰਮਨੀ ਦੇ ਹਮਲਿਆਂ ਦੇ ਸਮੇਂ ਬਚਾਅ ਵਿੱਚ ਵੀ ਉਨ੍ਹਾਂ ਦੀ ਕਮੀ ਮਹਿਸੂਸ ਕੀਤੀ ਗਈ। ਸ਼੍ਰੀਜੇਸ਼ ਉੱਤੇ ਦਬਾਅ ਬਣਿਆ ਅਤੇ ਜਰਮਨੀ ਨੂੰ ਇਸਦਾ ਫਾਇਦਾ ਵੀ ਮਿਲਿਆ।ਇਸ ਮੁਕਾਬਲੇ ਤੋਂ ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਭਾਰਤੀ ਟੀਮ ਮਾਨਸਿਕ ਰੂਪ ਵਿੱਚ ਬਹੁਤ ਮਜ਼ਬੂਤ ਹੋਈ ਹੈ। ਲੇਕਿਨ ਆਖਰੀ ਕੁਆਰਟਰ ਵਿੱਚ ਜਦੋਂ ਜਰਮਨੀ ਨੇ ਤੀਜਾ ਗੋਲ ਕੀਤਾ ਤਾਂ ਟੀਮ ਵਿੱਚ ਖਿੰਡਾਅ ਦਿਸਣ ਲੱਗਿਆ।ਭਾਰਤੀ ਖਿਡਾਰੀਆਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਗੇਂਦ ਨੂੰ ਅੱਗੇ ਕਿਵੇਂ ਵਧਾਇਆ ਜਾਵੇ। ਕਈ ਵਾਰ ਜ਼ਰੂਰਤ ਤੋਂ ਜ਼ਿਆਦਾ ਸਮਾਂ ਗੇਂਦ ਰੱਖਣ ਦੇ ਚੱਕਰ ਵਿੱਚ ਉਹ ਉਨ੍ਹਾਂ ਤੋਂ ਖੋਹੀ ਗਈ।ਕਈ ਵਾਰ ਘਹਰਾਹਟ ਵਿੱਚ ਜਰਮਨੀ ਨੂੰ ਹੀ ਪਾਸ ਦੇ ਕੇ ਆਪਣੇ ਉੱਤੇ ਖ਼ਤਰਾ ਬਣਾ ਲਿਆ।ਅਸੀਂ ਸਾਰੇ ਜਾਣਦੇ ਹਾਂ ਕਿ 2011 ਵਿੱਚ ਟੀਮ ਇੰਡਿਆ ਦੇ ਵਿਸ਼ਵ ਕੱਪ ਜਿੱਤਣ ਦੇ ਸਮੇਂ ਪੈਡੀ ਅਪਟਨ ਕੰਡੀਸ਼ਨਿੰਗ ਕੋਚ ਸਨ। ਇਸੇ ਨੂੰ ਧਿਆਨ ਵਿੱਚ ਰੱਖ ਕੇ ਭਾਰਤੀ ਹਾਕੀ ਟੀਮ ਨਾਲ ਜੋੜਿਆ ਗਿਆ ਹੈ।ਭਾਰਤੀ ਟੀਮ ਪੈਰਿਸ ਆਉਣ ਤੋਂ ਪਹਿਲਾਂ ਤਿੰਨ ਦਿਨ ਤੱਕ ਸਵਿਟਜ਼ਰਲੈਂਡ ਦੀਆਂ ਐਲਪਸ ਪਹਾੜੀਆਂ ਵਿੱਚ ਲਾਏ ਕੈਂਪ ਵਿੱਚ ਰਹੀ ਸੀ। ਇਸ ਵਿੱਚ ਸਿਖਾਇਆ ਗਿਆ ਕਿ ਮੁਸ਼ਕਿਲ ਸਮੇਂ ਵਿੱਚ ਕਿਵੇਂ ਇਕਜੁੱਟਤਾ ਕਾਇਮ ਰੱਖੀ ਜਾਵੇ।ਇਸ ਤੋਂ ਇਲਾਵਾ ਵਿਰੋਧੀ ਸਥਿਤੀਆਂ ਵਿੱਚ ਕਿਵੇਂ ਖੇਡੀਏ ਲੇਕਿਨ ਇਸ ਸਭ ਤੋਂ ਜ਼ਿਆਦਾ ਜ਼ਰੂਰਤ ਸੀ, ਉਸ ਸਮੇਂ ਭਾਰਤੀ ਖਿਡਾਰੀ ਇਸ ਨੂੰ ਭੁੱਲਦੇ ਨਜ਼ਰ ਆਏ।ਜਰਮਨੀ ਦੇ ਖਿਲਾਫ਼ ਹਾਰ ਮਿਲਣ ਤੋਂ ਬਾਅਦ ਭਾਰਤੀ ਖਿਡਾਰੀਆਂ ਵਿੱਚ ਇੱਕਦਮ ਨਿਰਾਸ਼ਾ ਛਾ ਗਈ।ਲੇਕਿਨ ਭਾਰਤੀ ਟੀਮ ਨੂੰ ਅੱਠ ਅਗਸਤ ਨੂੰ ਸਪੇਨ ਦੇ ਨਾਲ ਹੋਣ ਵਾਲੇ ਕਾਂਸੇ ਦੇ ਮੈਡਲ ਮੁਕਾਬਲੇ ਵਿੱਚ ਪਹਿਲਾਂ ਇਸ ਨਿਰਾਸ਼ਾ ਵਿੱਚੋਂ ਨਿਕਲ ਕੇ ਆਪਣਾ ਖੇਡ ਸੰਜੋਣ ਦੀ ਲੋੜ ਪਵੇਗੀ।ਟੀਮ ਨੂੰ ਬੰਨ੍ਹ ਕੇ ਰੱਖਣ ਵਿੱਚ ਚੌਥਾ ਓਲੰਪਿਕ ਖੇਡਣ ਵਾਲੇ ਮਨਪ੍ਰੀਤ ਸਿੰਘ, ਪੀਆਰ ਸ਼੍ਰੀਜੇਸ਼ ਦੇ ਨਾਲ ਕਪਤਾਨ ਹਰਮਨਪ੍ਰੀਤ ਸਿੰਘ ਅਹਿਮ ਭੂਮਿਕਾ ਨਿਭਾਅ ਸਕਦੇ ਹਨ।



# ਕਹਾਣੀ



# ਰਾਜੂ

ਬਲਵਿੰਦਰ ਬਾਲਮ ਗੁਰਦਾਸਪੁਰ
ਮੋ. 98156-25409

ਰਾਜੂ ਇਕ ਸਾਲ ਦਾ ਸੀ ਜਦੋਂ ਉਸ ਨੂੰ ਉਸ ਦੇ ਮਾਂ-ਬਾਪ ਨੇ ਉਸ ਦੇ ਮਾਮੇ ਨੂੰ ਗੋਦ ਦੇ ਦਿੱਤਾ ਸੀ। ਉਸ ਦੇ ਮਾਮੇ ਘਰ ਕੋਈ ਔਲਾਦ ਨਹੀਂ ਸੀ ਅਤੇ ਭਵਿਖ ਵਿਚ ਔਲਾਦ ਹੋਣ ਦੀ ਕੋਈ ਸੰਭਾਵਨਾ ਵੀ ਨਹੀਂ ਸੀ।

ਰਾਜੂ ਅਪਣੇ ਪਰਿਵਾਰ ਸਹਿਤ ਜਲੰਧਰ ਸ਼ਹਿਰ ਵਿਚ ਰਹਿੰਦੇ ਸਨ। ਉਸ ਦਾ ਮਾਤਾ ਐਡਮੰਟਨ, ਕਨੇਡਾ ਵਿਖੇ ਰਹਿੰਦਾ ਸੀ। ਰਾਜੂ ਨੂੰ ਉਸ ਦੇ ਮਾਮਾ-ਮਾਮੀ ਐਡਮੰਟਨ ਲੈ ਗਏ ਸੀ। ਉਹ ਮਾਮਾ-ਮਾਮੀ ਕੋਲ ਹੀ ਰਹਿੰਦਾ ਅਤੇ ਐਡਮੰਟਨ ਦੇ ਇਕ ਸਕੂਲ ਵਿਚ ਪੜ੍ਹਦਾ ਸੀ। ਉਹ ਮਾਮਾ-ਮਾਮੀ ਨੂੰ ਹੀ ਅਪਣਾ ਅਸਲੀ ਮਾਂ-ਬਾਪ ਸਮਝਦਾ ਸੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਦਾ ਪਤਾ ਨਹੀਂ ਸੀ। ਕਿਉਂਕਿ ਕੱਚੀ ਉਮਰ ਦੀ ਕੱਚੀ ਮਿੱਟੀ ਜਿਵੇਂ ਚਾਹੋ ਢਲ ਜਾਂਦੀ ਹੈ। ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਜੇ ਛੋਟੇ ਬੱਚੇ ਨੂੰ ਗੋਦ ਦੇ ਦਿੱਤਾ ਜਾਵੇ ਤਾਂ ਕੁਦਰਤੀ ਗੱਲ ਹੈ ਅਸਲੀਅਤ ਸਾਹਮਣੇ ਨਹੀਂ ਆਉਂਦੀ। ਬੱਚਾ ਗੋਦ ਲੈਣ ਵਾਲੇ ਮਾਂ-ਬਾਪ ਨੂੰ ਹੀ ਅਸਲੀ ਮਾਂ-ਬਾਪ ਸਮਝਦਾ ਹੈ। ਇਹ ਮਨੋਵਿਗਿਆਨਕ ਤੱਥ ਹੈ।

ਜਦੋਂ ਰਾਜੂ ਬਾਰ੍ਹਾਂ ਕੁ ਸਾਲਾਂ ਦਾ ਹੋਇਆ ਤਾਂ ਉਹ ਜਾਲੰਧਰ (ਪੰਜਾਬ) ਵਿਖੇ ਇਕ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿਚ ਸ਼ਾਮਿਲ ਹੋਣ ਲਈ ਅਪਣੇ ਮਾਂ-ਬਾਪ (ਮਾਮਾ-ਮਾਮੀ) ਨਾਲ ਆਇਆ। ਲਗਭਗ ਇੱਕ ਮਹੀਨਾ ਉਹਨ੍ਹਾਂ ਨੇ ਪੰਜਾਬ ਰਹਿਣਾ ਸੀ। ਰਾਜੂ ਨੂੰ ਕਿਸੇ ਰਿਸ਼ਤੇਦਾਰ ਨੇ ਦੱਸ ਦਿੱਤਾ, ਕਿ ਉਸ ਦੇ ਅਸਲੀ ਮਾਂ-ਬਾਪ ਕੌਣ ਹਨ? ਕਿਸੇ ਰਿਸ਼ਤੇਦਾਰ ਨੇ ਸਾਰੀ ਅਸਲੀਅਤ ਦੱਸ ਦਿੱਤੀ। ਰਾਜੂ ਦੇ ਮਨ ਤੇ ਗਹਿਰਾ ਅਸਰ ਹੋਇਆ। ਉਸ ਦਾ ਦਿਮਾਗ ਇਕਦਮ ਬੌਂਦਲ ਗਿਆ। ਜਿਵੇਂ ਉਸ ਦੀਆਂ ਅੱਖਾਂ ਅੰਗੇ ਕੋਈ ਤੇਜ਼ ਨੇਰ੍ਹੀ ਲੰਘ ਰਹੀ ਹੋਵੇ। ਜਿਵੇਂ ਉਸ ਦੇ ਦਿਮਾਗ਼ ਵਿਚ ਕੋਈ ਜਵਾਰ ਭਾਟਾ ਫੁੱਟਣ ਵਾਲਾ ਹੋਵੇ। ਜਿਵੇਂ ਕਿਸੇ ਨੇ ਖ਼ੂਬਸੂਰਤ ਸਾਬਤ ਸਬੂਤੇ ਮਜਬੂਤ ਸ਼ੀਸ਼ੇ ਤੇ ਲੱਖਾਂ ਹੀ ਪੱਥਰ ਮਾਰ ਦਿੱਤੇ ਹੋਣ।

ਉਹ ਹਿੰਮਤ ਕਰਕੇ ਅਪਣੇ ਅਸਲੀ ਮਾਂ-ਬਾਪ ਨੂੰ ਮਿਲਿਆ ਅਤੇ ਅਪਣੀ ਮਾਂ ਨੂੰ ਕੁਰਲਾਂਦੀ ਤਰਸਮਈ ਆਵਾਜ਼ ਵਿਚ ਕਹਿਣ ਲੱਗਾ, ਮੈਨੂੰ ਪਤਾ ਲੱਗ ਗਿਆ ਹੈ ਕਿ ਤੁਸੀਂ ਮੇਰੇ ਅਸਲੀ ਮਾਂ-ਬਾਪ ਹੋ। ਕੀ ਤੁਸੀਂ ਮੈਨੂੰ ਅਪਣੇ ਕੋਲ ਨਹੀਂ ਰੱਖ ਸਕਦੇ ਸੀ? ਤੁਸੀਂ ਮੈਨੂੰ ਮਾਮੇ-ਮਾਮੀ ਨੂੰ ਕਿਉਂ ਦਿੱਤਾ? ਮੇਰਾ ਕੀ ਕਸੂਰ ਏ?

ਉਸ ਦੇ ਮਾਂ-ਬਾਪ ਨੇ ਬਹੁਤ ਸਮਝਾਇਆ ਕਿ ਰਾਜੂ ਬੇਟਾ ਹੁਣ ਤੇਰੇ ਮਾਂ-ਬਾਪ ਉਹ ਹੀ ਹਨ। ਤੈਨੂੰ ਛੋਟੇ ਹੁੰਦੇ ਨੂੰ ਗੋਦ ਦੇ ਦਿੱਤਾ ਸੀ। ਕਿਉਂਕਿ ਮੇਰੇ ਮਾਤਾ ਮਾਮੀ ਦੇ ਡਾਕਟਰੀ ਮਸ਼ਵਰੇ ਦੇ ਮੁਤਾਬਿਕ ਔਲਾਦ ਨਹੀਂ ਸੀ ਹੋ ਸਕਦੀ। ਅਸੀਂ ਉਹਨ੍ਹਾਂ ਦੀ ਖੁਸ਼ਹਾਲੀ ਕਰਕੇ, ਔਲਾਦ ਦੇ ਮੋਹ ਕਰਕੇ ਤੈਨੂੰ ਗੋਦ ਦੇ ਦਿੱਤਾ ਸੀ। ਨਾਲੇ ਉਹ ਵਧੀਆ ਸ਼ਹਿਰ ਵਿਚ ਕਨੇਡਾ ਰਹਿੰਦਾ ਸੀ। ਸਾਡੇ ਨਾਲੋਂ ਜ਼ਿਆਦਾ ਅਮਰੀ ਅਤੇ ਸੁੱਖ ਸਹੂਲਤਾਂ ਵਾਲੇ ਹਨ ਤਾਂ ਕਿ ਤੇਰੀ ਜ਼ਿੰਦਗੀ ਵਧੀਆ ਬਣੇ। ਲੋਕ ਤਾਂ ਕਨੇਡਾ ਜਾਣ ਨੂੰ ਤਰਸਦੇ ਹਨ। ਇਸ ਵਿਚ ਤੇਰੀ ਹੀ ਬਿਹਤਰੀ ਸੀ ਬੇਟਾ।

ਰਾਜੂ ਮਾਂ-ਬਾਪ ਦੇ ਜਵਾਬਾਂ ਤੋਂ ਸਤੁੰਸ਼ਟ ਨਾ ਹੋਇਆ। ਜਿਵੇਂ ਉਹਨਾਂ ਨੇ ਉਸ ਨਾਲ ਕੋਈ ਬੇਇੰਨਸਾਫ਼ੀ ਕੀਤੀ ਹੋਵੇ। ਜਿਵੇਂ ਵਾਧੂ ਜਿਹੀ ਚੀਜ਼ ਸਮਝ ਕੇ ਕਿਸੇ ਨੂੰ ਦੇ ਦਿੱਤੀ ਹੋਵੇ।

ਰਾਜੂ ਦਾ ਇਕ ਭਰਾ ਅਤੇ ਇਕ ਭੈਣ ਹੋਰ ਵੀ ਸੀ। ਉਹ ਉਨ੍ਹਾਂ ਨੂੰ ਵੀ ਮਿਲਿਆ ਪਰ ਰਾਜੂ ਦੇ ਮਨ-ਦਿਮਾਗ ਦੀ ਸਤੁੰਸ਼ਟੀ ਭਟਕਣ ਵਿਚ ਡਾਵਾਂਡੋਲ ਹੋ ਗਈ ਪਰ ਰਾਜੂ ਹੁਣ ਕੀ ਕਰ ਸਕਦਾ ਸੀ? ਪਰ ਉਹ ਆਪਣੇ ਅਸਲੀ ਮਾਂ-ਬਾਪ ਨਾਲ ਰਹਿਣਾ ਚਾਹੁੰਦਾ ਸੀ।

ਰਾਜੂ ਦੇ ਦਿਲ-ਦਿਮਾਗ ਉਪਰ ਉਦਾਸੀ ਛਾਂ ਗਈ, ਉਸ ਦੀ ਸੋਚ ਵਿਲਕ-ਵਿਲਕ ਤਿੜਕ ਗਈ। ਦਿਮਾਗ ਵਿਚ ਕਿਸੇ ਨੇ ਜਿਵੇਂ ਕਿਲ ਠੋਕ ਦਿੱਤੇ ਹੋਣ। ਉਸ ਨੂੰ ਅਪਣੇ ਅਸਲੀ ਮਾਤਾ-ਪਿਤਾ ਪ੍ਰਤੀ ਸਖ਼ਤ ਘ੍ਰਿਣਾ ਹੋ ਗਈ।

ਲਗਭਗ ਮਹੀਨ ਦੇ ਬਾਅਦ ਉਹ ਅਪਣੇ ਨਕਲੀ ਮਾਂ ਬਾਪ (ਮਾਮਾ-ਮਾਮੀ) ਨਾਲ ਫ਼ਿਰ ਵਾਪਿਸ ਐਡਮੰਟਨ, ਕਨੇਡਾ ਆ ਗਿਆ। ਉਸ ਦੇ ਮਾਮਾ-ਮਾਮੀ ਨੂੰ ਵੀ ਪਤਾ ਚਲ ਗਿਆ ਸੀ ਕਿ ਰਾਜੂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਹੈ।

ਰਾਜੂ ਇਕ ਦਿਨ ਸਕੂਲ ਗਿਆ ਤੇ ਮੁੜ ਵਾਪਿਸ ਨਾ ਆਇਆ। ਉਸ ਦੀ ਤਲਾਸ਼ ਵਿਚ ਕਈ ਇਸ਼ਤਿਹਾਰ ਕਢਵਾਏ ਗਏ। ਜਾਲੰਧਰ ਉਸ ਦੇ ਮਾਂ-ਬਾਪ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਰਾਜੂ ਕਈ ਦਿਨਾਂ ਤੋਂ ਨਹੀਂ ਮਿਲ ਰਿਹਾ।

ਰਾਜੂ ਦੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਬਹੁਤ ਪਰੇਸ਼ਾਨ ਹੋ ਗਏ। ਉਸ ਦੀ ਮਾਂ ਦਾ ਕਲੇਜਾ ਤਾਂ ਮੂੰਹ ਨੂੰ ਆਵੇ। ਉਹ ਸਭ ਬਹੁਤ ਰੋਏ। ਸਾਰਾ ਪਰਿਵਾਰ ਪਸ਼ਚਾਤਾਪ ਦੀ ਅਗਨੀ ਵਿਚ ਝੁਲਸਣ ਲੱਗਾ। ਉਹ ਹੁਣ ਸੋਚਦੇ ਕਿ ਜੇ ਰਾਜੂ ਸਾਡੇ ਕੋਲ ਰਹਿਣਾ ਚਾਹੁੰਦਾ ਸੀ ਤਾਂ ਉਸ ਦੀ ਗੱਲ ਮੰਨ ਲੈਣੀ ਚਾਹੀਦੀ ਸੀ। ਪਰ ਹੁਣ ਹੱਥੋਂ ਤੀਰ ਨਿਕਲ ਚੁਕਾ ਸੀ। ਇਕ ਪਛਤਾਵੇ ਦੀ ਅਗਨੀ ਦਿਨ ਰਾਤ ਲੂਹਦੀ ਰਵੇਗੀ।

ਇਸ ਤਰ੍ਹਾਂ ਕਈ ਸਾਲ ਨਿਕਲ ਗਏ ਪਰ ਰਾਜੂ ਦਾ ਕੋਈ ਥਹੁ ਪਤਾ ਨਾ ਲੱਗਾ। ਹੁਣ ਉਨ੍ਹਾਂ ਨੇ ਰਾਜੂ ਦੇ ਆਉਣ ਦੀ ਉਮੀਦ ਲਾਹ ਸੁੱਟੀ ਸੀ। ਜਿਵੇਂ ਰਾਜੂ ਇਕ ਸੁਪਨ ਬਣ ਗਿਆ ਹੋਵੇ। ਪਰ ਮਾਂ-ਬਾਪ ਦੀਆਂ ਆਂਦਰਾ ਦਾ ਕੋਮਲ ਹਿੱਸਾ ਜਿਸਮ 'ਚੋਂ ਗੁੰਮ ਹੋ ਜਾਵੇ ਤਾਂ ਉਹ ਜਿਉਂਦੀ ਲਾਸ਼ ਵਰਗੇ ਹੀ ਹੋ ਜਾਂਦੇ ਹਨ। ਇਕ ਆਸ ਦਾ ਦੀਪਕ ਹਿਰਦੇ ਵਿਚ ਜਗਦਾ ਤਾਂ ਹੈ ਪਰ ਉਸ ਦੀ ਲੋਅ ਆਲਾ-ਦੁਆਲਾ ਸਾੜਦੀ ਰਹਿੰਦੀ ਹੈ। ਜੋ ਵੀ ਉਸ ਦੀਪਕ ਦੇ ਕੋਲ ਜਾਂਦਾ ਹੈ ਸੜਣ ਦੀਆਂ ਸੰਭਾਵਨਾ ਨੂੰ ਜਨਮ ਦਿੰਦਾ ਰਹਿਦਾ ਹੈ।

ਰਾਜੂ ਦਾ ਭਰਾ ਭੁਪਿੰਦਰ ਅਤੇ ਭੈਣ ਮਨਜੀਤ ਕੌਰ ਉਚ ਸਿਖਿਆ ਲੈ ਕੇ ਪੜ੍ਹ ਲਿਖ ਗਏ। ਅਤੇ ਉਹ ਪੀ.ਆਰ ਲੈ ਕੇ ਐਡਮੰਟਨ ਕਨੇਡਾ ਚਲੇ ਗਏ। ਐਡਮੰਟਨ ਵਿਖੇ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਚੰਗੀਆਂ ਨੌਕਰੀਆਂ ਹਾਸਿਲ ਕਰ ਲਈਆਂ ਅਤੇ ਅਪਣਾ ਇਕ ਖ਼ੂਬਸੂਰਤ ਘਰ ਵੀ ਲੈ ਲਿਆ।

ਲਗਭਗ 18 ਸਾਲ ਦੇ ਬਾਅਦ ਰਾਜੂ ਨੂੰ ਘਰ ਦੀ ਯਾਦ ਸਤਾਉਣ ਲੱਗੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਦੀ ਯਾਦ ਘੁਣ ਵਾਂਗ ਖ਼ਾਣ ਲੱਗੀ।

ਰਾਜੂ ਹੁਣ ਜਵਾਨੀ ਦੀਆਂ ਖ਼ੂਬਸੂਰਤ ਰੰਗੀਨ ਭਾਵਨਾਵਾਂ ਨਾਲ ਮਾਲਾ ਮਾਲ ਸੀ। ਉਸ ਦਾ ਛੇ ਫੁੱਟ ਭਰਵਾਂ ਕੱਦ ਕਾਠ ਕਿਸੇ ਤੇਜ਼ਸਵੀ ਝਰਨੇ ਦੀ ਰਵਾਨੀ ਵਾਂਗ ਵਹਿਣ ਲੱਗਾ। ਭਰ ਜਵਾਨੀ ਵਾਲੇ ਸਾਰੇ ਦੈਹਿਕ-ਭੌਤਿਕ ਤੱਤ ਉਸ ਨੂੰ ਚੇਤਨਤਾ ਨੂੰ ਟੁੰਬਦੇ। ਲਲਕ, ਪਲਕ, ਉਮੰਗ, ਤਰੰਗ ਉਸ ਦੇ ਜਿਸਮ ਚੋਂ ਖ਼ੁਸ਼ਬੂ ਪੈਦਾ ਕਰਦੇ। ਉਸ ਦੀ ਸੋਚ ਸਤੁੰਲਿਤ ਅਤੇ ਦਲੇਰ ਸੰਭਾਵਨਾਂ ਦੀ ਰਾਹਨੁਮਈ ਕਰਦੀ। ਕੀ ਚੰਗਾ? ਕੀ ਮਾੜਾ? ਉਸ ਦੀ ਸੋਚ ਵਿਚ ਤੈਰਦਾ।

ਉਸ ਨੇ ਅਪਣੇ ਇਕ ਦੋਸਤ ਨੂੰ ਮਸ਼ਵਿਰਾ ਦੇਦਿੰਆਂ ਕਿਹਾ ਕਿ ਯਾਰ ਤੂੰ ਇੰਝ ਕਰ ਮੇਰਾ ਮਾਮਾ-ਮਾਮੀ ਐਡਮੰਟਨ 'ਚ ਟਾਮਾਰਾਕ ਵਿਖੇ ਰਹਿੰਦੇ ਹਨ। ਉਨ੍ਹਾਂ ਤੋਂ ਸਾਰਾ ਭੇਦ ਲਿਆ ਕਿ ਮੇਰੇ ਅਸਲੀ ਮੰਮੀ-ਡੈਡੀ ਕਿਥੇ ਰਹਿੰਦੇ ਹਨ? ਉਨ੍ਹਾਂ ਦਾ ਫ਼ੋਨ ਨੰਬਰ ਵੀ ਲੈ ਕੇ ਆਵੀਂ। ਇਹ ਉਸ ਦਾ ਦੋਸਤ ਐਡਮੰਟਨ ਇਕੱਠੇ ਖੇਡਦੇ ਹੁੰਦੇ ਸੀ। ਗਰਊਂਡ ਵਿਚ ਮਾਮਾ-ਮਾਮੀ ਦੇ ਨਾਲ ਉਸ ਦੋਸਤ ਨਾਲ ਇਕੱਠੇ ਸਾਈਕਲ ਚਲਾਉਂਦੇ ਹੁੰਦੇ ਸੀ। ਇਹ ਦੋਸਤ ਮਾਮਾ-ਮਾਮੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਰਾਜੂ ਨਾਲ ਉਨ੍ਹਾਂ ਦੇ ਘਰ ਵੀ ਆਉਂਦਾ-ਜਾਂਦਾ ਸੀ।

ਉਹ ਦੋਸਤ ਮਾਮਾ-ਮਾਮੀ ਦੇ ਘਰ ਚਲਿਆ ਗਿਆ ਪਰ ਰਾਜੂ ਬਾਰੇ ਨਾ ਦੱਸਿਆ। ਇਕ ਭੇਤੀ ਬਣ ਕੇ ਗਿਆ। ਉਸ ਦੋਸਤ ਨੇ ਮਾਮਾ-ਮਾਮੀ ਕੋਲ ਸਾਰੇ ਹਾਲਾਤ ਜਾਣ ਲਏ। ਸਾਰੀ ਜਾਣਕਾਰੀ-ਇਕੱਠੀ ਕਰ ਲਈ

ਉਸ ਦੋਸਤ ਨੇ ਰਾਜੂ ਨੂੰ ਆ ਕੇ ਦੱਸਿਆ "ਕਿ ਰਾਜੂ, ਤੇਰੇ ਮੰਮੀ ਡੈਡੀ ਅਜਕਲ ਜਾਲੰਧਰ ਨਹੀਂ, ਐਡਮੰਟਨ ਵਿਚ ਹੀ ਰਹਿੰਦੇ ਹਨ। ਉਨ੍ਹਾਂ ਦਾ ਅਪਣਾ ਘਰ ਹੈ। ਅਤੇ ਐਹ ਉਨ੍ਹਾਂ ਦਾ ਫੋਨ ਨੰਬਰ ਹੈ।"

ਰਾਜੂ ਦੀ ਮਿਲਣਦੀ ਤੜਪ ਹੋਰ ਵੱਧ ਗਈ। ਖ਼ੁਸ਼ੀ ਵਿਚ ਉਸ ਦਾ ਮਨ ਪੀਂਘ ਪੁਲਾਰੇ ਖਾਣ ਲੱਗਾ। ਉਸ ਨੇ ਹਿੰਮਤ ਕਰਕੇ ਫੋਨ ਕੀਤਾ", ਤਾਂ ਫੋਨ ਉਸ ਦੀ ਮਾਂ ਨੇ ਚੁੱਕਿਆ। ਰਾਜੂ ਨੇ ਆਵਾਜ਼ ਪਹਿਚਾਣ ਲਈ ਸੀ, ਉਹ ਆਵਾਜ ਉਸ ਦੀ ਮਾਂ ਦੀ ਹੀ ਸੀ।

ਰਾਜੂ ਨੇ ਹੌਲੀ ਜਿਹੀ ਰੋਆਂਸੀ ਥਿੜਕਦੀ ਆਵਾਜ਼ ਵਿਚ ਕਿਹਾ," ਮਾਂ ! ਰਾਜੂ ਦੀ ਮਾਂ ਦੇ ਇਕਦਮ ਹੋਸ਼ ਸੰਭਲ ਗਏ। ਕੰਨ ਖੜੇ ਹੋ ਗਏ। ਜਿਵੇਂ ਇਸ ਸਰਗੋਸੀ ਵਿਚ ਉਸ ਦੀਆਂ ਆਂਦਰਾਂ ਦੀ ਤੜਪ ਹੋਵੇ। ਸਾਰੇ ਸਰੀਰ ਵਿਚ ਇਕ ਭੂਮੀਗਤ ਅਣਪਛਾਣੀ ਜਗਿਆਸਾ ਮਈ ਇੱਛਾ ਦੀ ਦਰਦ ਭਰੀ ਲਹਿਰ ਦੋੜ ਗਈ ਹੋਵੇ।

ਉਸ ਦੀ ਮਾਂ ਨੇ ਜਗਿਆਸਾ ਦੀ ਤੀਬਰਤਾ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, 'ਕੌਣ, ਬੇਟਾ ਤੁਸੀ ਕੌਮ ਬੋਲ ਰਹੇ ਹੋ? ਕਿਸ ਨੂੰ ਮਿਲਆ ਏ ਬੇਟਾ?"

ਮਾਂ ..ਮਾਂ ਮੈਂ .ਮੈਂ .ਰਾਜੂ ਬੋਲ ਰਿਹਾ ਹਾਂ।"

ਉਸ ਦੀ ਮਾਂ ਦੀ ਉੱਚੀ ਸਾਰੀ ਚੀਕ ਨਿਕਲ ਗਈ ਜਿਵੇਂ ਉਸ ਦੇ ਲਬਾ ਤੇ ਆਇਆ ਰਾਜੂ ਦਾ ਨਾਮ ਸੱਤ ਅਸਮਾਨ ਪਾਰ ਕਰ ਗਿਆ ਹੋਵੇ, ਇਕ ਗੂੰਜ ਸਤ ਸਮੁੰਦਰ ਚੀਰ ਗਈ। ਉਸ ਦੀ ਮਾਂ ਦੀਆਂ ਅੱਖਾਂ ਵਿਚੋਂ ਹੰਝੂ ਬਾਰਿਸ਼ ਵਾਂਗ ਟਪਕਣ ਲੱਗੇ। ਮੋਬਾਇਲ (ਰੀਸੀਵਰ) ਹੱਥਾਂ ਵਿਚ ਕੰਪਣਤਾ ਨੂੰ ਛੂਹ ਗਿਆ। ਸਮੁੰਦਰ ਦੀਆਂ ਕਈ ਲਹਿਰਾਂ ਜਿਸਮ ਚੋਂ ਆਰ-ਪਾਰ ਹੋ ਗਈਆਂ। ਜਿਵੇਂ ਸੂਰਜ ਚੰਦ ਸਿਤਾਰੇ ਇਕੱਠੇ ਚੜ੍ਹ ਗਏ ਹੋਣ। ਆਸਮਾਨ ਦਾ ਸਾਰਾ ਨਿਯਮ ਉਲਟ-ਪੁਲਟ ਹੋ ਗਿਆ ਹੋਵੇ ਜਿਵੇਂ ਸਾਰੀ ਧਰਤੀ ਉਸ ਦੀ ਹੋ ਗਈ ਹੋਵੇ। ਖੁਸ਼ੀ ਦੇ ਅਨੇਕਾਂ ਦੀਵੇ ਜਗਮਗਾ ਉੱਠੇ।

ਉਸ ਨੇ ਰੁਆਂਸੀ ਆਵਾਜ਼ ਵਿਚ ਇਕ ਲਲਕ ਇਕ ਲਪਕ ਦੀ ਤੜਪ ਵਿਚ ਕਿਹਾ, "ਮੇਰੇ ਪਿਆਰੇ ਪੁੱਤਰ ਤੂੰ ਕਿੱਥੇ ਆਂ? ਮੇਰੇ ਸੋਹਣੇ ਲਾਲ, ਮੇਰੇ ਬੇਟੇ, ਮੇਰੇ ਪੁੱਤਰ, ਮੇਰੇ ਚੰਨ, ਆ ਮੈਨੂੰ ਘੁੱਟ ਕੇ ਜੱਫੀ ਵਿਚ ਲੈ-ਲੈ। ਮੇਰੇ ਪੁਤਰ ਮੇਰੇ ਲਾਡਲੇ, ਤੂੰ ਇੱਥੇ ਏ, ਮੇਰੇ ਲਾਲ?

ਉਸ ਨੇ ਅੱਖਾਂ ਵਿਚ ਸੁਮੰਦਰ ਭਰਦੇ ਹੋਏ ਕਿਹਾ, " ਮਾਂ, ਮੈਨੂੰ ਤੁਹਾਡੇ ਬਾਰੇ ਸਾਰੀ ਜਾਣਕਾਰੀ ਮਿਲ ਗਈ ਹੈ। ਮੈਂ ਅਜਕਲ ਟਰਾਂਟੋ (ਕੈਨੇਡਾ) ਰਹਿੰਦਾ ਹਾਂ ਪਰ ਮੈਂ ਅਜਕਲ ਐਡਮੰਟਨ ਵਿਚ ਹੀ-ਹਾਂ। ਮੈਂ ਹੁਣ ਤੁਹਾਨੂੰ ਮਿਲਣ ਲਈ ਆਉਂਦਾ ਹਾਂ।

ਉਸ ਦਿਨ ਛੁੱਟੀ ਵਾਲਾ ਦਿਨ ਸੀ। ਉਸ ਦੀ ਮਾਂ ਨੇ ਸਾਰੇ ਪਰਿਵਾਰ ਨੂੰ ਖੁਸ਼ੀ ਵਿਚ ਮੁਧਿਆਂ ਹੁੰਦੇ ਹੋਏ ਦੱਸਿਆ ਕਿ ਮੇਰਾ ਬੇਟਾ ਰਾਜੂ ਆ ਰਿਹਾ ਹੈ। ਖੁਸ਼ੀ ਦਾ ਮਾਹੌਲ ਸਿਰ ਚੜ੍ਹ ਕੇ ਬੋਲਣ ਲੱਗਾ। ਜਿਵੇਂ ਖੁਸ਼ੀ ਦੇ ਅਸਮਾਨ 'ਚੋਂ ਸਾਰੇ ਤਾਰੇ ਉਨ੍ਹਾਂ ਦੀ ਝੋਲੀ ਵਿਚ ਆ ਡਿਗੇ ਹੋਣ ਤੇ ਸਾਂਭੇ ਨਾ ਜਾਂਦੇ ਹੋਣ।

ਸਾਰਾ ਪਰਿਵਾਰ ਘਰ ਦੇ ਬਾਹਰ ਖੜ੍ਹਾ ਹੋ ਗਿਆ। ਮਾਂ ਨੇ ਹੱਥਾਂ ਵਿਚ ਤੇਲ ਚੋਣ ਵਾਲੀ ਕੌਲੀ ਮਜ਼ਬੂਤੀ ਨਾਲ ਫੜੀ ਲਈ। ਜਿਵੇਂ ਕਿ ਮੰਦਿਰ 'ਚੋਂ ਕਿਸੇ ਭਗਵਾਨ ਦੇ ਦਰਸ਼ਨ ਕਰਨੇ ਹੋਣ ਸਾਕਾਰ ਰੂਪ ਵਿਚ।

ਕੁਝ ਸਮੇਂ ਦੇ ਬਾਅਦ ਘਰ ਦੇ ਸਾਹਮਣੇ ਇਕ ਕਾਲੇ ਰੰਗੀ ਦੀ ਖ਼ੂਬਸੂਰਤ ਕਾਰ 'ਚੋਂ ਜਦ ਉਹ ਬਾਹਰ ਨਿਕਲਿਆ ਤਾਂ ਮਾਂ ਨੇ ਝੱਟ ਪਹਿਚਾਣ ਲਿਆ। ਉਹ ਦਰਵਾਜ਼ੇ 'ਚੋਂ ਹੀ ਦੌੜੀ ਹੋਈ ਗਈ, ਤੇਲ ਵਾਲੀ ਕੌਲੀ ਨੇ ਰਾਜੂ ਦੀ ਆਮਦ ਵਿਚ ਅਭਿਆਦਨ ਦੀ ਮੁਦਰਾ ਵਿਚ ਧਰਤੀ ਨੂੰ ਸੰਵਾਰ ਦਿੱਤਾ। ਉਸ ਦੀ ਮਾਂ ਰਾਜੂ ਨਾਲ ਲਿਪਟ ਕੇ ਜ਼ੋਰ ਜ਼ੋਰ ਨਾਲ ਸਿਸਕਦੀਆਂ ਦੇ ਹੁਲਾਰਿਆਂ ਵਿਚ ਰੋਂਦੀ ਜਾ ਰਹੀ ਸੀ। ਮਾਂ ਨੇ ਉਸ ਨੂੰ ਚੁੰਮ-ਚੁੰਮ ਕੇ ਹਾਲੋ-ਬੇਹਾਲ ਕਰ ਲਿਆ। ਮਾਂ-ਪੁੱਤ ਘੁੱਟ ਕੇ ਜਫੀਆਂ ਪਾ ਕੇ ਮਿਲੇ ਜਿਵੇਂ ਸਦੀਆਂ ਦੀ ਮੋਹ ਦੀ ਪਿਆਸ ਬੁੱਜ ਗਈ ਹੋਵੇ। ਮਾਂ ਦੀਆਂ ਅਸੀਸਾਂ ਦਾ ਅਸਮਾਨ ਤਾਰਿਆਂ ਨਾਲ ਭਰ ਗਿਆ।

ਡੈਡੀ ਅਤੇ ਭੈਣ, ਭਰਾ ਮਿਲ। ਖੁਸ਼ੀ ਦੇ ਹੰਝੂਆਂ ਵਿਚ ਗਵਾਚਿਆ ਮੋਹ ਫਿਰ ਬੁਲੰਦੀ ਨੂੰ ਛੂਹ ਗਿਆ।

ਰਾਜੂ ਦੀ ਮਾਂ ਅਤੇ ਸਾਰੇ ਪਰਿਵਾਰ ਨਾਲ ਮਿਲ ਕੇ ਤਰ੍ਹਾਂ-ਤਰ੍ਹਾਂ ਦੇ ਮਿਸ਼ਠਾਣ, ਪਕਵਾਣ ਬਣਾ ਰੱਖੇ ਸੀ। ਸਭ ਬਾਰ-ਬਾਰ ਉਸ ਨੂੰ ਗਲੇ ਵਿਚ ਲੈਂਦੇ। ਮਾਂ ਤੇ ਜਿਵੇਂ ਮੀਰਾਂ ਹੋ ਗਈ ਹੋਵੇ।

ਸ਼ਾਮ ਦੇ ਵੇਲੇ ਰੋਟੀ ਪਾਣੀ ਖ਼ਾਣ ਤੋਂ ਪਹਿਲਾਂ ਰਾਜੂ ਨੂੰ ਉਸ ਦੀ ਮਾਂ ਨੇ ਜਗਿਆਸਾ ਮਈ ਲਿਲਕੜੀ ਵਿਚ ਪੁੱਛਿਆ, ਪੁੱਤਰ ਤੂੰ ਏਨੇ ਸਾਲ ਕਿੱਥੇ ਰਿਹਾ, ਮੇਰਾ ਲਾਡਲਾ, ਤੈਨੂੰ ਮਾਂ ਦੀਆਂ ਆਂਦਰਾਂ ਦਾ ਖਿਆਲ ਨਾ ਆਇਆ। ਮੇਰੇ ਲਾਲ ਤੈਨੂੰ ਸਾਡੀ ਕਦੀ ਯਾਦ ਨਾ ਆਈ?

ਤਾਂ ਰਾਜੂ ਨੇ ਸਾਰਾ ਵਜੂਦ ਇਕੱਠਾ ਕਰਦੇ ਹੋਏ ਅਪਣੇ ਹੌਂਸਲੇ ਦੀ ਬੇੜੀ ਨੂੰ ਪਾਰ ਲਗਾਂਦੇ ਹੋਏ ਦੱਸਿਆ, ਮਾਂ, ਜਦੋਂ ਮੈਨੂੰ ਪਤਾ ਲੱਗਾ ਕਿ ਤੁਸੀਂ ਮੇਰੇ ਅਸਲੀ ਮਾਤਾ-ਪਿਤਾ ਹੋ ਤਾਂ ਮੇਰਾ ਦਿਲ ਉਖੜ ਗਿਆ। ਫਿਰ ਮਾਮਾ-ਮਾਮੀ ਕੋਲ ਮੇਰਾ ਦਿਲ ਨਹੀਂ ਲੱਗਾ। ਦਿਨ-ਰਾਤ ਤੁਹਾਡੀ ਸਭ ਦੀ ਯਾਦ ਆਉਣ ਲੱਗੀ। ਵਾਪਿਸ ਮੈਂ ਆ ਨਹੀਂ ਸਾਂ ਸਕਦਾ। ਮੈਂ ਘਰੋਂ ਦੌੜਨ ਦਾ ਪ੍ਰਣ ਕਰ ਲਿਆ, ਕਈ ਉਚੇ ਨੀਵੇਂ ਮਾੜੇ ਚੰਗੇ ਖਿਆਲ ਆਏ। ਪਰ ਆਖੀਰ ਘਰੋਂ ਦੌੜ ਗਿਆ। ਗੁਰਦੁਆਰੇ ਚਲਾ ਗਿਆ। ਉਥੇ ਇਕ ਬਜ਼ੁਰਗ ਔਰਤ ਮਿਲੀ। ਉਸ ਨੇ ਮੈਨੂੰ ਪੁੱਛਿਆ, ਪੁੱਤਰ, ਤੇਰੇ ਨਾਲ ਕੌਣ ਏ? ਕਿਉਂਕਿ ਉਹ ਮੇਰੇ ਹੁਲੀਆ ਅਤੇ ਘਬਰਾਏ ਚਿਹਰੇ ਤੋਂ ਅੰਦਾਜ਼ਾ ਲਗਾ ਗਈ ਸੀ ਕਿ ਮੇਰੀ ਮਨੋਦਸ਼ਾ ਕੀ ਹੈ?

ਮੈਂ ਉਸ ਬਜ਼ੁਰਗ ਔਰਤ ਨੂੰ ਕਿਹਾ, ਕਿ ਮੇਰਾ ਇਸ ਦੁਨੀਆਂ 'ਤੇ ਕੋਈ ਨਹੀਂ ਹੈ, ਮੈਂ ਇਕੱਲਾ ਹੀ ਹਾਂ।

ਉਹ ਔਰਤ ਮੈਨੂੰ ਅਪਣੇ ਘਰ ਲੈ ਆਈ। ਉਹ ਇਕੱਲੀ ਹੀ ਰਹਿੰਦੀ ਸੀ। ਉਸ ਨੇ ਮੈਨੂੰ ਪਾਲਿਆ ਪੋਸਿਆ। ਕੁਝ ਸਾਲ ਬਾਅਦ ਉਸ ਦੀ ਮੌਤ ਹੋ ਗਈ। ਉਹ ਇਕ ਘਰ ਮੇਰੇ ਨਾਮ ਕਰ ਗਈ ਸੀ। ਮੈਂ ਉਹ ਘਰ ਵੇਚ ਕੇ ਟਰਾਂਟੋ ਚਲਾ ਗਿਆ। ਉਥੇ ਜਾ ਕੇ ਬਹੁਤ ਮਿਹਨਤ ਕੀਤੀ। ਕੁਝ ਸਾਲ ਟੈਕਸੀ ਚਲਾਈ ਅਤੇ ਫ਼ਿਰ ਕੁਝ ਸਾਲਾਂ ਬਾਅਦ ਮੈਂ ਇਕ ਟਰੱਕ ਖ਼ਰੀਦ ਲਿਆ। ਹੁਣ ਮੇਰੇ ਕੋਲ ਦੋ ਟਰੱਕ ਹਨ।

ਮਾਂ-ਬਾਪ ਅਤੇ ਸਾਰਾ ਪਰਿਵਾਰ ਖੁਸ਼ੀ ਵਿਚ ਮਾਲਾ-ਮਾਲ ਹੋ ਗਏ। ਬੁੱਝਿਆ ਹੋਇਆ ਦੀਪਵ ਮੁੜ ਜਗ ਪਿਆ। ਖੁਸ਼ੀ, ਰੌਸ਼ਨੀ ਵਿਚ ਤਬਦੀਲ ਹੋ ਕੇ ਹਿਕ ਬੁਲੰਦੀ 'ਤੇ ਜਾ ਕੇ ਰੁਕ ਗਈ।

ਕੁਝ ਦਿਨਾਂ ਦੇ ਬਾਅਦ ਰਾਜੂ ਨੇ ਅਪਣੇ ਪਰਿਵਾਰ ਦੀ ਸਹਿਮਤੀ ਨਾਲ ਸ਼ਾਦੀ ਕਰ ਲਈ।

# ਕੁਦਰਤ ਨਾਲ ਖਿਲਵਾੜ

ਉਤਰਾਖੰਡ ਦੇ ਪ੍ਰਮੁੱਖ ਤੀਰਥ ਅਸਥਾਨ ਜੋਸੀਮੱਠ 'ਚ ਕਈ ਥਾਵਾਂ ਤੋਂ ਜਮੀਨ ਖਿਸਕਣ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਬੇਘਰ ਹੋਣਾ ਪਿਆ ਹੈ। ਜਿ?ਲ੍ਹਾ ਪ੍ਰਸਾਸਨ ਵੱਲੋਂ ਇਸ ਖੇਤਰ ਨੂੰ ਆਫਤ ਗ੍ਰਸਤ ਖੇਤਰ ਐਲਾਨਿਆ ਗਿਆ ਹੈ। ਹੈਰਾਨੀਜਨਕ ਤਸਵੀਰਾਂ ਦੱਸ ਰਹੀਆਂ ਹਨ ਕਿ ਇਸ ਖੇਤਰ ਵਿੱਚ ਥਾਂ ਥਾਂ ਤੇ ਜਮੀਨ ਵਿੱਚ ਦਰਾਰਾਂ ਪੈ ਗਈਆਂ ਹਨ। ਇਕ ਇਨਸਾਨ ਇੰਨੀ ਮਿਹਨਤ ਕਰਕੇ ਆਪਣਾ ਘਰ ਬਣਾਉਂਦਾ ਹੈ। ਆਪਣੀ ਛੱਤ ਹੁੰਦੀ ਹੈ।ਕਿੰਨਾ ਉਸ ਨੂੰ ਫਕਰ ਹੁੰਦਾ ਹੈ।ਕਿਨੇਂ ਅਰਮਾਨ ਹੁੰਦੇ ਹਨ ਕਿ ਮੇਰਾ ਘਰ ਬਣ ਗਿਆ। ਬੇਵੱਸ ਹੋ ਕੇ ਹੀ ਇਨਸਾਨ ਨੂੰ ਅਜਿਹੇ ਹਲਾਤਾਂ ਵਿੱਚ ਫਿਰ ਆਪਣੀ ਜਾਨ ਦੀ ਰਾਖੀ ਲਈ ਘਰ-ਬਾਰ ਛੱਡਣੇ ਪੈਂਦੇ ਹਨ। ਚਾਹੇ ਇਨ੍ਹਾਂ ਬੇਘਰੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਜਾਣ ਲਈ ਕਿਹਾ ਗਿਆ ਹੈ ,ਪਰ ਇਨ੍ਹਾਂ ਦਾ ਦਿਲ ਘਰ ਛੱਡਣ ਨੂੰ ਮਜਬੂਰ ਨਹੀਂ ਕਰ ਰਿਹਾ ਸੀ।ਚੇਤੇ ਕਰਵਾ ਦੇਈਏ ਕਿ 2012 ਵਿਚ ਉਤਰਾਖੰਡ ਖੇਤਰ ਹੜ੍ਹਾਂ ਦੀ ਮਾਰ ਹੇਠ ਆਇਆ ਸੀ। ਬਹੁਤ ਨੁਕਸਾਨ ਹੋਇਆ ਸੀ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ ਹੈ। ਨਿਕਾਸੀ ਬਿਲਕੁੱਲ ਵੀ ਨਹੀਂ ਰਹੀ। ਗੱਡੀਆਂ ਦੀ ਗੱਡੀਆਂ ਹੜਾਂ ਵਿੱਚ ਰੁੜ ਗਈਆਂ ਸਨ। ਇਨਸਾਨ ਫਿ?ਰ ਵੀ ਨਹੀਂ ਸਭਲਿਆ।ਮਨੁੱਖ ਦੀ ਦਖਲ-ਅੰਦਾਜੀ ਲਗਾਤਾਰ ਵੱਧਦੀ ਜਾ ਰਹੀ ਹੈ। ਪੈਸੇ ਦੀ ਹੋੜ ਲਗਾਤਾਰ ਵੱਧ ਰਹੀ ਹੈ। ਪਹਾੜੀ ਖੇਤਰਾਂ ਨੂੰ ਕੱਟ ਕੇ ਵੱਡੇ ਵੱਡੇ ਹੋਟਲ ਬਣਾਏ ਜਾ ਰਹੇ ਹਨ ।ਆਬਾਦੀ ਵੱਧ ਗਈ ਹੈ।ਨਿੱਜੀ ਸੁਆਰਥਾਂ ਖਾਤਰ ਪਹਾੜਾਂ ਅਤੇ ਦਰੱਖਤਾਂ ਦੀ ਕਟਾਈ ਤੇ ਲਗਾਤਾਰ ਉਸਾਰੇ ਜਾ ਰਹੇ ਵੱਡੇ ਹੋਟਲ, ਚੌੜੀਆਂ ਸੜਕਾਂ, ਰੇਲਵੇ ਲਾਈਨਾਂ ਦਾ ਵਿਸਥਾਰ ਜਮੀਨ ਧੱਸਣ ਦਾ ਮੁੱਖ ਕਾਰਨ ਹਨ। ਸੀਵਰੇਜ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਾਰਨ ਧਰਤੀ ਹੇਠਾਂ ਰਿੱਸਣ ਵਾਲੇ ਪਾਣੀ ਨੇ ਇਸ ਖੇਤਰ 'ਚ ਇਸ ਸਮੱਸਿਆ ਨੂੰ ਵਧਾਇਆ ਹੈ। ਦਿਨ-ਪ੍ਰਤਿਦਿਨ ਹਾਲਾਤ ਚਿੰਤਾ ਵਾਲੇ ਹੁੰਦੇ ਜਾ ਰਹੇ ਹਨ। ਜਮੀਨ ਖਿਸਕਣ ਨਾਲ ਪ੍ਰਭਾਵਿਤ ਲੋਕਾਂ ਨੂੰ ਬਜਾਰ ਦੀ ਕੀਮਤ ਦੇ ਹਿਸਾਬ ਨਾਲ ਮੁਆਵਜਾ ਦਿੱਤਾ ਜਾਵੇਗਾ। ਲੋਕਾਂ ਨੂੰ ਸੁਰੱਖਿਅਤ ਸਥਾਨਾਂ ਤੇ ਠਹਿਰਾਇਆ ਜਾ ਰਿਹਾ ਹੈ। ਕੁਝ ਹੀ ਦਿਨਾਂ ਪਹਿਲੇ ਹਿਮਾਚਲ ਪ੍ਰਦੇਸ ਦੇ ਮੈਕਲੋਡਗੰਜ ਵਿੱਚ ਵੀ ਕੁੱਝ ਹਿੱਸਾ ਖਿਸਕ ਗਿਆ ਸੀ। ਚੇਤੇ ਕਰਵਾ ਦੇਈਏ ਕਿ ਜਿੰਨੇ ਵੀ ਪੜਾਈ ਖੇਤਰ ਹਨ, ਵੱਡੇ ਪੈਮਾਨੇ ਤੇ ਨਜਾਇਜ ਉਸਾਰੀਆਂ ਹੋ ਰਹੀਆਂ ਹਨ।ਮਾਈਨਿੰਗ ਵੱਧ ਗਈ ਹੈ। ਅਫਸਰਾਂ ਦੀ ਮਿਲੀਭੁਗਤ ਨਾਲ ਇਹ ਗੋਰਖ ਧੰਦੇ ਚੱਲ ਰਹੇ ਹਨ। ਭ੍ਰਿਸਟਾਚਾਰ ਦਾ ਬਹੁਤ ਜਿ?ਆਦਾ ਬੋਲ-ਬਾਲਾ ਹੈ। ਅਜੇ ਵੀ ਸੰਭਲਣ ਦਾ ਵੇਲਾ ਹੈ। ਗਰਮੀਆਂ ਵਿਚ ਸੈਲਾਨੀ ਪਹਾੜੀ ਖੇਤਰਾਂ ਵਿੱਚ ਸੈਰ ਸਪਾਟੇ ਲਈ ਜਾਂਦੇ ਹਨ। ਸਰਕਾਰ ਦੀ ਅਹਿਮ ਜਿ?ਮੇਵਾਰੀ ਬਣਦੀ ਹੈ ਕਿ ਕੁਦਰਤੀ ਸੋਮਿਆਂ ਵੱਲ ਵਿਸੇਸ ਧਿਆਨ ਦੇਣ ਦੀ ਲੋੜ ਹੈ। ਤਾਂ ਜੋ ਕੁਦਰਤ ਨੂੰ ਢਹਿ ਢੇਰੀ ਹੋਣ ਤੋਂ ਬਚਾਇਆ ਜਾ ਸਕੇ। ਕੁਦਰਤ ਹੀ ਰੱਬ ਹੈ।

ਸੰਜੀਵ ਸਿੰਘ ਸੈਣੀ,
ਮੋਹਾਲੀ 7888966168

### 9 ਅਗਸਤ ਤੇ ਵਿਸ਼ੇਸ਼ ਲੇਖ

# ਗੁਰੂ ਕੇ ਬਾਗ਼ ਦਾ ਮੋਰਚਾ



ਸੁਖਵਿੰਦਰ ਸਿੰਘ ਮੁੱਲਾਂਪੁਰ
9914184794

ਅੰਗਰੇਜ਼ ਸਰਕਾਰ ਦੀ ਸ਼ਹਿ ਤੇ ਬੈਠੇ ਗੁਰਦੁਵਾਰਿਆਂ ਵਿਚ ਮਹੰਤਾਂ ਵਲੋਂ ਗੁਰਦੁਆਰਿਆਂ ਵਿਚ ਦਿਨੋ ਦਿਨ ਵੱਧ ਰਹੀਆਂ ਬੇ-ਅਦਬੀਆਂ ਨੂੰ ਸਿੱਖ ਕਿੰਨਾਂ ਕੁ ਚਿਰ ਸਹਿਣ ਕਰ ਸਕਦੇ ਸਨ ਅਖ਼ੀਰ ਉਹਨਾਂ ਮਹੰਤਾਂ ਕੋਲੋਂ ਗੁਰਦੁਵਾਰੇ ਆਜ਼ਾਦ ਕਰਵਾਉਣ ਦੀ ਮੁਹਿੰਮ ਵਿਡ ਲਈ।ਸਭ ਤੋਂ ਪਹਿਲਾਂ ਇਹਨਾਂ ਮਸੰਦਾਂ ਪੁਜਾਰੀਆਂ ਦੀ ਗੱਲ ਕਰਨ ਵੇਲੇ ਇਹਨਾਂ ਦੇ ਪਿਛੋਕੜ ਵੱਲ ਝਾਤ ਮਾਰਨੀ ਜਰੂਰੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਸਿੱਖ ਰਾਜ ਤੇ ਡੋਗਰੇ ਹਾਵੀ ਹੋਏ ਤਾਂ ਉਹਨਾਂ ਦੀ ਸੋਚ ਸੀ ਹੌਲੀ ਹੌਲੀ ਮਹਾਰਾਜਾ ਦੇ ਪੁੱਤਰਾਂ ਨੂੰ ਖ਼ਤਮ ਕਰਕੇ ਆਪਣੇ ਪੁੱਤਰਾਂ ਨੂੰ ਤਖ਼ਤ ਤੇ ਬਿਠਾਇਆ ਜਾਵੇ।ਉਹਨਾਂ ਨੇ ਇਹ ਸੋਚ ਇੱਥੇ ਹੀ ਖ਼ਤਮ ਨਹੀ ਕੀਤੀ ਜੋ ਸਿੱਖ ਧਰਮ ਦੇ ਅਸਥਾਨ ਸਨ ਉਹਨਾਂ ਵਿਚ ਜੰਮੂ ਦੇ ਡੋਗਰੇ ਲਿਆ ਕੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਚਲਾਉਣ ਲਈ ਗੁਰਦੁਆਰਿਆਂ ਵਿੱਚ ਬਿਠਾ ਦਿੱਤੇ।

ਉਹ ਵਿਆਕਤੀ ਅੰਦਰੋਂ ਤਾਂ ਹਿੰਦੂ ਮੱਤ ਵਾਲੇ ਸਨ ਉਹਨਾਂ ਨੂੰ ਸਿੱਖੀ ਨਾਲ ਕੋਈ ਪਿਆਰ ਨਹੀਂ ਸੀ ਪਰ ਗੁਰਦੁਆਰਿਆਂ ਵਿਚ ਭੇਖਧਾਰੀ ਸਿੱਖ ਬਣ ਕੇ ਕਾਬਜ਼ ਹੋ ਗਏ ਇਹਨਾਂ ਵਿਆਕਤੀਆਂ ਨੂੰ ਹੀ ਪੁਜਾਰੀ ਜਾਂ ਮਸੰਦਾਂ ਦਾ ਨਾਮ ਦਿੱਤਾ ਗਿਆ।ਇਹ ਗੁਰਦੁਆਰਿਆਂ ਦਾ ਪੂਜਾ ਧਾਨ ਖਾਣ ਲੱਗ ਪਏ ਇਹ ਗੁਰਦੁਆਰਿਆਂ ਦੀ ਮਾਣ ਮਰਿਯਾਦਾ ਦਾ ਖਿਆਲ ਨਾ ਰੱਖਦੇ। ਜਦ ਅੰਗਰੇਜ਼ੀ ਰਾਜ ਸ਼ੁਰੂ ਹੋਇਆ ਤਾਂ ਅੰਗਰੇਜ਼ਾ ਨੇ ਸਿੱਖਾਂ ਦੇ ਉਲਟ ਮਹੰਤਾਂ ਦੀ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ।

ਸਿੱਖ ਕੌਮ ਨੇ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਗੁਰਦਆਰਾ ਸੁਧਾਰ ਲਹਿਰ ਚਲਾਈ। ਸਿੱਖਾਂ ਦਾ ਰੌਅ ਵੇਖ ਕੇ ਸਿੱਖਾਂ ਅੱਗੇ ਧਰਮ ਦੇ ਮਸਲੇ ਵਿਚ ਸਰਕਾਰ ਵੀ ਢਿੱਲੀ ਪੈਣੀ ਸ਼ੁਰੂ ਹੋ ਗਈ। ਸਰਕਾਰ ਨੇ ਸਿੱਖਾਂ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਖ਼ਾਤਰ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਲਿਆਂਦੀ ਪਰ ਸਿੱਖਾਂ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਦਾ ਕੰਮ ਜਿਉਂ ਦਾ ਤਿਉਂ ਹੀ ਖੜਾ ਸੀ। ਧਾਰਮਿਕ ਅਸਥਾਨਾਂ ਦੇ ਕਬਜ਼ੇ ਲੈਣ ਖ਼ਾਤਰ ਸਿੱਖਾਂ ਨੂੰ ਬੇਸ਼ੁਮਾਰ ਸ਼ਹੀਦੀਆਂ ਦੇਣੀਆਂ ਪਈਆਂ ਜੇਲ੍ਹਾਂ ਕੱਟਣੀਆਂ ਪਈਆਂ।

ਸਿੱਖਾਂ ਨੂੰ ਗੁਰੂ ਕੇ ਬਾਗ਼ ਦੇ ਗੁਰਦੁਵਾਰੇ ਦੀ ਗੁਰੂ ਮਰਿਯਾਦਾ ਕਾਇਮ ਰੱਖਣ ਖ਼ਾਤਰ ਮੋਰਚਾ ਲਾਉਣਾ ਪਿਆ ਇਹ ਮੋਰਚਾ ਵੀ ਗੁਰਦੁਆਰਾ ਸੁਧਾਰ ਲਹਿਰ ਦਾ ਹੀ ਹਿੱਸਾ ਸੀ। ਸਿੱਖਾਂ ਨੇ ਪਹਿਲਾਂ ਤਰਨ ਤਾਰਨ,ਨਨਕਾਣਾ ਸਾਹਿਬ ਦਾ ਮੋਰਚਾ, ਚਾਬੀਆਂ ਦਾ ਮੋਰਚਾ ਫ਼ਤਿਹ ਕਰ ਲਏ ਸਨ। ਹੁਣ ਗੁਰੂ ਕੇ ਬਾਗ਼ ਤੇ ਜਿੱਤ ਹਾਸਲ ਕਰਨਾਂ ਚਹੁੰਦੇ ਸਨ।

ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਵੀਹ ਕਿਲੋਮੀਟਰ ਦੀ ਦੂਰੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੇ ਬਾਗ਼ ਘੁੱਕੇਵਾਲੀ ਵਿਖੇ ਸਥਿਤ ਹੈ।ਇਸ ਗੁਰਦਆਰਾ ਸਾਹਿਬ ਕੋਲ ਕਾਫੀ ਜ਼ਮੀਨ ਹੈ ਜੋ @ਗੁਰੂ ਕੇ ਬਾਗ਼@ ਅਖਵਾਉਂਦੀ ਹੈ ਇਸ ਜਗ੍ਹਾ ਤੇ ਕਿੱਕਰਾਂ ਆਦਿ ਬਹੁਤ ਦਰੱਖਤ ਖੜੇ ਸਨ।

ਗੁਰੂ ਕੇ ਬਾਗ਼ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਦੇ ਕਬਜ਼ੇ ਵਿਚ ਸੀ ਜਿਸ ਨੇ ਉੱਥੇ ਬਿਨਾਂ ਵਿਆਹ ਤੋਂ ਇਕ ਔਰਤ ਰੱਖੀ ਹੋਈ ਸੀ ਅਤੇ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਨੂੰ ਵੀ ਸਹੀ ਢੰਗ ਨਾਲ ਨਹੀ ਨਿਭਾ ਰਿਹਾ ਸੀ।ਇਹ ਸਭ ਕੁਝ ਇਲਾਕੇ ਦੀਆਂ ਸੰਗਤਾਂ ਨੂੰ ਮਨਜ਼ੂਰ ਨਹੀ ਸੀ ਇਹ ਗੱਲ ਉਹਨਾਂ ਸ਼੍ਰੋਮਣੀ ਕਮੇਟੀ ਕੋਲ ਕੀਤੀ। ਸ਼੍ਰੋਮਣੀ ਕਮੇਟੀ ਨੇ ਪ੍ਰਬੰਧਾਂ ਵਿੱਚ ਸੁਧਾਰ ਲਿਆਉਣ ਦੀ ਡਿਊਟੀ ਦਾਨ ਸਿੰਘ ਵਿਛੋਆ ਦੀ ਲਾ ਦਿੱਤੀ। ਦਾਨ ਸਿੰਘ ਵਿਛੋਆ ਦੇ ਕਹਿਣ ਤੇ ਮਹੰਤ ਸੁੰਦਰ ਦਾਸ ਨੇ ਈਸਰੀ ਨਾਮ ਦੀ ਔਰਤ ਨਾਲ ਵਿਆਹ ਕਰਵਾ ਲਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋ ਅੰਮ੍ਰਿਤ ਛੱਕ ਕੇ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਨੂੰ ਠੀਕ ਢੰਗ ਨਾਲ ਚਲਾਉਣ ਲੱਗ ਪਿਆ।

21 ਫ਼ਰਵਰੀ 1921 ਨੂੰ ਸਿੱਖਾਂ ਨੇ ਸ਼ਹੀਦਆਂ ਪ੍ਰਾਪਤ ਕਰਕੇ ਨਨਕਾਣਾ ਸਾਹਿਬ ਦਾ ਕਬਜ਼ਾ ਲੈ ਲਿਆ ਸੀ ਮਹੰਤ ਸੁੰਦਰ ਦਾਸ ਨੂੰ ਵੀ ਅਪਣਾ ਫਿਕਰ ਪੈ ਗਿਆ ਉਸ ਨੇ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰ ਲਿਆ ਮਹੰਤ ਸੁੰਦਰ ਦਾਸ ਨੂੰ ਕਮੇਟੀ ਨੇ 120 ਰੁਪਏ ਮਹੀਨਾਂ ਦੇਣਾ ਮੰਨ ਲਿਆ ਅਤੇ ਅੰਮ੍ਰਿਤਸਰ ਵਿੱਚ ਰਹਿਣ ਵਾਸਤੇ ਇਕ ਮਕਾਨ ਮੁੱਲ ਲੈ ਕੇ ਦੇ ਦਿੱਤਾ। ਗੁਰਦੁਆਰੇ ਦਾ ਪ੍ਰਬੰਧ ਕਮੇਟੀ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਪਰ ਅੰਗਰੇਜ਼ ਸਰਕਾਰ ਦੀ ਸ਼ਹਿ ਤੇ ਮਹੰਤ ਨੇ ਫਿਰ ਗੁਰਦੁਆਰੇ ਦਾ ਪ੍ਰਬੰਧ ਆਪਣੇ ਕਬਜ਼ੇ ਵਿੱਚ ਲੈਣ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ।

8 ਅਗਸਤ 1922 ਨੂੰ 5 ਸਿੰਘਾਂ ਦਾ ਜੱਥਾ ਗੁਰੂ ਕੇ ਲੰਗਰ ਲਈ ਲੱਕੜਾਂ ਕੱਟਣ ਗੁਰੂ ਕੇ ਬਾਗ਼ ਚਲਿਆ ਗਿਆ। ਮਹੰਤ ਸੁੰਦਰ ਦਾਸ ਨੇ ਇਹ ਖ਼ਬਰ ਪੁਲੀਸ ਨੂੰ ਕਰ ਦਿੱਤੀ ਉਹਨਾਂ 9 ਅਗਸਤ ਨੂੰ ਪੰਜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ।10 ਤਰੀਖ ਨੂੰ ਸਿੰਘਾਂ ਨੂੰ ਛੇ ਛੇ ਮਹੀਨੇ ਦੀ ਸਜਾ ਅਤੇ ਜੁਰਮਾਨਾ ਸੁਣਾ ਦਿੱਤਾ।

ਮਿਸਟਰ ਡੰਟ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਰਕਾਰੀ ਹਦਾਇਤਾਂ ਅਨੁਸਾਰ 22 ਅਗਸਤ ਤੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ 25 ਅਗਸਤ ਤੋਂ ਸਿੱਖਾਂ ਤੇ ਘੋਰ ਤਸ਼ੱਦਦ ਡਾਂਗਾਂ ਨਾਲ ਮਾਰ ਕੁੱਟ ਦਾ ਕੰਮ ਸ਼ੁਰੂ ਕਰ ਦਿੱਤਾ।

26 ਅਗਸਤ 1922 ਨੂੰ ਅਕਾਲ ਤਖ਼ਤ ਸਾਹਿਬ ਤੇ ਮੀਟਿੰਗ ਕਰ ਰਹੇ ਅੰਤਰਿੰਗ ਕਮੇਟੀ ਦੇ ਆਗੂ ਭਗਤ ਜਸਵੰਤ ਸਿੰਘ ਜ. ਸਕੱਤਰ, ਸ. ਮਹਿਤਾਬ ਸਿੰਘ ਪ੍ਰਧਾਨ, ਪ੍ਰੋ. ਸਾਹਿਬ ਸਿੰਘ ਮੀਤ ਸਕੱਤਰ, ਸ੍ਰ. ਸਰਮੁੱਖ ਸਿੰਘ ਝਬਾਲ ਪ ?ਧਾਨ ਅਕਾਲੀ ਦਲ, ਬਾਬਾ ਕੇਹਰ ਸਿੰਘ ਪੱਟੀ, ਮਾਸਟਰ ਤਾਰਾ ਸਿੰਘ ਅਤੇ ਸ੍ਰ. ਰਵੇਲ ਸਿੰਘ ਨੂੰ ਡੀ.ਸੀ ਅੰਮ੍ਰਿਤਸਰ ਨੇ ਵਰੰਟ ਜਾਰੀ ਕਰਕੇ ਸਾਰੇ ਗ੍ਰਿਫ਼ਤਾਰ ਕਰ ਲਏ। ਸਰਕਾਰ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵੇਲੇ ਸਿੱਖਾਂ ਦੇ ਦਲੇਰੀ ਭਰੇ ਕਾਰਨਾਮੇ ਦੇਖ ਚੁੱਕੀ ਸੀ ਹੁਣ ਉਹ ਸਿੱਖਾਂ ਦੀ ਲਹਿਰ ਨੂੰ ਸਖਤੀ ਨਾਲ ਦਬਾ ਦੇਣਾ ਚਹੁੰਦੀ ਸੀ ਪਰ ਸਰਕਾਰ ਦੀ ਸਖਤੀ ਦਾ ਸਿੱਖਾਂ ਤੇ ਕੋਈ ਅਸਰ ਨਾ ਪਿਆ।

30 ਅਗਸਤ ਨੂੰ 60 ਕੁ ਸਿੰਘਾਂ ਦਾ ਜੱਥਾ ਗੁਰੂ ਕੇ ਬਾਗ਼ ਨੂੰ ਰਵਾਨਾ ਹੋਇਆ ਜੱਥੇ ਨੂੰ ਰਾਤ ਪੈਣ ਕਰਕੇ ਰਸਤੇ ਵਿੱਚ ਹੀ ਰਾਤ ਕੱਟਣੀ ਪੈ ਗਈ। ਪੁਲੀਸ ਨੇ ਸੁੱਤੇ ਪਏ ਜੱਥੇ ਉੱਤੇ ਡਾਂਗਾਂ ਨਾਲ ਮਾਰ ਕੁੱਟ ਸ਼ੁਰੂ ਕਰ ਦਿੱਤੀ।

31 ਅਗਸਤ ਤੋਂ ਹਰ ਰੋਜ਼ ਸੌ ਮੈਂਬਰਾਂ ਦਾ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਤੁਰਦਾ ਜੱਥੇ ਨੂੰ ਤੁਰਨ ਵੇਲੇ ਇਹ ਸਿੱਖਿਆ ਦਿੱਤੀ ਜਾਂਦੀ ਉਹ ਅੰਗਰੇਜ਼ ਸਰਕਾਰ ਵਲੋਂ ਕੀਤੇ ਤਸ਼ੱਦਦ ਸਮੇ ਪੂਰਨ ਸਾਂਤਮਈ ਰਹਿਣਗੇ। ਜੱਥੇ ਵਿੱਚ ਸ਼ਾਮਲ ਸਿੰਘਾਂ ਨੂੰ ਰਸਤੇ ਵਿੱਚ ਹੀ ਪੁਲੀਸ ਵਲੋਂ ਡਾਂਗਾ ਨਾਲ ਮਾਰ ਕਟਾਈ ਕੀਤੀ ਜਾਂਦੀ। ਮਿ. ਬੀ. ਟੀ ਡਿਪਟੀ ਸੁਪਰੀਟਡੈਂਟ ਪੁਲੀਸ ਜੱਥੇ ਦੇ ਸਿੱਖਾਂ ਦੀ ਕੋਲ ਖੜ੍ਹ ਕੇ ਕਟਾਈ ਕਰਵਾਉਂਦਾ ਸਿੱਖਾਂ ਨੂੰ ਕੇਸਾਂ ਤੋਂ ਫੜ੍ਹ ਫੜ੍ਹ ਕੇ ਧੂਹ ਘੜੀਸ ਕੀਤੀ ਜਾਂਦੀ ਅਖੀਰ ਸਿੱਖ ਬੇਹੋਸ਼ ਹੋ ਕੇ ਡਿੱਗ ਪੈਂਦੇ। ਡਿੱਗੇ ਪਏ ਸਿੱਖਾਂ ਤੇ ਬੂਟਾਂ ਦੇ ਠੁਡੇ ਮਾਰੇ ਜਾਂਦੇ ਜੇਕਰ ਕੋਈ ਸਿੱਖ ਦੁਬਾਰਾ ਉਠਣ ਦਾ ਯਤਨ ਕਰਦਾ ਉਸ ਨੂੰ ਦੁਬਾਰਾ ਪੁਲੀਸ ਡਾਂਗਾ ਮਾਰ ਮਾਰ ਥੱਲੇ ਸੁੱਟ ਕੇ ਬੇਹੋਸ਼ ਕਰ ਦਿੰਦੇ।

ਇੰਡੀਅਨ ਨੈਸ਼ਨਲ ਕਾਂਗਰਸ ਨੇ ਇਕ ਪੜਤਾਲ ਕਰਨ ਵਾਸਤੇ ਕਮੇਟੀ ਨਿਯੁਕਤ ਕੀਤੀ ਜਿਸ ਨੇ ਅਕਾਲੀਆਂ ਦੀ ਸਾਂਤਮਈ ਢੰਗ ਨਾਲ ਸਰਕਾਰ ਦਾ ਵਹਿਸ਼ੀਆਨਾ ਜ਼ੁਲਮ ਸਹਿਣ ਕਰਨ ਦੀ ਸ਼ਲਾਘਾ ਕੀਤੀ ਅਤੇ ਪੁਲੀਸ ਨੂੰ ਦੋਸ਼ੀ ਠ ਹਿ ਰਾ ਇ ਆ । ਸਿੱਖਾਂ ਨਾਲ ਹਮਦਰਦੀ ਦੇ ਤੌਰ ਤੇ ਵੱਖ ਵੱਖ ਧਰਮਾਂ ਦੇ ਲੋਕ ਵੱਡੀ ਸੰਖਿਆ ਵਿੱਚ ਗੁਰੂ ਕੇ ਬਾਗ਼ ਪਹੁੰਚਣ ਲੱਗੇ। ਪੰਡਤ ਮਦਨ ਮੋਹਨ ਮਾਲਵੀਆ, ਪੋ ?. ਰੁਚੀ ਰਾਮ ਸਾਹਨੀ, ਸ੍ਰੀ ਮਤੀ ਸਰੋਜਨੀ ਨਾਇਡੂ, ਹਕੀਮ ਅਦਮਲ ਖਾਂ ਆਦਿ। ਜਦੋਂ ਅੰਗਰੇਜ਼ੀ ਪਾਦਰੀ ਸੀ.ਐਫ. ਐਡਰੀਊਜ਼ ਨੇ ਜਾ ਕੇ ਵਰ੍ਹ ਰਹੀਆਂ:ਡਾਂਗਾਂ ਨਾਲ ਤਸੀਹੇ ਝਲਦੇ ਸਿੱਖਾਂ ਨੂੰ ਦੇਖਿਆ ਤਾਂ ਰੋ ਉਠਿਆ !ਕਹਿੰਦਾ ਮੈਂ ਇਕ ਮਸੀਹਾ ਸੂਲੀ ਚੜਦਾ ਸੁਣਿਆ ਸੀ ਪਰ ਆਹ ਅੱਖਾਂ ਸਾਹਮਣੇ ਸੈਂਕੜੇ ਮਸੀਹੇ ਸੂਲੀ ਚੜਦੇ ਵੇਖ ਨਹੀ ਹੁੰਦੇ।ਉਸ ਨੇ ਲੈਫਟੀਨੈਂਟ ਗਵਰਨਰ ਨੂੰ ਪੁਲੀਸ ਦੀ ਵਹਿਸ਼ੀਆਨਾਂ ਕਾਰਵਾਈ ਤੋਂ ਜਾਣੂ ਕਰਵਾਇਆ ਤੇ ਉਸ ਨੂੰ ਆਪ ਜਾ ਕੇ ਮੌਕਾ ਵੇਖਣ ਦੀ ਪ੍ਰੇਰਨਾਂ ਕੀਤੀ। ਸਰ ਐਡਵਰਡ ਮੈਕਲਾਗਨ 13 ਸਤੰਬਰ ਨੂੰ ਗੁਰੂ ਕੇ ਬਾਗ਼ ਪਹੁੰਚਿਆ ਤੇ ਡਾਂਗਾ ਨਾਲ ਹੁੰਦੀ ਮਾਰ ਕੁੱਟ ਬੰਦ ਕਰਵਾਈ ਪਰ ਗ੍ਰਿਫ਼ਤਾਰੀਆਂ ਉਸ ਤਰਾਂ ਹੀ ਚੱਲ ਰਹੀਆਂ ਸਨ।

ਸਰਕਾਰ ਨੇ ਸਰ ਗੰਗਾ ਰਾਮ ਨੂੰ ਵਿਚੋਲਾ ਬਣਾ ਕੇ ਗੁਰੂ ਕੇ ਬਾਗ਼ ਦੀ ਜਮੀਨ ਮਹੰਤ ਪਾਸੋ ਲੈ ਕੇ ਉਸ ਨੂੰ ਪਟੇ ਤੇ ਦੇ ਦਿੱਤੀ। ਸਰ ਗੰਗਾ ਰਾਮ ਨੇ ਪੁਲੀਸ ਨੂੰ ਇਹ ਕਹਿ ਕੇ ਭੇਜ ਦਿੱਤਾ ਜਾਉ ਮੈਨੂੰ ਤੁਹਾਡੀ ਲੋੜ ਨਹੀ ਸਰਕਾਰ ਨੇ ਇਹ ਢੰਗ ਵਰਤਕੇ ਆਪਣੀ ਹਾਰ ਵਾਲੀ ਕਮਜ਼ੋਰੀ ਵਿੱਚ ਹੀ ਛੁਪਾ ਲਈ। ਸਰਕਾਰ ਨੇ ਪੁਲੀਸ ਉੱਥੋਂ ਹਟਾ ਲਈ।ਸ਼੍ਰੋਮਣੀ ਕਮੇਟੀ ਨੂੰ ਗੁਰੂ ਕੇ ਬਾਗ਼ ਦੀ ਸਾਰੀ ਜਾਇਦਾਦ ਦਾ ਕਬਜ਼ਾ ਦੇ ਕੇ ਮਾਲਕ ਬਣਾ ਦਿੱਤਾ ਗਿਆ।ਇਸ ਦੇ ਨਾਲ ਹੀ 17 ਨਵੰਬਰ 1922 ਨੂੰ ਗ੍ਰਿਫ਼ਤਾਰੀਆਂ ਬੰਦ ਹੋ ਗਈਆਂ। 14 ਮਾਰਚ 1923 ਨੂੰ ਸਿੱਖ ਆਗੂ ਰਿਹਾ ਕਰ ਦਿੱਤੇ ਗਏ। ਅਪ੍ਰੈਲ ਮਈ 1923 ਵਿੱਚ ਮੋਰਚੇ ਦੇ ਸਾਰੇ ਕੈਦੀ ਰਿਹਾ ਕਰ ਦਿੱਤੇ।ਇਸ ਤਰਾਂ ਸਿੱਖਾਂ ਨੇ ਮੋਰਚਾ ਫ਼ਤਿਹ ਕੀਤਾ।ਇਸ ਜਿੱਤ ਨਾਲ ਹੀ ਆਜ਼ਾਦੀ ਦਾ ਰਾਹ ਹੋਰ ਪੱਧਰਾ ਹੋ ਗਿਆ। ਇਸ ਮੋਰਚੇ ਵਿੱਚ ਲਗਭਗ 839 ਸਿੱਖ ਜ਼ਖਮੀ ਹੋਏ 5605 ਸਿੱਖ ਗ੍ਰਿਫ਼ਤਾਰ ਹੋਏ।ਇਹ ਗੁਰੂ ਕਾ ਬਾਗ਼ ਮੋਰਚੇ ਦੀ ਸਰਕਾਰੀ ਦਸਤਾਨ ਅਤੇ ਸਿੱਖਾਂ ਦੀ ਤਸੀਹਿਆਂ ਭਰੀ ਕੁਰਬਾਨੀਆਂ ਦੀ ਮਿਸਾਲ ਹੋਰ ਕਿਤੋਂ ਵੀ ਨਹੀ ਮਿਲ ਸਕਦੀ।

# ਟਰੈਫਿਕ ਕਾਨੂੰਨਾਂ ਵਿੱਚ ਉਮਰ ਹੱਦ ਘਟਾਉਣੀ ਜਰੂਰੀ

ਗੁਰਿੰਦਰ ਕਲੇਰ
9914538888

ਸਰਕਾਰ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆ ਤੇ ਦੋ ਅਤੇ ਚਾਰ ਪਹੀਆ ਵਾਹਨ ਚਲਾਉਣ ਉਪਰ ਰੋਕ ਲਾ ਦਿੱਤੀ ਗਈ ਹੈ। ਜੇਕਰ ਕੋਈ ਬੱਚਾਂ ਵਾਹਨ ਚਲਾਉਦਾ ਫੜਿਆ ਗਿਆ ਤਾਂ 25 ਹਜਾਰ ਰੁਪਏ ਜੁਰਮਾਨਾ ਤੇ 3 ਸਾਲ ਦੀ ਕੈਦ ਮਾਪਿਆਂ, ਵਾਹਨ ਦੇ ਮਾਲਕ ਨੂੰ ਕੀਤੀ ਜਾਵੇਗੀ। ਪਰੰਤੂ ਅੱਜ ਦੇ ਸਮੇਂ ਵਿੱਚ ਜਿਆਦਾਤਰ ਇਕੱਲੇ ਪਰਿਵਾਰ ਹਨ ਅਤੇ ਮਾਪੇ ਰੋਜੀ ਰੋਟੀ ਕਮਾਉਣ ਲਈ ਕੰਮਾਂ ਕਾਰਾਂ ਤੇ ਚਲੇ ਜਾਦੇ ਹਨ। ਬਹੁਤ ਸਾਰੇ ਪਰਿਵਾਰਾਂ ਦੇ ਆਦਮੀ ਵਿਦੇਸ਼ਾ ਵਿੱਚ ਰਹਿ ਰਹੇ ਹਨ ਜਾਂ ਫਿਰ ਘਰ ਤੋਂ ਦੂਰ ਨੌਕਰੀ ਕਰਦੇ ਹਨ। ਰੋਜਾਨਾਂ ਰੁਟੀਨ ਅਨੁਸਾਰ ਬੱਚਿਆਂ ਨੂੰ ਸਕੂਲ ਜਾਣਾ ,ਦੋ-ਤਿੰਨ ਟਵੀਸਨਾਂ ਪੜਣੀਆਂ,

ਜਿੰਮ ਜਾਣਾ ਅਤੇ ਘਰ ਦੇ ਬਹੁਤ ਸਾਰੇ ਕੰਮ ਮਾਪਿਆਂ ਦੀ ਗੈਰ ਹਾਜ਼ਰੀ ਵਿੱਚ ਕਰਨੇ ਪੈਦੇ ਹਨ। ਬਿਨਾਂ ਵਾਹਨ ਇਹ ਸਭ ਕੰਮ ਕਰਨੇ ਸੰਭਵ ਨਹੀਂ ਹਨ। ਬਹੁਤ ਸਾਰੇ ਵਿਕਸਤ ਦੇਸ਼ਾਂ ਵਿੱਚ ਡਰਾਈਵਿੰਗ ਲਾਇਸੰਸ ਬਣਾਉਣ ਦੀ ਉਮਰ 16 ਸਾਲ ਹੈ। ਕੁਝ ਦੇਸ਼ਾਂ ਵਿੱਚ ਇਸ ਤੋਂ ਵੀ ਘੱਟ। ਜਿਵੇਂ ਅਮਰੀਕਾ ਦੀ ਟੈਕਸਾਸ ਸਟੇਟ ਵਿੱਚ 15 ਸਾਲ। ਇਹਨਾ ਦੇਸ਼ਾਂ ਵਿੱਚ ਉਮਰ ਤੇ ਵਾਹਨਾਂ ਦੀ ਵੱਖ ਵੱਖ ਵਰਗਾ ਅਨੁਸਾਰ ਵੰਡ ਕੀਤੀ ਹੋਈ ਹੈ। ਜਿਵੇਂ ਬਿਨਾਂ ਗੇਹਰਾ ਵਾਲੇ ਵਾਹਨ ਦਾ ਡਰਾਈਵਿੰਗ ਲਾਇਸੰਸ ਬਣਾਉਣ ਦੀ ਉਮਰ ਹੱਦ ਸਭ ਤੋਂ ਘੱਟ ਹੁੰਦੀ ਹੈ। ਮੋਟਰਸਾਈਕਲ ਕਾਰ ਦੇ ਡਰਾਈਵਰ ਲਾਈਸੰਸ ਬਣਾਉਣ ਦੀ ਉਮਰ ਹੱਦ ਹੋਰ ਤੇ ਬੱਸ ਟਰੱਕ ਆਦਿ ਲਈ ਹੋਰ । ਲੋੜ ਤਾਂ ਇਹ ਸੀ ਕਿ ਇੱਥੇ ਸਾਡੇ ਦੇਸ਼ ਭਾਰਤ ਅਤੇ ਰਾਜ (ਪੰਜਾਬ) ਵਿੱਚ ਵੀ 150 ਸੀ.ਸੀ ਤੱਕ ਦੇ ਮੋਟਰਸਾਈਕਲ ਦੇ ਲਾਇਸੰਸ ਲਈ ਇਹ ਉਮਰ

ਹੱਦ 18 ਸਾਲ ਤੋਂ ਘਟਾ ਕੇ 16 ਸਾਲ ਤੱਕ ਕਰ ਦਿੱਤੀ ਜਾਣੀ ਚਾਹੀਦੀ ਹੈ। ਜਿਵੇਂ ਬਿਨਾ ਗੇਅਰ ਵਾਹਨ ਦੀ ਹੈ। ਕਿਉਂਕਿ ਸਾਡੇ ਦੇਸ਼ ਵਿੱਚ ਸਧਾਰਨ ਵਰਗ ਦੇ ਲੋਕ ਮੋਟਰਸਾਈਕਲ ਦੀ ਜਿਆਦਾ ਵਰਤੋਂ ਕਰਦੇ ਹਨ ਤੇ ਹੋਰ ਵਾਹਨ ਰੱਖਣ ਦੀ ਗੁੰਜਾਇਸ਼ ਵੀ ਘੱਟ ਹੁੰਦੀ ਹੈ। ਵਿਕਸਤ ਦੇਸ਼ਾਂ ਵਿੱਚ ਸਹੀ ਤਰੀਕੇ ਨਾਲ ਨਵੇਂ ਡਰਾਈਵਿੰਗ ਲਾਇਸੰਸ ਬਣਾਏ ਜਾਂਦੇ। ਨਾਂਅ ਕਿ ਕੋਈ ਵੀ ਏਜੰਟ ਰਾਹੀ ਵੱਧ ਪੈਸੇ ਖਰਚ ਕੇ ਬਿਨਾਂ ਡਰਾਈਵਿੰਗ ਟੈਸਟ ਦਿੱਤੇ ਘਰ ਬੈਠਾ ਲਾਇਸੰਸ ਬਣਾ ਲਵੇ। ਪਰੰਤੂ ਇਹ ਸਭ ਸਾਡੇ ਦੇਸ਼ ਵਿੱਚ ਚੱਲ ਰਿਹਾ ਹੈ,ਆਮ ਹੀ ਸੁਣਨ ਨੂੰ ਮਿਲ ਜਾਂਦਾ ਹੈ। ਪੰਜਾਬ ਸਰਕਾਰ ਨੂੰ ਇਹ ਚਾਹੀਦਾ ਸੀ ਕਿ ਟ੍ਰੈਫਿਕ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਂਦਾ ਜਿਵੇਂ ਚੰਡੀਗੜ੍ਹ ਵਿਚ ਚਲ ਰਿਹਾ ਹੈ। ਹੈਲਮੇਟ, ਸੀਟ ਬੈਲਟ, ਵਾਹਨ ਦੀ ਗਤੀ, ਨਸ਼ਾ ਰਹਿਤ ਡਰਾਈਵਿੰਗ ਆਦਿ ਨੂੰ ਬਰੀਕੀ ਨਾਲ ਚੈੱਕ ਕੀਤਾ ਜਾਵੇ ਤੇ ਕਸੂਰਵਾਰ ਤੇ ਬਣਦੀ

ਕਾਨੂੰਨੀ ਕਾਰਵਾਈ ਤੇ ਜ਼ੁਰਮਾਨਾ ਕੀਤਾ ਜਾਵੇ। ਇਸ ਸਭ ਦੇ ਲਈ ਟ੍ਰੈਫਿਕ ਪੁਲਿਸ ਦੀ ਨਫਰੀ ਵਧਾਉਣ ਦੀ ਸਖਤ ਲੋੜ ਹੈ। ਲੋਕਾਂ ਵੱਲੋਂ ਇਹ ਵੀ ਅਣਦਾਜੇ ਲਗਾਏ ਜਾ ਰਹੇ ਹਨ ਕਿ ਇਸ ਕਾਨੂੰਨ ਨਾਲ ਰਿਸ਼ਵਤਖੋਰੀ ਵਧੇਗੀ। ਲੋਕ ਮਹਿੰਗੇ ਚਲਾਨ ਤੇ ਸਜਾਂ ਤੋਂ ਬਚਣ ਲਈ ਮੌਕੇ ਤੇ ਜੁਰਮਾਨਾ ਪੁਲਿਸ ਦੀ ਜੇਬ ਵਿੱਚ ਪਾਉਣ ਨੂੰ ਤਰਜੀਹ ਦੇਣਗੇ। ਪੰਜਾਬ ਦੀਆਂ ਤੰਗ ਤੇ ਟੁੱਟਿਆ ਹੋਇਆ ਸੜਕਾਂ ਜਿਆਦਾਤਰ ਜਾਨ ਲੇਵਾ ਦੁਰਘਟਨਾਵਾਂ ਦਾ ਕਾਰਨ ਬਣ ਰਹੀਆਂ ਹਨ। ਇਹਨਾਂ ਨੂੰ ਸਮੇਂ ਦੀ ਜਰੂਰਤ ਅਨੁਸਾਰ ਚੋੜੀਆਂ ਤੇ ਪਹਿਲ ਦੇ ਆਧਾਰ ਤੇ ਮੁਰੰਮਤ ਕਰਨੀ ਚਾਹੀਦੀ ਹੈ। ਸੋ ਮੁਕਤੀ ਗੱਲ ਪੰਜਾਬ ਸਰਕਾਰ ਨੂੰ ਡਰਾਈਵਿੰਗ ਲਾਇਸੰਸ ਬਣਾਉਣ ਦੀ ਉਮਰ ਨੂੰ ਘਟਾਉਣਾ ਚਾਹੀਦਾ ਹੈ। ਨਹੀਂ ਤਾਂ ਇਹ ਕਾਨੂੰਨ ਲੋਕਾਂ ਲਈ ਵੱਡੀ ਪੇਰਸਾਨੀ ਦਾ ਕਾਰਣ ਬਣੇਗਾ। ਅੱਜ ਦੀ ਪੀੜੀ ਵਿੱਚ ਕਾਬਲੀਅਤ ਤੇ ਸਿੱਖਣ ਦੀ ਰੁਚੀ ਦੀ ਕੋਈ ਕਮੀ ਨਹੀ ਹੈਂ।

### ਯਾਦਾਂ ਦੀ ਪਟਾਰੀ, (ਵਿਅੰਗ)

# ਮੁੱਲ ਦਾ ਦੁੱਧ

ਬੜਾ ਮਖੌਲੀਆ ਸੀ। ਚਾਚਾ ਨੇਕ

ਬੜੀਆਂ ਗੱਲਾਂ ਸੁਣਾਉਂਦਾ। ਜਦੋਂ ਉਹ ਆਪਣੇ ਘਰੇ ਖੋਲ੍ਹੇ ਕਾਰਖਾਨੇ ਤੇ ਕੰਮ ਕਰਦਾ ਤਾਂ ਸਾਡੇ ਪਿੰਡ ਦੇ ਚਾਰ ਪੰਜ ਬੰਦੇ ਉਸ ਦੇ ਕਾਰਖਾਨੇ ਸਾਹਮਣੇ ਬਣੀ ਖੁੱਲ੍ਹੀ ਜਗ੍ਹਾ ਤੇ ਬੈਠੇ ਰਹਿੰਦੇ, ਕਿ ਕਦੋਂ ਨੇਕ ਵਿਹਲਾ ਹੋਵੇ, ਤੇ ਕੋਈ ਨਾ ਕੋਈ ਗੱਲ ਬਾਤ ਸੁਣੀਏ। ਜੀ ਲਵਾ ਦਿੰਦਾ ਸੀ,ਚਾਚਾ ਨੇਕ। ਮੈਂ ਵੀ ਕਦੇ ਕਦੇ ਗੇੜਾ ਮਾਰ ਲੈਂਦਾ ਉਸ ਕੋਲ ਕਿਉਂਕਿ ਪਹਿਲਾਂ ਇੱਕਠੇ ਕੰਮ ਕਰਦੇ ਸੀ।

ਫੇਰ ਮੈਂ ਵੱਖ ਹੋ ਗਿਆ। ਇਸ ਕਰਕੇ ਮੈ ਕਦੇ ਕਦੇ ਮਿਲ ਜਾਂਦਾ ਸੀ ਚਾਚੇ ਨੂੰ, ਚੰਗ਼ਾ ਵਰਤਾ ਸੀ ਸਾਡਾ ਆਪਸ ਵਿੱਚ, ਕਾਫੀ ਦਿਨਾਂ ਬਾਅਦ ਮੈਂ ਉਸ ਨੂੰ ਮਿਲਣ ਦਾ ਮਨ ਬਣਾ ਲਿਆ। ਇੱਕ ਦਿਨ ਜਕਾਂ ਤਕਾਂ ਕਰਦੇ ਨੇ ਮੈ ਸਾਇਕਲ ਚੁੱਕਿਆ, ਭਾਵੇਂ ਉਸ ਦਿਨ ਮੀਂਹ ਕਣੀ ਦਾ ਟਾਇਮ ਦਿਨ ਕੱਚਾ ਜਿਹਾ ਸੀ। ਪਰ ਮੈਂ ਚਾਚੇ ਨੇਕ ਨੂੰ ਮਿਲਣ ਲਈ ਤੁਰ ਪਿਆ। ਸਾਇਕਲ ਖੜਾ ਕੀਤਾ ਬਾਰ ਚੋਂ ਅਵਾਜ਼ ਮਾਰੀ, ÷ਚਾਚਾ ਘਰੇ ਆ, ÷ ਚਾਚਾ ਅੰਦਰ ਪਿਆ ਸੀ ਕਹਿੰਦਾ, ÷ਆਜਾ ਆਜਾ ? ਭਤੀਜ ਲੰਘਿਆ ਅੰਦਰ।

ਬੜੇ ਚਿਰਾਂ ਬਾਅਦ ਯਾਦ ਆਈ ਬਈ ਚਾਚੇ ਦੀ÷, ਚਾਚਾ ਮੰਜੀ ਤੋਂ ਉੱਠ ਪੈਂਦੀਆਂ ਵੱਲ ਨੂੰ ਖਿਸਕ ਸਰਹਾਣੇ ਵੱਲ ਨੂੰ ਥਾਂ ਵਿਹਲੀ ਕਰ ਮੈਨੂੰ ਬੈਠਣ ਲਈ ਇਸ਼ਾਰਾ ਕਰ ਕਿ ਕਹਿਣ ਲੱਗਿਆ ÷ਹੋਰ ਸੁਣਾ÷, ਤੇ ਨਾਲ ਈ ਆਪਣੇ ਘਰ ਵਾਲੀ ਕੁਲਦੀਪ ਨੂੰ ਅਵਾਜ਼ ਦਿੱਤੀ।÷ ਕੁਲਦੀਪ ਪਾਣੀ ਦਾ ਗਲਾਸ ਲਿਆ ਪੀਤਾ ਆਪਾਂ ਨੂੰ ਮਿਲਣ ਆਇਆ,÷ ਚਾਚੀ ਪਹਿਲਾਂ ਹੀ ਰਸੋਈ ਵਿੱਚ ਸੀ ਉਸ ਨੇ ਬਾਰੀ ਵਿੱਚ ਦੀ ਝਾਕ ਕੇ ਕਿਹਾ,÷ ਵੇ ਪੀਤਿਆਂ ਸ਼ੁਕਰ ਆ! ਤੂੰ ਅੱਜ ਆਇਆ ਅਸੀਂ ਤਾਂ ਕਿਹਾ ਤੂੰ ਸਾਨੂੰ ਭੁੱਲ ਗਿਆ÷। ਤੇ ਨਾਲੇ ਦੋ ਗਲਾਸ ਪਾਣੀ ਦੇ ਪਲੇਟ ਵਿੱਚ ਰੱਖ ਲ਼ੈ ਆਈ। ਮੈਂ ਕਿਹਾ ਚੱਲੋ ਚਾਚੀ ਨਾਲੇ ਥੋਨੂੰ ਮਿਲ ਆਈਏ, ਤੇ ਨਾਲੇ ਚਾਚਾ ਤੋਂ ਕੋਈ ਚੁਟਕਲਾ ਸੁਣੇ ਨੂੰ ਚਿਰ ਹੋ ਗਿਆ ਉਹ ਸੁਣ ਆਈਏ÷। ਅਸੀਂ ਪਾਣੀ ਪੀਤਾ ਜਦੋਂ ਚਾਚੀ ਖ਼ਾਲੀ ਗਲਾਸ ਲ਼ੈ ਕੇ ਰਸੋਈ ਨੂੰ ਮੁੜਨ ਲੱਗੀ, ਤਾਂ ਚਾਚੇ ਨੇ ਕਿਹਾ,÷ ਹੁਣ ਦੋ ਕੱਪ ਚਾਹ ਦੇ ਵੀ ਬਣਾ ਲਿਆ÷। ਚਲੋ ਅਸੀਂ ਗੱਲਾਂ ਬਾਤਾਂ ਕਰਦੇ ਰਹੇ। ਮੈਂ ਕਿਹ ਬੈਠਾ ? ÷ਕੋਈ ਪਸ਼ੂ ਪਸੂ ਰੱਖਿਆ ਆਪਾਂ,÷ ਚਾਚਾ ਕਹਿੰਦਾ ?÷ ਨਹੀਂ ਦੁੱਧ ਗੁਆਂਢੀਆਂ ਤੋਂ ਮੁੱਲ ਲਈਦਾ,÷ ਮੇਰੇ ਮੂੰਹੋਂ ਨਿਕਲ ਗਿਆ! ÷ਚੱਲ ਚਾਹ ਨੂੰ ਕੀ ਸੀ, ਥੋਡੇ ਘਰੇ ਦੁੱਧ ਮੁੱਲ ਦਾ÷, ਤੇ ਚਾਚਾ ਪੈਂਦੀ ਸੱਟੇ ਕਹਿਣ ਲੱਗਿਆ,÷ ਜੇ ਦੁੱਧ ਸਾਡੇ ਘਰੇ ਦੁੱਧ ਮੁੱਲ ਦਾ, ਤੇ ਮਿੱਠੇ ਨੂੰ ਕਿਹੜਾ ਅੰਦਰ ਘੁਲਾੜਾ ਲੱਗਿਆ, ਉਹ ਵੀ ਮੁੱਲਦਾ ਈ ਆ÷। ਇਹ ਸੁਣ ਮੇਰਾ ਹਾਸਾ ਨਿਕਲ ਗਿਆ ਤੇ ਚਾਚੀ ਵੀ ਚਾਹ ਬਣਾਉਂਦੀ ਖਿੜ ਖਿੜ ਕਰਕੇ ਹੱਸਣ ਲੱਗ ਪਈ।

ਲ਼ੈ ਸੁਣਲਾ! ਪੀਤਿਆਂ ਆਪਣੇ ਚਾਚੇ ਦੀਆਂ ਗੱਲਾਂ÷।

ਇਹ ਗੱਲ ਮੇਰੇ ਚੇਤੇ @ਚ ਵਸ

ਕੇ ਅਭੁੱਲ ਯਾਦ ਬਣ ਗਈ।

ਤੇ ਮੈਂ ਉਸ ਨੂੰ ਆਪਣੀ @ਯਾਦਾਂ ਦੀ ਪਟਾਰੀ@ ਵਿੱਚ ਪਾ ਲਿਆ।

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ
94658-21417

# ਪ੍ਰਸ਼ੰਸਾ ਦਾ ਮਹੱਤਵ



ਪੁਰਾਣੇ ਸਮਿਆਂ ਵਿੱਚ ਵੀ ਇਸ ਸ਼ਬਦ ਨੂੰ ਵੱਡਿਆਂ ਵੱਲੋਂ ਆਮ ਵਰਤਦੇ ਸੁਣਿਆ ਜਾ ਸਕਦਾ ਹੈ । ਉਦੋਂ ਭਾਵੇਂ ਆਪਸੀ ਰਿਸ਼ਤਿਆਂ ਨੂੰ ਬਹੁਤ ਜਿਆਦਾ ਮਹੱਤਵ ਦਿੱਤਾ ਜਾਂਦਾ ਸੀ । ਉਸ ਸਮੇਂ ਜੇ ਘਰ ਵਿੱਚ ਵੱਡੇ ਦੀਆਂ ਝਿੜਕਾਂ ਤੇ ਟੋਕਾ ਟੋਕੀ ਨੂੰ ਵੀ ਬਹੁਤ ਮਹੱਤਵ ਦਿੱਤਾ ਜਾਂਦਾ ਸੀ। ਜੇ ਮਾਂ ਬਾਪ ਬੱਚਿਆਂ ਵਿੱਚ ਚੰਗੇ ਗੁਣ ਭਰਨ ਲਈ ਉਨ੍ਹਾਂ ਨੂੰ ਹਰ ਗਲਤੀ ਤੇ ਟੋਕਦੇ ਸਨ ਜਾਂ ਝਿੜਕਦੇ ਸਨ ਉਸ ਪਿੱਛ ਬੱਚਿਆਂ ਨੂੰ ਉਨ੍ਹਾਂ ਦੀ ਆਉਣ ਵਾਲੀ ਜਿੰਦਗੀ ਲਈ ਤਿਆਰ ਕਰਨਾ ਹੀ ਹੁੰਦਾ ਸੀ ਤਾਂ ਜੋ ਉਹ ਆਪਣੇ ਭਵਿੱਖ ਵਿੱਚ ਇਹੋ ਜਿਹੇ ਸਮਿਆਂ ਦਾ ਮਜਬੂਤੀ ਨਾਲ ਸਾਹਮਣਾ ਕਰ ਲੈਣ । ਇਹ ਹੀ ਨਹੀਂ ਜੇ ਮਾਂ ਬਾਪ ਝਿੜਕਦੇ ਸੀ ਤਾਂ ਘਰ ਦੇ ਬਜੁਰਗ ਦਾਦਾ - ਦਾਦੀ ਜਾਂ ਨਾਨਾ - ਨਾਨੀ, ਤਾਇਆ - ਤਾਈ ਉਨ੍ਹਾਂ ਨੂੰ ਬੁੱਕਲ ਵਿੱਚ ਲੈ ਕੇ ਪਿਆਰ ਨਾਲ ਉਨ੍ਹਾਂ ਨੂੰ ਮਾਤਾ ਪਿਤਾ ਦੀਆਂ ਝਿੜਕਾਂ ਦਾ ਮਤਬਲ ਵੀ ਸਮਝਾ ਦਿੰਦੇ ਸਨ । ਪ੍ਰਸ਼ੰਸਾ ਕਰਦੇ ਉਹ ਉਨ੍ਹਾਂ ਦੀਆਂ ਨਜਰਾਂ ਵਿੱਚ ਮਾਂ - ਬਾਪ ਦਾ ਆਦਰ ਸਤਿਕਾਰ ਵੀ ਬਣਾਈ ਰੱਖਦੇ ਸਨ । ਅੱਜ ਕੱਲ੍ਹ ਲੇਟ ਵਿਆਹ ਲੇਟ ਬੱਚਿਆਂ ਦੀ ਪੈਦਾਇਸ਼ ਜਾਂ ਨਿਊਕਲੀਅਰ ਪਰਿਵਾਰ ਹੋਣ ਕਰਕੇ ਬੱਚਿਆਂ ਵਿੱਚ ਇਹਨਾਂ ਰਿਸ਼ਤਿਆਂ ਦਾ ਨਿੱਘ ਖਤਮ ਹੋ ਰਿਹਾ ਹੈ । ਬੱਚਾ ਨੌਕਰਾਂ ਦੇ ਹੱਥਾਂ ਵਿੱਚ ਪਲਦਾ ਹੈ ਜੋ ਪੈਸੇ ਖਾਤਰ ਕੰਮ ਕਰਦੇ ਹਨ ਤੇ ਬੱਚਿਆਂ ਦਾ ਵਿਹਾਰ ਵੀ ਉਹੋ ਜਿਹਾ ਬਣਦਾ ਜਾ ਰਿਹਾ ਹੈ । ਅਸੀਂ ਗੱਲ ਕਰ ਰਹੇ ਹਾਂ ਪ੍ਰਸ਼ੰਸਾ ਸ਼ਬਦ ਦੀ । ਪ੍ਰਸ਼ੰਸਾ ਸ਼ਬਦ ਆਪਣੇ ਆਪ ਵਿੱਚ ਹੀ ਇੱਕ ਮਤਲਬ ਰੱਖਦਾ ਹੈ । ਪਰ - ਕਿਸੇ ਦੀ ਤੇ ਸੰਸਾ - ਚਿੰਤਾ ਜਾਂ ਅਸੀਂ ਕਿਸੇ ਆਪਣੇ ਲਈ ਸੰਸਾ ਕਰਦੇ ਹੋਏ ਉਸ ਦੀ ਤਾਰੀਫ਼ ਕਰਨੀ । ਅੱਜ ਕੱਲ੍ਹ ਦੇ ਤੇਜ਼ ਤਰਾਰ ਸਮੇਂ ਵਿੱਚ ਅਤੇ ਮਨੁੱਖ ਦੇ ਹੰਕਾਰ ਤੇ ਭਰੇ ਆਲੇ ਦੁਆਲੇ ਵਿੱਚ ਕੋਈ ਵੀ ਕਿਸੇ ਲਈ ਵਧੀਆਂ ਸੋਚਣ ਦਾ ਸਮਾਂ ਹੀ ਨਹੀਂ ਰੱਖਦਾ । ਕਿਸੇ ਨੂੰ ਪਤਾ ਹੀ ਨਹੀਂ ਹੁੰਦਾ ਕੀ ਹੋ ਰਿਹਾ ਹੈ ਆਲੇ ਦੁਆਲੇ ਵਿੱਚ । ਅਸੀਂ ਘਰ ਤੋਂ ਸ਼ੁਰੂ ਕਰੀਏ ਤਾਂ ਜੇ ਵੱਡੇ ਆਪਣਿਆਂ ਬੱਚਿਆਂ ਦੀ ਪ੍ਰਸ਼ੰਸਾ ਕਰਦੇ ਹੋਏ ਉਸ ਦੀ ਟੋਕਾ ਟਾਕੀ ਕਰਨ ਤਾਂ ਅਸੀਂ ਬੱਚਿਆਂ ਨੂੰ ਜਿਆਦਾ ਸਿਖਾ ਸਕਦੇ ਹਾਂ ਅਤੇ ਉਨ੍ਹਾਂ ਵਿੱਚ ਆਤਮ ਵਿਸ਼ਵਾਸ ਨੂੰ ਬਣਾ ਅਤੇ ਨੇਗੇਟਿਵਿਟੀ ਨੂੰ ਖਤਮ ਕਰ ਸਕਦੇ ਹਾਂ । ਬੱਚਿਆਂ ਨੇ ਕੋਈ ਵੀ ਕੰਮ ਕੀਤਾ ਜਿੰਨੇ ਵੀ ਇਮਤਿਹਾਨਾਂ ਵਿੱਚੋਂ ਨੰਬਰ ਪ੍ਰਾਪਤ ਕੀਤੇ, ਕਿਸੇ ਵੀ ਐਕਟਿਵਿਟੀ ਵਿੱਚ ਹਿੱਸਾ ਲੈਣ ਤੇ ਅਸੀਂ ਪ੍ਰਸ਼ੰਸਾ ਕਰਕੇ ਉਨ੍ਹਾਂ ਦੀ ਇਹਨਾਂ ਕੰਮਾਂ ਵਿੱਚ ਰੁਚੀ ਹੋਰ ਵੀ ਵਧਾ ਸਕਦੇ ਹਾਂ ਨਾ ਕਿ ਨਾਕਾਰਤਮਕ ਸੋਚ ਰੱਖਕੇ ਵਿਵਹਾਰ ਕਰਨ ਨਾਲ । ਬੱਚਿਆਂ ਨਾਲ ਹਰ ਇੱਕ ਵਿਸ਼ੇ ਤੇ ਗੱਲ ਬਾਤ ਕਰਦਿਆਂ ਧਨਾਤਮਕ ਪੱਖ ਨੂੰ ਹਮੇਸ਼ਾ ਸਾਹਮਣੇ ਰੱਖਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਸੋਚ ਅਗਾਂਹ ਵਧੂ ਹੋਵੇ । ਅਧਿਆਪਕ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਕਲਾਸ ਦੇ ਬੱਚਿਆਂ ਨਾਲ ਹਮੇਸ਼ਾ ਅਗਾਂਹ ਵਧੂ ਤੇ ਪ੍ਰਸ਼ੰਸਾ ਭਰਿਆ ਵਤੀਰਾ ਰੱਖਣ । ਕਿਸੇ ਦੇ ਝਿੜਕਣ ਨਾਲ ਜਾਂ ਬੱਚਿਆਂ ਦੀ ਆਪਸ ਵਿੱਚ ਕੋਈ ਝਗੜੇ ਨੂੰ ਮਿਟਾਉਣ ਲਈ ਵੀ ਉਹ ਦੋਹਾਂ ਪੱਖਾਂ ਨਾਲ ਅਗਾਂਹਵਧੂ ਵਤੀਰਾ ਰੱਖ ਕੇ ਰਲ ਮਿਲ ਕੇ ਰਹਿਣ ਲਈ ਪ੍ਰੇਰਿਤ ਕਰਨ । ਪ੍ਰਸ਼ੰਸਾ ਕਰਨ ਨਾਲ ਜਿੱਥੇ ਪ੍ਰਸ਼ੰਸਾ ਕਰਨ ਵਾਲਾ ਵੀ ਊਰਜਾਵਾਨ ਰਹਿੰਦਾ ਹੈ ਉੱਥੇ ਜਿਸ ਦੀ ਪ੍ਰਸ਼ੰਸਾ ਹੁੰਦੀ ਹੈ ਉਹ ਵੀ ਹਰ ਕੰਮ ਭੱਜ ਭੱਜ ਕੇ ਕਰਦਾ ਹੈ । ਉਹਦੀਆਂ ਨਸਾਂ ਵਿੱਚ ਖ਼ੂਨ ਦਾ ਵਹਿਣ ਵੱਧ ਜਾਂਦਾ ਹੈ। ਉਹ ਆਪਣੇ ਅੰਦਰ ਇੱਕ ਨਵੀਂ ਤਾਕਤ ਮਹਿਸੂਸ ਕਰਦਾ ਹੈ । ਇਹ ਦੇਖਿਆ ਗਿਆ ਹੈ ਕਿ ਅਸੀਂ ਜਦੋਂ ਕੁਝ ਪਹਿਣ ਕੇ ਤਿਆਰ ਹੁੰਦੇ ਹਾਂ ਤੇ ਜੇ ਕੋਈ ਸਾਡੀ ਪ੍ਰਸ਼ੰਸਾ ਕਰਦਾ ਹੈ ਤਾਂ ਸਾਡੇ ਵਿੱਚ ਆਤਮ ਵਿਸ਼ਵਾਸ਼ ਵੱਧ ਜਾਂਦਾ ਹੈ ਤੇ ਕੋਈ ਨੁਕਸ ਕੱਢ ਦੇਵੇ ਤਾਂ ਸਾਡਾ ਉਹ ਕੱਪੜੇ ਪਾਉਣ ਨੂੰ ਵੀ ਦਿਲ ਨਹੀਂ ਕਰਦਾ । ਅੱਜ ਦੇ ਤੇਜ਼ ਤਰਾਰ ਸਮੇਂ ਵਿੱਚ ਜਦੋਂ ਕੇ ਹੰਕਾਰ ਦਾ ਬੋਲਬਾਲਾ ਹੈ ਤੇ ਸਵੈ ਮਾਣ ਦਾ ਆਦਰ ਸਤਿਕਾਰ ਘਟਿਆ ਹੈ । ਜਿਥੇ ਦੋਵਾਂ ਦੇ ਅੰਤਰ ਨੂੰ ਸਮਝਣਾ ਮਹੱਤਵਪੂਰਨ ਹੈ । ਹੰਕਾਰ ਕਿਸੇ ਦੀ ਪ੍ਰਸ਼ੰਸਾ ਕਰਨ ਨੂੰ ਰੁਕਾਵਟ ਪਾਉਂਦਾਂ ਹੈ ਜਦੋਂ ਕਿ ਸਵੈ ਮਾਣ ਵਿੱਚ ਮਾਣ ਛੁਪਿਆ ਹੁੰਦਾ ਹੈ। ਜੋ ਕਿ ਚੰਗੇ ਅਤੇ ਮਾੜੇ ਵਿੱਚ ਅੰਤਰ ਦਰਸਾਉਂਦਾ ਹੈ । ਹੰਕਾਰ ਹੋਰਾਂ ਨੂੰ ਨੀਵਾਂ ਦਿਖਾਉਣ ਦਾ ਅਹਿਸਾਸ ਕਰਾਉਂਦਾ ਹੈ । ਜਦ ਕਿ ਸਵੈ ਮਾਣ ਸਾਨੂੰ ਆਪਣੇ ਆਪ ਨੂੰ ਉੱਤਮਤਾ ਦਾ ਅਹਿਸਾਸ ਦਿੰਦਾ ਹੈ । ਸਾਨੂੰ ਆਪਣੇ ਸਮਾਜ ਨੂੰ ਸੁਧਾਰਣ ਵਿੱਚ ਹਿੱਸਾ ਲੈਣ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਅਤੇ ਆਪਣੇ ਘਰਾਂ ਨੂੰ ਵੀ ਸੁਧਾਰਨ ਵੱਲ ਪ੍ਰੇਰਿਤ ਹੋਣਾ ਚਾਹੀਦਾ ਹੈ । ਪ੍ਰਸ਼ੰਸਾ ਕਰਨ ਨਾਲ ਕਿਸੇ ਵੀ ਵਿਅਕਤੀ ਵਿੱਚ ਇੱਕ Estrogen ਨਾਮੀ ਹਾਰਮੋਨ ਬਣਦਾ ਹੈ। ਜਿਸ ਨਾਲ ਉਸਦੇ ਵਿੱਚ ਇੱਕ ਅਲੱਗ ਤਰ੍ਹਾਂ ਦੀ ਊਰਜਾ ਦਾ ਅਹਿਸਾਸ ਪੈਦਾ ਹੁੰਦਾ ਹੈ ਤੇ ਉਸਦੀ ਸੋਚ ਵੀ ਤੁਹਾਡੇ ਪ੍ਰਤੀ ਆਦਰ ਤੇ ਸਤਿਕਾਰ ਵਾਲੀ ਬਣਦੀ ਹੈ ਅਤੇ ਉਨ੍ਹਾਂ ਵਿੱਚ ਵਿਸ਼ਵਾਸ਼ ਵਧਦਾ ਹੈ ਤੇ ਚੰਗਾ ਕਰ ਦਿਖਾਉਣ ਦੀ ਪ੍ਰੇਰਨਾ ਵੀ ਮਿਲਦੀ ਹੈ । ਕੋਈ ਵੀ ਘਰ ਦਾ ਮੈਂਬਰ ਜਾਂ ਸਾਡੇ ਆਲੇ ਦੁਆਲੇ ਦਾ ਵਿਅਕਤੀ ਨੇਕ ਹੈ ਜਾਂ ਦੁਸ਼ਟ ਇਹ ਉਸਦੀ ਗੱਲਬਾਤ ਅਤੇ ਤੁਹਾਡੇ ਪ੍ਰਤੀ ਉਸਦੇ ਵਤੀਰੇ ਤੋਂ ਪਹਿਚਾਣਿਆ ਜਾ ਸਕਦਾ ਹੈ । ਕਿਸੇ ਵਿਅਕਤੀ ਦੇ ਵਿਚਾਰ ,

ਪ੍ਰਿੰਸੀਪਲ ਰਵਿੰਦਰ ਕੌਰ .ਫ਼ਤਹਿਗੜ੍ਹ ਸਾਹਿਬ 9988897612

ਵਿਹਾਰ ਤੇ ਵਰਤਾਉ ਉਸ ਦੇ ਚਰਿੱਤਰ ਅਤੇ ਨੈਤਿਕਤਾ ਨੂੰ ਪ੍ਰਗਟ ਕਰਦੇ ਹਨ । ਕਿਸੇ ਦੀ ਰੱਜ ਕੇ ਤਾਰੀਫ ਕਰਨਾ ਵੀ ਇੱਕ ਉੱਤਮ ਗੁਣ ਹੈ । ਇਹ ਉਸ ਵਿਅਕਤੀ ਨੂੰ ਸਿਰਫ ਸਨਮਾਨ ਦੇਣਾ ਹੀ ਨਹੀਂ ਸਗੋਂ ਸਮਾਜ ਵਿੱਚ ਇੱਕ ਪ੍ਰੇਰਨਾਦਾਇਕ ਸੰਦੇਸ਼ ਵਾਹਕ ਬਣਾਉਦਾ ਹੈ । ਕਿਸੇ ਦੀ ਤਾਰੀਫ ਕਰਨੀ ਵੀ ਇੱਕ ਹਿੰਮਤ ਭਰਿਆ ਕਾਰਜ ਹੈ ਨਹੀਂ ਤਾਂ ਅੱਜ ਹਰ ਕੋਈ ਦੂਸਰੇ ਦੀ ਨਿੰਦਾ ਕਰਕੇ ਨੀਵਾਂ ਹੀ ਦਿਖਾਉਣਾ ਚਾਹੁੰਦਾ ਹੈ । ਤਾਰੀਫ ਕਰਨਾ ਤੇ ਚੰਗੇ ਗੁਣਾ ਦੀ ਪ੍ਰਸ਼ੰਸਾ ਕਰਨਾ ਸਾਨੂੰ ਦੂਜਿਆਂ ਨਾਲ ਰਿਸ਼ਤੇ ਵਧੀਆ ਬਣਾਉਣ ਵਿੱਚ ਮਦਦ ਕਰਦਾ ਹੈ। ਜਦੋਂ ਕਿ ਆਲੋਚਨਾ ਤੇ ਨਿੰਦਾ ਸਾਡੇ ਸਾਹਮਣੇ ਵਾਲੇ ਦੇ ਮਨੋਬਲ ਨੂੰ ਘਟਾਉਦੀ ਹੈ ਤੇ ਨਾਲ ਹੀ ਸਾਡੇ ਅੰਦਰ ਵੀ ਖਲਾਅ ਪੈਦਾ ਕਰਦੀ ਹੈ ਤੇ ਮਨੋਬਲ ਘਟਾਉਂਦੀ ਹੈ । ਮਿਹਨਤੀ ਵਿਅਕਤੀ ਦੀ ਕਦਰ ਨਾ ਕਰਨਾ ਉਸਦੇ ਮਨੋਬਲ ਤੇ ਆਤਮ ਵਿਸ਼ਵਾਸ਼ ਨੂੰ ਘਟਾਉਂਦੀ ਹੈ । ਉਹ ਅੱਗੇ ਤੋਂ ਆਪਣੇ ਕੰਮ ਨੂੰ ਉਤਸ਼ਾਹ ਨਾਲ ਨਹੀਂ ਕਰ ਸਕਦਾ । ਉਸਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸਨੂੰ ਅਣਢਿੱਠ ਕੀਤਾ ਜਾ ਰਿਹਾ ਹੈ । ਇਸ ਨਾਲ ਉਸ ਵਿੱਚ ਨਿਰਾਸ਼ਾ ਦੀਆਂ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ । ਇਸ ਲਈ ਹਮੇਸ਼ਾ ਮਿਹਨਤ ਤੇ ਯੋਗਦਾਨ ਦੀ ਕਦਰ ਕਰਦਿਆਂ ਪ੍ਰਸ਼ੰਸਾ ਕਰਕੇ ਉਨ੍ਹਾਂ ਦੇ ਮਨੋਬਲ ਨੂੰ ਉੱਚਾ ਚੁੱਕਣਾ ਚਾਹੀਦਾ ਹੈ । ਤਾਂ ਹੀ ਸਮਾਜ ਨੂੰ ਉਸਾਰੂ ਬਣਾਇਆ ਜਾ ਸਕਦਾ ਹੈ । ਪ੍ਰਸ਼ੰਸਾ ਹਰ ਕਿਸੇ ਦੇ ਅੰਦਰ ਆਤਮ ਵਿਸ਼ਵਾਸ਼ ਅਤੇ ਅਦਿੱਖ ਊਰਜਾ ਦਾ ਸ੍ਰੋਤ ਹੈ ਤੇ ਤੁਹਾਡੇ ਵਿੱਚ ਹਾਂ ਪੱਖੀ ਵਿਚਾਰ ਪੈਦਾ ਕਰਦੀ ਹੈ , ਤੁਹਾਡੇ ਲਈ ਪ੍ਰੇਰਨਾ ਬਣਦੀ ਹੈ , ਜਦਕਿ ਆਲੋਚਨਾ ਨਕਾਰਾਤਮਕ ਊਰਜਾ ਪੈਦਾ ਕਰਦੀ ਹੈ । ਇਸ ਤਰ੍ਹਾਂ ਦੋਵਾਂ ਦਾ ਅੰਤਰ ਹੈ,ਇਕ ਵਿਨਾਸ਼ਕਾਰੀ ਹੈ ਅਤੇ ਦੂਜੀ ਜੀਵੰਤ ਸੇਧ ਦਿੰਦੀ ਹੈ । ਹਾਂ ਪੱਖੀ ਦਿਸ਼ਾ ਵਿੱਚ ਅੱਗੇ ਵਧਣਾ ਸਾਨੂੰ ਨਿਰੰਤਰ ਖੁਸ਼ਹਾਲੀ ਤੇ ਵਿਕਾਸ ਵਿੱਚ ਅੱਗੇ ਵਧਾਉਂਦਾ ਹੈ । ਸਹੀ ਵਿਅਕਤੀ ਨੂੰ ਬਣਦਾ ਸਤਿਕਾਰ ਦੇਣਾ ਬਹੁਤ ਮਹੱਤਵਪੂਰਨ ਹੈ । ਇਹ ਲੋਕਾਂ ਵਿੱਚ ਆਤਮ ਵਿਸ਼ਵਾਸ਼ ਭਰਦਾ ਹੈ । ਸਮਾਜ ਨੂੰ ਸੁਧਾਰਣ ਵਿੱਚ ਇਸ ਦਾ ਬਹੁਤ ਯੋਗਦਾਨ ਹੈ । ਅੱਜ ਦੀ ਜਵਾਨੀ ਨੂੰ ਅਸੀਂ ਸਿੱਧੇ ਰਾਹ ਤੇ ਲਿਆ ਕੇ ਕਿਸੇ ਵੀ ਸਮਾਜ ਨੂੰ ਉੱਚਾਈਆਂ ਤੇ ਲਿਜਾ ਸਕਦੇ ਹਾਂ । ਜੇ ਇਹ ਇਕੱਠੇ ਹੋ ਜਾਣ ਤੇ ਚੰਗੀ ਦਿਸ਼ਾ ਵਿੱਚ ਸੇਧ ਮਿਲਣ ਤੇ ਇਹ ਕੁਝ ਨਾ ਕੁਝ ਕਰ ਸਕਦੇ ਹਨ , ਪਰ ਨਕਾਰਾਤਮਕ ਊਰਜਾ ਨਾਲ ਇਹ ਵਿਨਾਸ਼ਕਾਰੀ ਰਾਹ ਅਪਣਾ ਕੇ ਸਮਾਜ ਨੂੰ ਬੁਰਾਈਆ ਨਾਲ ਭਰ ਸਕਦੇ ਹਨ । ਚੰਗੇ ਕੰਮਾਂ ਦੀ ਪ੍ਰਸ਼ੰਸਾ ਕਰਦੇ ਸਮੇਂ ਆਲੋਚਨਾ ਤੋਂ ਬਚਣਾ ਚਾਹੀਦਾ ਹੈ । ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਡੀ ਪ੍ਰਸ਼ੰਸਾ ਤੋਂ ਮਤਲਬ ਉਤਮਤਾ ਨੂੰ ਉਤਸ਼ਾਹਿਤ ਕਰਨਾ ਹੈ ਨਾ ਕਿ ਗਲਤ ਵਿਵਹਾਰ ਨੂੰ ਉਤਸ਼ਾਹਿਤ ਕਰਕੇ ਵਿਨਾਸ਼ ਪੈਦਾ ਕਰਨਾ । ਭਾਵਨਾਵਾਂ ਦਿਖਾਉਣ ਲਈ ਸਾਨੂੰ ਕਦੇ ਕਦੇ ਸੰਤੁਲਿਤ ਤੇ ਸੰਵੇਦਨਸ਼ੀਲ ਰਹਿਣਾ ਚਾਹੀਦਾ ਹੈ । ਗਲਤ ਕੰਮਾਂ ਦੀ ਸਮਝ ਹੋਣ ਤੇ ਉਹਨਾਂ ਦੀ ਪ੍ਰਸ਼ੰਸਾ ਕਰਨ ਤੋਂ ਬਚਣਾ ਵੀ ਜ਼ਰੂਰੀ ਹੈ । ਸਮਾਜ ਦੀ ਅਗਵਾਈ ਕਰਨ ਵਾਲੇ ਵਿਅਕਤੀਆਂ ਦੀ ਗਲਤ ਕੰਮਾਂ ਦੀ ਪ੍ਰਸ਼ੰਸਾ ਨਹੀਂ ਕਰਨੀ ਚਾਹੀਦੀ । ਇਸ ਨਾਲ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਦਾ ਸੰਦੇਸ਼ ਜਾਂਦਾ ਹੈ । ਸਮਾਜ ਵਿੱਚ ਇਮਾਨਦਾਰੀ, ਨੈਤਿਕਤਾ ਅਤੇ ਉੱਤਮਤਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪ੍ਰਸ਼ੰਸਾ ਦਾ ਉਦੇਸ਼ ਵਿਅਕਤੀ ਦੇ ਚੰਗੇ ਕਾਰਜ ਲਈ ਉਤਸ਼ਾਹਿਤ ਕਰਨਾ ਅਤੇ ਉਸਨੂੰ ਉਸ ਦੇ ਯੋਗਦਾਨ ਦੀ ਮਹੱਤਤਾ ਦਾ ਅਹਿਸਾਸ ਕਰਾਉਣਾ ਹੈ । ਇਸ ਲਈ ਹਮੇਸ਼ਾ ਬਰਾਬਰੀ ਅਤੇ ਨਿਮਰਤਾ ਨਾਲ ਦੂਜਿਆਂ ਦੇ ਚੰਗੇ ਕਾਰਜ ਦੀ ਤਾਰੀਫ ਕਰਦੇ ਹੋਏ ਸਮਾਜ ਨੂੰ ਧਨਾਤਮਕ ਸੇਧ ਦੇਣਾ ਸਾਡਾ ਉਦੇਸ਼ ਹੋਣਾ ਚਾਹੀਦਾ ਹੈ ।



# ਬੱਚਿਆਂ ਵਿਚ ਸਮਾਜਿਕ ਗੁਣਾ ਦਾ ਵਿਕਾਸ ਜ਼ਰੂਰੀ

ਪੜ੍ਹਾਈ ਦੇ ਨਾਲ ਹੀ ਬੱਚਿਆਂ ਦੇ ਸੰਪੂਰਨ ਵਿਕਾਸ ਦੇ ਲਈ ਉਨ੍ਹਾਂ ’ਚ ਸਮਾਜਿਕ ਗੁਣਾਂ ਦਾ ਵਿਕਾਸ ਵੀ ਜਰੂਰੀ ਹੈ । ਬੱਚੇ ਨੂੰ ਸਮਾਜਕ ਬਣਾਉਣ ਦੇ ਲਈ ਗੱਲਬਾਤ ਦੀ ਕਲਾ ਅਤੇ ਭਾਵਨਾਤਮਕ ਸੰਜਮ ਦੀ ਜ਼ਰੂਰੀ ਹੁੰਦੀ ਹੈ । ਇਨ੍ਹਾਂ ਗੁਣਾਂ ਨੂੰ ਵਿਕਸਤ ਕਰਨ ਦੀ ਜਿੰਮੇਵਾਰੀ ਮਾਪਿਆਂ ਦੀ ਹੁੰਦੀ ਹੈ ਪਰ ਮਾਪਿਆਂ ਦੇ ਸਾਹਮਣੇ ਅਹਿਮ ਸਮੱਸਿਆ ਇਹ ਹੁੰਦੀ ਹੈ ਕਿ ਇਨ੍ਹਾਂ ਗੁਣਾਂ ਨੂੰ ਕਿਸ ਤਰ੍ਹਾਂ ਨਾਲ ਵਿਕਸਤ ਕੀਤਾ ਜਾਵੇ ? ਇਸ ਲੇਖ ’ਚ ਅਸੀਂ ਕੁਝ ਅਜਿਹੀਆਂ ਹੀ ਅਹਿਮ ਗੱਲਾਂ ’ਤੇ ਚਰਚਾ ਕਰਾਂਗੇ ਜਿਨ੍ਹਾਂ ਨੂੰ ਧਿਆਨ ’ਚ ਰੱਖ ਕੇ ਤੁਸੀਂ ਬੱਚੇ ਨੂੰ ਤੇਜ ਬਣਾ ਸਕਦੇ ਹੋਂ ।ਮਾਹਿਰਾਂ ਦੇ ਅਨੁਸਾਰ ਬੱਚੇ ਜਨਮ ਤੋਂ ਹੀ ਸਮਾਜਿਕ ਹੁੰਦੇ ਹਨ । ਉਨ੍ਹਾਂ ’ਚ ਕੁਦਰਤੀ ਰੂਪ ਤੋਂ ਹੀ ਸਮਾਜਿਕ ਹੋਣ ਦਾ ਗੁਣ ਹੁੰਦਾ ਹੈ ਇਸਲਈ ਉਨ੍ਹਾਂ ਦਾ ਸਭ ਤੋਂ ਪਹਿਲਾਂ ਸਮਾਜਕ ਲਗਾਅ ਆਪਣੇ ਮਾਤਾ ਪਿਤਾ ਨਾਲ ਹੁੰਦਾ ਹੈ ਜੋ ਉਨ੍ਹਾਂ ਲਈ ਭਾਵਨਾਤਮਕ ਮਾਰਗਦਰਸ਼ਕ ਦਾ ਰੋਲ ਅਦਾ ਕਰਦਾ ਹੈ । ਇਹੋ ਭਾਵਨਾਤਮਕ ਲਗਾਅ ਬੱਚਿਆਂ ’ਚ ਭਾਵਨਾਤਮਕ ਸੰਜ਼ਮ ਅਤੇ ਗੱਲਬਾਤ ਕਰਨ ਦੀ ਕਲਾ ਵਿਕਸਤ ਕਰਦਾ ਹੈ, ਜੋ ਉਨ੍ਹਾਂ ਨੂੰ ਸਮਾਜਿਕ ਬਣਾਉਣ ’ਚ ਮਦਦ ਕਰਦਾ ਹੈ । ਇਸੇ ਲਈ ਇਹ ਸ਼ੁਰੂਆਤ ਜਲਦੀ ਕਰ ਦੇਣੀ ਚਾਹੀਦੀ ਹੈ । ਬੱਚਿਆਂ ਨੂੰ ਅਲੱਗ-ਅਲੱਗ ਤਰ੍ਹਾਂ ਨਾਲ ਖੇਡਾਂ ’ਚ ਸ਼ਾਮਲ ਕਰੋ । ਉਥੇ ਤੁਹਾਡਾ ਬੱਚਾ ਆਪਣੇ ਹਮਉਮਰ ਬੱਚਿਆਂ ਦੇ ਨਾਲ ਅਰਾਮਦਾਇਕ ਮਹਿਸੂਸ ਕਰੇਗਾ । ਇਹਨਾਂ ਖੇਡਾਂ ਦੇ ਜ਼ਰੀਏ ਬੱਚਾ ਦੂਜੇ ਬੱਚਿਆਂ ਦੇ ਨਾਲ ਜੁੜੇਗਾ । ਇਸ ਦੌਰਾਨ ਉਹ ਆਪਣੇ ਆਪ ਨੂੰ ਅਜ਼ਾਦ ਮਹਿਸੂਸ ਕਰੇਗਾ ਜਿਸ ਕਰਕੇ ਬੱਚੇ ਦਾ ਸਮਾਜਿਕ ਵਿਕਾਸ ਤੇਜੀ ਨਾਲ ਹੋਵੇਗਾ ।ਬੱਚਿਆਂ ਨੂੰ ਖਿਡੌਣਿਆਂ ’ਚ ਵਿਅਸਤ ਰੱਖਣ ਦੀ ਥਾਂ ਬਾਹਰ ਖੇਡਾਂ ਖੇਡਣ ਦੇ ਲਈ ਪ੍ਰੇਰਿਤ ਕਰੋ । ਬਾਹਰੀ ਖੇਡਾਂ ਖੇਡਦੇ ਹੋਏ ਉਹ ਹੋਰ ਬੱਚਿਆਂ ਦੇ ਸੰਪਰਕ ’ਚ ਆਵੇਗਾ ਅਤੇ ਨਵੀਆਂ ਨਵੀਆਂ ਗੱਲਾਂ ਸਿੱਖੇਗਾ ਅਤੇ ਉਸਦੇ ਮਾਨਸਿਕ ਵਿਕਾਸ ’ਚ ਵੀ ਵਾਧਾ ਹੋਵੇਗਾ । ਖੇਡਾਂ ਦੇ ਦੌਰਾਨ ਆਪਣੇ ਬੱਚੇ ਨੂੰ ਖਿਡੌਣੇ ਜਾਂ ਖਾਣ ਦੀ ਚੀਜਾਂ ਵੰਡ ਕੇ ਇਸਤਮਾਲ ਕਰਨ ਨੂੰ ਕਹੋ ।ਉਸ ਨੂੰ ਸਾਂਝਾ ਕਰਨ ਦਾ ਮਹੱਤਵ ਸਮਝਾਓ । ਬੱਚਿਆਂ ’ਤੇ ਹੋਈਆਂ ਬਹੁਤ ਸਾਰੀਆਂ ਸੋਧਾਂ ’ਚ ਇਹ ਗੱਲ ਸਾਬਤ ਹੋਈ ਹੈ ਕਿ ਜੋ ਮਾਪੇ ਆਪਣੇ ਬੱਚਿਆਂ ਦੇ ਨਾਲ ਬਹੁਤ ਜਿਆਦਾ ਗੱਲਬਾਤ ਜਾਂ ਵਿਚਾਰ ਸਾਂਝੇ ਕਰਦੇ ਹਨ ਉਨ੍ਹਾਂ ਬੱਚਿਆਂ ਦਾ ਸਮਾਜਿਕ ਵਿਕਾਸ ਤੇਜੀ ਨਾਲ ਹੁੰਦਾ ਹੈ । ਸਮੇਂ ਦੇ ਨਾਲ ਨਾਲ ਉਨ੍ਹਾਂ ਬੱਚਿਆਂ ’ਚ ਬਿਹਤਰ ਤਰੀਕੇ ਨਾਲ ਗੱਲਬਾਤ ਕਰਨ ਦੀ ਕਲਾ ਵੀ ਵਿਕਸਤ ਹੁੰਦੀ ਹੈ । ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਨਾਲ ਹਮੇਸ਼ਾ ਅੱਖ ’ਚ ਅੱਖ ਪਾਕੇ ਗੱਲਬਾਤ ਕਰਨ । ਜਦੋਂ ਵੀ ਬੱਚੇ ਦੂਜੇ ਲੋਕਾਂ ਨਾਲ ਗੱਲਬਾਤ ਕਰਨ ਤਾਂ ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣੋ ।ਸਭ ਤੋਂ ਪਹਿਲਾ ਅਤੇ ਅਹਿਮ ਕੰਮ ਹੈ ਕਿ ਬੱਚਿਆਂ ’ਚ ਨਕਰਾਮਕਤਾ ਹਾਵੀ ਨਾ ਹੋਣ ਦਿਓ ।ਬੱਚਿਆਂ ਦੇ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੇ ਵਿਚਾਰਾਂ ਅਤੇ ਇੱਛਾ ਨੂੰ ਜਾਣਨ ਦੀ ਕੋਸ਼ਿਸ਼ ਕਰੋ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰੋ । ਅਲੱੜ੍ਹ ਉਮਰ ਦੇ ਬੱਚਿਆਂ ’ਤੇ ਨਜਰ ਜ਼ਰੂਰ ਰੱਖਣੀ ਚਾਹੀਦੀ ਹੈ ਪਰ ਹਰ ਵਕਤ ਉਨ੍ਹਾਂ ਦੇ ਆਲੇਦੁਆਲੇ ਮੰਡਰਾਉਣ ਦੀ ਕੋਸ਼ਿਸ਼ ਨਾ ਕਰੋ । ਬੱਚਿਆਂ ਨੂੰ ਵੀ ਆਪਣੇ ਇਕ ਨਿੱਜੀ ਸਮੇਂ ਦੀ ਜ਼ਰੂਰਤ ਹੁੰਦੀ ਹੈ ।ਉਮਰ ਵਧਣ ਦੇ ਨਾਲ ਨਾਲ ਉਨ੍ਹਾਂ ’ਚ ਵੀ ਸਮਝਦਾਰੀ ਆਉਣ ਲੱਗਦੀ ਹੈ ।ਜਿਆਦਾ ਰੋਕ ਟੋਕ ਕਰਨ ਦੀ ਥਾਂ ਉਨ੍ਹਾਂ ਨੂੰ ਆਪਣੇ ਫੈਸਲੇ ਲੈਣ ਦਿਓ, ਸਗੋਂ ਫੈਸਲੇ ਲੈਣ ’ਚ ਉਨ੍ਹਾਂ ਦੀ ਮਦਦ ਵੀ ਕਰੋ । ਜੋ ਮਾਪੇ ਹਰ ਵਕਤ ਆਪਣੇ ਬੱਚਿਆਂ ਦੇ ਆਲੇ ਦੁਆਲੇ ਮੰਡਰਾਉਂਦੇ ਰਹਿੰਦੇ ਹਨ ਉਹ ਆਪਣੇ ਬੱਚਿਆਂ ’ਚ ਸਮਾਜਿਕ ਹੁਨਰ ਵਿਕਸਤ ਨਹੀਂ ਹੋਣ ਦਿੰਦੇ । ਜਿਨ੍ਹਾਂ ਮਾਪਿਆਂ ਦੇ ਪਾਲਣ-ਪੋਸ਼ਣ ਦੀ ਸ਼ੈਲੀ ’ਚ ਬੱਚਿਆਂ ’ਤੇ ਕੰਟਰੋਲ ਜਿਆਦਾ ਪਰ ਪਿਆਰ ਘੱਟ ਹੁੰਦਾ ਹੈ, ਉਨ੍ਹਾਂ ਦੇ ਬੱਚੇ ਜਿਆਦਾ ਸਮਾਜਿਕ ਨਹੀਂ ਹੁੰਦੇ ।ਅਧਿਅਨਾਂ ਨੇ ਸਿੱਧ ਕੀਤਾ ਹੈ ਕਿ ਬੱਚਿਆਂ ’ਤੇ ਦਬਦਬਾ ਰੱਖਣ ਵਾਲੇ ਮਾਪਿਆਂ ਦੇ ਬੱਚੇ ਅੰਤਰਮੁਖੀ ਹੁੰਦੇ ਹਨ ਅਤੇ ਉਨ੍ਹਾਂ ਦੇ ਬਹੁਤ ਘੱਟ ਦੋਸਤ ਹੁੰਦੇ ਹਨ ।ਅਜਿਹੇ ਮਾਪੇ ਆਪਣੇ ਬੱਚਿਆਂ ਨੂੰ ਆਪਸੀ ਗੱਲਬਾਤ ਕਰਨ ਤੋਂ ਨਿਰਾਸ਼ ਕਰਦੇ ਹਨ । ਸਮੇਂ ਦੇ ਨਾਲ ਅਜਿਹੇ ਬੱਚੇ ਅਨੁਸ਼ਾਸਨਹੀਣ, ਬਾਗੀ ਅਤੇ ਵਧੇਰੇ ਹਮਲਾਵਰ ਬਣ ਜਾਂਦੇ ਹਨ ।ਸਮੇਂ ਸਿਰ ਬੱਚਿਆਂ ਦੇ ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖੋ ਤਾਂ ਕਿ ਉਹ ਗਲਤ ਸੰਗਤ ਦੇ ਸ਼ਿਕਾਰ ਨਾ ਹੋ ਸਕਣ ।ਬੱਚਿਆਂ ਵਿਚ ਬਾਹਰਲੇ ਲੋਕਾਂ ਨੂੰ ਸਮਝਣ ਦੀ ਕਲਾ ਵਿਕਸਤ ਕਰੋ ਤਾਂਕਿ ਉਹ ਧੋਖੇਬਾਜੀ ਦੇ ਸ਼ਿਕਾਰ ਹੋਣ ਤੋਂ ਬਚ ਸਕਣ ।



**ਹਰਪ੍ਰੀਤ ਸਿੰਘ ਬਰਾੜ**
**ਸਿਹਤ ,ਸਿੱਖਿਆ ਅਤੇ ਸਮਾਜਿਕ ਲੇਖਕ**
**ਮੇਨ ਏਅਰ ਫੋਰਸ ਰੋਡ ,ਬਠਿੰਡਾ**

# ਅਮਰੀਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ -ਪਲੜਾ ਕਿਸ ਦਾ ਭਾਰਾ -ਟਰੰਪ ਜਾਂ ਕਮਲਾ



ਅਮਰੀਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਚਾਰ ਕੁ ਮਹੀਨਿਆਂ ਬਾਅਦ ਹੋਣਗੀਆਂ ਹਨ ਜਿਨ੍ਹਾਂ 'ਤੇ ਇਸ ਸਮੇਂ ਸਾਰੀ ਦੁਨੀਆ ਦੀਆਂ ਅੱਖਾਂ ਲੱਗੀਆਂ ਹੋਈਆਂ ਹਨ। ਕਮਲਾ ਹੈਰਿਸ ਜਾਂ ਡੋਨਾਲਡ ਟਰੰਪ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਹੋਣਗੇ। ਜੋਅ ਬਾਇਡਨ ਦੇ ਦੌੜ ਤੋਂ ਬਾਹਰ ਨਾ ਹੋਣ ਤੱਕ ਇਹ ਲੱਗਦਾ ਸੀ ਕਿ ਉਹ ਅਗਲੇ ਅਮਰੀਕੀ ਰਾਸ਼ਟਰਪਤੀ ਬਣ ਸਕਦੇ ਸਨ। ਕੁਝ ਸਿਆਸੀ ਪੰਡਿਤਾਂ ਨੂੰ ਲੱਗਦਾ ਹੈ ਕਿ ਡੈਮੋਕ੍ਰੈਟਸ ਨੇ ਬਾਇਡਨ ਨੂੰ ਪਰੇ ਕਰਨ ਵਿਚ ਬਹੁਤ ਦੇਰ ਕਰ ਦਿੱਤੀ ਹੈ ਜਿਸ ਕਾਰਨ ਰਿਪਬਲਿਕਨ ਆਪਣੇ ਸਰੋਤਾਂ ਨੂੰ ਗ਼ਲਤ ਟੀਚੇ 'ਤੇ ਕੇਂਦਰਿਤ ਕਰ ਕੇ ਲੋਕਾਂ ਨੂੰ ਗੁਮਰਾਹ ਕਰ ਸਕਦੇ ਹਨ ਤੇ ਇਸ ਤੋਂ ਫ਼ਾਇਦਾ ਉਠਾ ਸਕਦੇ ਹਨ। ਜੋਅ ਬਾਇਡਨ ਦਾ ਪਰਛਾਵਾਂ ਕਮਲਾ ਦੀਆਂ ਮੁਹਿੰਮਾਂ ਦੇ ਰੂਪ ਵਿਚ ਵੱਡਾ ਹੋਵੇਗਾ। ਉਹ ਉਸ ਤੇ ਉਸ ਦੇ ਨੈੱਟਵਰਕ ਵਲੋਂ ਕੀਤੇ ਕੰਮਾਂ ਦੀ ਜਵਾਬਦੇਹ ਹੋਵੇਗੀ ਕਿਉਂਕਿ ਉਹ ਉਸ ਦੀ ਉਪ ਰਾਸ਼ਟਰਪਤੀ ਹੈ ਤੇ ਹੁਣ ਰਾਸ਼ਟਰਪਤੀ ਦੀ ਕੁਰਸੀ ਲਈ ਅੱਗੇ ਆਵੇਗੀ।

ਇਹ ਵੀ ਸੱਚ ਹੈ ਕਿ ਹੈਰਿਸ ਲਈ ਪੈਸਿਆਂ ਦੇ ਖ਼ਜ਼ਾਨੇ ਖੁੱਲ੍ਹ ਗਏ ਹਨ। ਵੱਡਾ ਸਵਾਲ ਇਹ ਹੈ ਕਿ ਕੀ ਉਸ ਕੋਲ ਉਹ ਹੈ ਜੋ ਜਿੱਤਣ ਲਈ ਚਾਹੀਦਾ ਹੈ ? ਕੀ ਉਹ ਬਾਇਡਨ ਦੇ ਸਾਏ ਤੋਂ ਬਾਹਰ ਨਿਕਲ ਸਕਦੀ ਹੈ ? ਉਹ ਸੈਨੇਟਰ, ਪ੍ਰੋਸੀਕਿਊਟਰ ਅਤੇ ਉਪ ਰਾਸ਼ਟਰਪਤੀ ਰਹਿ ਚੁੱਕੀ ਹੈ। ਉਸ ਦਾ ਪਿਛੋਕੜ ਇਕ ਪਲੱਸ ਪੁਆਇੰਟ ਹੈ। ਉਹ ਏਸ਼ੀਅਨ, ਅਮਰੀਕਨ ਅਤੇ ਕਾਲੇ ਭਾਈਚਾਰੇ ਨਾਲ ਸਬੰਧ ਰੱਖਦੀ ਹੈ। ਇਹ ਸਪਸ਼ਟ ਨਹੀਂ ਹੈ ਕਿ ਓਬਾਮਾ ਦੇ ਕੇਸ ਵਾਂਗ ਉਸ ਦਾ ਸਿਆਹਪਣ ਕੀ ਭਾਰੂ ਹੈ ਜਾਂ ਉਸ ਦਾ ਵਿਭਿੰਨ ਪਿਛੋਕੜ ਵੋਟਰਾਂ ਨੂੰ ਆਕਰਸ਼ਤ ਕਰੇਗਾ ? ਉਸ ਦੀ ਪਛਾਣ ਇਕ ਕਾਰਕ ਹੋ ਸਕਦੀ ਹੈ। ਕਈ ਸਵਾਲ ਹਨ ਜਿਵੇਂ ਕੀ ਅਮਰੀਕਾ ਨੂੰ ਮਿਲੇਗੀ ਪਹਿਲੀ ਕਾਲੀ ਮਹਿਲਾ ਰਾਸ਼ਟਰਪਤੀ ? ਕੀ ਉਹ ਉੱਥੇ ਸਫਲ ਹੋਵੇਗੀ ਜਿੱਥੇ ਇਕ ਗੋਰੀ ਔਰਤ ਹਿਲੇਰੀ ਕਲਿੰਟਨ ਅਸਫਲ ਰਹੀ ? ਮੈਨੂੰ ਲੱਗਦਾ ਹੈ ਕਿ ਇਹ ਕੰਮ ਔਖਾ ਹੋਵੇਗਾ ਪਰ ਨਾਮੁਮਕਿਨ ਨਹੀਂ। ਜੇ ਸਿਆਹਫਾਮ ਓਬਾਮਾ ਰਾਸ਼ਟਰਪਤੀ ਬਣ ਸਕਦਾ ਹੈ ਤਾਂ ਕਮਲਾ ਹੈਰਿਸ ਕਿਉਂ ਨਹੀਂ ? ਇਕ ਸਮਾਂ ਸੀ ਜਦੋਂ ਅਮਰੀਕਾ ਵਿਚ ਨਸਲੀ ਵਿਤਕਰਾ ਅਤੇ ਦਾਸ ਪ੍ਰਥਾ ਚਰਮ ਸੀਮਾ 'ਤੇ ਸਨ। ਸਿਆਹਫਾਮ ਲੋਕਾਂ ਨੂੰ ਵੋਟ ਦਾ ਅਧਿਕਾਰ ਲੈਣ ਲਈ ਲੰਬਾ ਸੰਘਰਸ਼ ਕਰਨਾ ਪਿਆ ਸੀ। ਇੱਥੋਂ ਤੱਕ ਕਿ ਜਦੋਂ ਬਰਾਕ ਓਬਾਮਾ ਰਾਸ਼ਟਰਪਤੀ ਦੀ ਦੌੜ ਵਿਚ ਸਨ ਤਾਂ ਇਕ ਗੋਰੀ ਨੋਬੇਲ ਇਨਾਮ ਜੇਤੂ ਨੇ ਜਨਤਕ ਤੌਰ 'ਤੇ ਕਹਿ ਦਿੱਤਾ ਸੀ ਕਿ ਜੇ ਉਹ ਜਿੱਤਦੇ ਹਨ ਤਾਂ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਓਬਾਮਾ ਹਾਰਵਰਡ, ਇਕ ਕੁਲੀਨ ਯੂਨੀਵਰਸਿਟੀ ਵਿੱਚੋਂ ਪੜ੍ਹਿਆ ਹੋਇਆ ਹੈ ਤੇ ਰਾਸ਼ਟਰਪਤੀ ਦੀ ਚੋਣ ਮੁਹਿੰਮ ਦੌਰਾਨ ਉਸ ਦੀ ਪੜ੍ਹਾਈ-ਲਿਖਾਈ ਉਸ ਲਈ ਫ਼ਾਇਦੇਮੰਦ ਸਾਬਿਤ ਹੋਈ ਸੀ। ਕਮਲਾ 'ਤੇ ਬੇਔਲਾਦ ਹੋਣ ਦਾ ਦੋਸ਼ ਲਗਾਇਆ ਜਾ ਰਿਹਾ ਹੈ ਪਰ ਉਸ ਦੇ ਮਤਰੇਏ ਬੱਚੇ ਹਨ। ਕਮਲਾ ਹੈਰਿਸ ਦੀ ਸਭ ਤੋਂ ਵੱਡੀ ਤਾਕਤ ਉਸ ਦਾ ਸਿਆਸੀ ਤਜਰਬਾ ਹੈ। ਡੋਨਾਲਡ ਟਰੰਪ 'ਤੇ ਹਮਲਾ ਕਰਨ ਲਈ ਉਸ ਦੇ ਵਕੀਲ ਦੀ ਪਿੱਠਭੂਮੀ ਦੀ ਵਰਤੋਂ ਕੀਤੀ ਜਾ ਰਹੀ ਹੈ। ਕੀ ਵੋਟਰ ਇਸ ਨੂੰ ਹਾਸੋਹੀਣੀ ਸਮਝਣਗੇ ਜਾਂ ਇਸ ਨੂੰ ਗੰਭੀਰਤਾ ਨਾਲ ਲੈਣਗੇ ? ਪਿਛਲੇ ਕਾਰਜਕਾਲ ਦੌਰਾਨ ਨਰਮ ਵਿਦੇਸ਼ ਨੀਤੀ ਟਰੰਪ ਦੀ ਕਮਜ਼ੋਰੀ ਸਿੱਧ ਹੋ ਸਕਦੀ ਹੈ। ਅਫ਼ਗਾਨਿਸਤਾਨ ਤੋਂ ਅਮਰੀਕਾ ਦੀ ਵਾਪਸੀ,

ਸੁਰਜੀਤ ਸਿੰਘ ਫਲੋਰਾ
647-829-9397

ਯੂਕਰੇਨ ਵਿਚ ਜੰਗ ਅਤੇ ਹੋਰ ਗਰਮਾ-ਗਰਮ ਮੁੱਦਿਆਂ 'ਤੇ ਰਿਪਬਲਿਕਨਾਂ ਨੂੰ ਪੂਰੀ ਤਿਆਰੀ ਨਾਲ ਆਉਣਾ ਹੋਵੇਗਾ। ਟਰੰਪ ਦਾ ਠੋਸ ਸਿਆਸੀ ਆਧਾਰ ਉਸ ਦੀ ਸਭ ਤੋਂ ਵੱਡੀ ਸੰਪਤੀ ਹੈ। ਰਾਸ਼ਟਰਵਾਦ ਦੇ ਨਾਲ ਉਸ ਦਾ ਲਗਾਅ ਜ਼ਿਆਦਾ ਹੈ। ਫਿਰ ਵੀ ਤੌਖਲਾ ਇਹ ਹੈ ਕਿ ਟਰੰਪ ਨੂੰ ਵਿਸ਼ਵਾਸ ਦਿਵਾਉਣ ਵਾਲੇ ਈਵੈਂਜਲੀਕਲਜ਼ ਕਿਵੇਂ ਵੋਟ ਪਾਉਣਗੇ ? ਦੇਖਿਆ ਜਾਵੇ ਤਾਂ ਟਰੰਪ ਨੂੰ ਪ੍ਰਚਾਰ ਕਰਨਾ ਆਉਂਦਾ ਹੈ। ਉਹ ਨਸਲੀ ਮੁੱਦੇ ਉਭਾਰ ਕੇ ਇਕ ਵਰਗ ਵਿਸ਼ੇਸ਼ ਨੂੰ ਭਰਮਾਉਣਾ ਜਾਣਦਾ ਹੈ। ਉਸ ਦੇ ਹਮਾਇਤੀ ਸਮਝਦੇ ਹਨ ਕਿ ਟਰੰਪ 'ਚ ਰਾਸ਼ਟਰਵਾਦ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਉਹ ਅਮਰੀਕਾ ਦੀ ਕਮਾਨ ਸੰਭਾਲ ਚੁੱਕੇ ਹਨ। ਇਸ ਦਾ ਵੀ ਉਨ੍ਹਾਂ ਨੂੰ ਕਾਫ਼ੀ ਲਾਹਾ ਮਿਲਣ ਦੀ ਸੰਭਾਵਨਾ ਹੈ। ਭਾਵੇਂ ਟਰੰਪ ਦੀ ਕਈ ਕਾਰਨਾਂ ਕਰ ਕੇ ਨੁਕਤਾਚੀਨੀ ਕੀਤੀ ਜਾ ਰਹੀ ਹੈ ਤਾਂ ਵੀ ਉਹ ਵੋਟਰਾਂ ਵਿਚ ਕਾਫ਼ੀ ਪਸੰਦ ਕੀਤੇ ਜਾ ਰਹੇ ਹਨ। ਟਰੰਪ 'ਤੇ ਹੋਇਆ ਜਾਨਲੇਵਾ ਹਮਲਾ ਉਸ ਨੂੰ ਸਿਆਸੀ ਲਾਹਾ ਦੇਵੇਗਾ। ਕਮਲਾ ਦੇ ਅਦਾਲਤੀ ਕੇਸਾਂ ਦਾ ਹਵਾਲਾ ਉਸ ਦੇ ਦੁੱਖ ਨੂੰ ਘਟਾਉਣ ਵਜੋਂ ਦੇਖਿਆ ਜਾ ਸਕਦਾ ਹੈ ਅਤੇ ਉਲਟਾ ਵੀ ਹੋ ਸਕਦਾ ਹੈ। ਅਮਰੀਕੀਆਂ ਨੂੰ ਟਰੰਪ ਬਾਰੇ ਯਾਦ ਹੈ ਅਤੇ ਇਹ ਇਕ ਸਿਆਸੀ ਸੰਜੀਵਨੀ ਹੋ ਸਕਦੀ ਹੈ। ਉਸ ਦੀ ਹੋਰ ਤਾਕਤ ਇਹ ਹੈ ਕਿ ਉਹ ਕੁਝ ਵੀ ਕਹਿ ਸਕਦਾ ਹੈ। ਪੋਲ ਦੋਵਾਂ ਵਿਚਕਾਰ ਤਕਰੀਬਨ ਉੱਨੀ-ਇੱਕੀ ਵਾਲੇ ਹੀ ਹਨ। ਸਵਾਲ ਉੱਠਦਾ ਹੈ ਕਿ ਕੀ ਕਮਲਾ ਦਾ ਅਮਰੀਕਾ ਦੇ ਲੋਕਾਂ 'ਤੇ ਜਾਦੂ ਚੱਲੇਗਾ ? ਮੈਂ ਚਾਹਾਂਗਾ ਕਿ ਉਹ ਗੇਵਿਨ ਨਿਊਜ਼ਮ ਨੂੰ ਰਨਿੰਗ ਸਾਥੀ ਵਜੋਂ ਚੁਣੇ। ਉਸ ਦਾ ਟਰੰਪ ਨਾਲ ਦਿਲਚਸਪ ਸਬੰਧ ਹੈ।

ਹੈਰਿਸ ਨੂੰ ਉਸ ਦੀ ਤਾਰੀਫ਼ ਕਰਨੀ ਚਾਹੀਦੀ ਹੈ ਜਿਵੇਂ ਜੋਅ ਬਾਇਡਨ ਨੇ ਓਬਾਮਾ ਦੀ ਤਾਰੀਫ਼ ਕੀਤੀ ਸੀ। ਕੀ ਰਿਪਬਲਿਕਨ ਪੱਛੜੇ ਹੋਏ ਰਾਜਾਂ ਨੂੰ ਹੋਰ ਹੇਠਾਂ ਲਿਆਉਣਗੇ ਜਿਨ੍ਹਾਂ ਵਿੱਚੋਂ 18 ਨੇ 1992 ਤੋਂ 2012 ਤੱਕ ਰਾਸ਼ਟਰਪਤੀ ਚੋਣਾਂ ਵਿਚ ਡੈਮੋਕ੍ਰੈਟਿਕ ਪਾਰਟੀ ਨੂੰ ਵੋਟਾਂ ਪਾਈਆਂ ਸਨ ? ਟਰੰਪ, ਜੇਡੀ ਵੇਂਸ ਨੂੰ ਰਨਿੰਗ ਸਾਥੀ ਵਜੋਂ ਚੁਣ ਕੇ ਵੱਡਾ ਦਾਅ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਮਲਾ ਦੇ ਨਸਲੀ ਪਿਛੋਕੜ ਵਿਚ ਇਕ ਦਿਲਚਸਪ ਮੋੜ ਹੈ। ਉਸ ਦਾ ਏਸ਼ੀਅਨ ਪਿਛੋਕੜ ਹੈ। ਜੇਡੀ ਵੇਂਸ, ਟਰੰਪ ਦੇ ਚੱਲ ਰਹੇ ਸਾਥੀ ਦੀ ਇਕ ਏਸ਼ੀਅਨ ਪਤਨੀ ਹੈ ਜੋ ਟਰੰਪ ਨੂੰ ਫ਼ਾਇਦਾ ਪਹੁੰਚਾ ਸਕਦੀ ਹੈ। ਜਿਸ ਗੱਲ 'ਤੇ ਅਸੀਂ ਵਿਵਾਦ ਨਹੀਂ ਕਰ ਸਕਦੇ ਉਹ ਇਹ ਹੈ ਕਿ ਚੋਣਾਂ ਮਹਿੰਗੀਆਂ ਅਤੇ ਮਨੋਰੰਜਕ ਹੋਣਗੀਆਂ। ਕੀ ਸਾਨੂੰ ਪਰਵਾਹ ਕਰਨੀ ਚਾਹੀਦੀ ਹੈ ਕਿ ਕੌਣ ਜਿੱਤਦਾ ਹੈ ? ਰਿਪਬਲਿਕਨ ਅਤੇ ਡੈਮੋਕ੍ਰੈਟਸ, ਦੋਵਾਂ ਦੀਆਂ ਪੂਰੀ ਦੂਨੀਆ ਪ੍ਰਤੀ ਵੱਖੋ-ਵੱਖਰੀਆਂ ਨੀਤੀਆਂ ਹਨ। ਕੁਝ ਚੰਗੀਆਂ ਹਨ ਅਤੇ ਕੁਝ ਨਹੀਂ। ਇਮੀਗ੍ਰੇਸ਼ਨ , ਇਕ ਗਰਮ ਮੁੱਦਾ ਹੈ ਅਤੇ ਅਮਰੀਕਾ ਵਿਚ ਰਹਿਣ ਵਾਲੇ ਦੁਨੀਆ ਭਰ ਦੇ ਲੋਕਾਂ ਦੀ ਗਿਣਤੀ ਬਾਰੇ ਸੋਚੋ। ਟਰੰਪ ਨੇ ਮੰਗਲਵਾਰ ਨੂੰ ਮਿਸ਼ੀਗਨ ਵਿਚ ਇਕ ਭਾਸ਼ਣ ਵਿਚ ਸੰਯੁਕਤ ਰਾਜ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਆਏ ਪਰਵਾਸੀਆਂ ਨੂੰ ਜਾਨਵਰ ਅਤੇ ਇਨਸਾਨ ਨਹੀਂ ਹੋਣ ਦਾ ਫ਼ਤਵਾ ਦਿੱਤਾ ਹੈ। ਇਹ ਸਭ ਭੱਦੇ ਲਫ਼ਜ਼ ਸੁਣ ਕੇ ਕੀ ਇੰਮੀਗ੍ਰਾਂਟ ਟਰੰਪ ਨੂੰ ਵੋਟ ਦੇਣਗੇ ? ਹਰਗਿਜ਼ ਨਹੀਂ। ਇਸ ਦੇ ਮੱਦੇਨਜ਼ਰ ਅਮਰੀਕਾ ਦੀਆਂ ਆਗਾਮੀ ਚੋਣਾਂ ਬਾਰੇ ਕੁਝ ਕਿਆਸਅਰਾਈਆਂ ਤਾਂ ਸਾਫ਼ ਹੋ ਜਾਂਦੀਆਂ ਹਨ ਕਿ ਆ ਰਹੇ ਸਮੇਂ ਵਿਚ ਪਲੜਾ ਕਿਸ ਦਾ ਭਾਰਾ ਹੋਣ ਦੀ ਸੰਭਾਵਨਾ ਹੈ।

# ਮਾਂ-ਬਾਪ ਦੀ ਬੱਚਿਆਂ ਪ੍ਰਤੀ ਕੀ ਜ਼ਿੰਮੇਵਾਰੀ ਹੈ ?

ਮਾਂਬਾਪ ਦੀ ਇਹ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਵੱਡੇ ਹੋ ਕੇ ਨਾਮਵਰ ਵਿਅਕਤਿਤਵ ਦੇ ਮਾਲਕ ਅਤੇ ਉੱਚ ਅਫ਼ਸਰ ਬਨਣ। ਇਸ ਲਈ ਆਪਣੀ ਇਸ ਇੱਛਾ ਦੀ ਪੂਰਾ ਕਰਨ ਲਈ ਉਹ ਆਪਣੇ ਬੱਚਿਆਂ ਨੂੰ ਚੰਗੀ ਅਤੇ ਮਹਿੰਗੀ ਸਿੱਖਿਆ ਦਵਾਉਣ ਦੀ ਕੋਸ਼ਿਸ਼ ਕਰਦੇ ਹਨ।

ਬੱਚਿਆਂ ਦੀ ਜ਼ਿੰਮੇਵਾਰੀ ਨਿਭਾਉਣੀ ਹਰ ਮਾਂਬਾਪ ਦਾ ਫਰਜ਼ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਸਾਰੇ ਮਾਂਬਾਪ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਦੇ ਹਨ ?

ਬੱਚਿਆਂ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਵਿੱਚ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਡੀ ਔਕੜ ਤਾਂ ਆਰਥਿਕ ਹੁੰਦੀ ਹੈ। ਦੂਜੀ ਵੱਡੀ ਔਕੜ ਸਮੇਂ ਦੀ ਘਾਟ ਹੁੰਦੀ ਹੈ। ਬੱਚਿਆਂ ਤੋਂ ਅਸੀਂ ਕੁੱਝ ਚੰਗੀ ਆਸ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਉਨ੍ਹਾਂ ਪ੍ਰਤੀ ਮਿੱਤਰਤਾ ਵਾਲਾ ਵਤੀਰਾ ਰੱਖਿਆ ਹੋਵੇਗਾ। ਮਾਂਬਾਪ ਬੱਚੇ ਦੇ ਸਭ ਤੋਂ ਨੇੜਲੇ ਦੋਸਤ ਹੁੰਦੇ ਹਨ। ਸਾਨੂੰ ਬੱਚਿਆ ਪ੍ਰਤੀ ਆਪਣਾ ਰੁਖ ਕੁੱਝ ਇਸ ਤਰ੍ਹਾਂ ਦਾ ਰੱਖਣਾ ਚਾਹੀਦਾ ਹੈ ਕਿ ਉਹ ਤੁਹਾਨੂੰ ਆਪਣਾ ਦੋਸਤ ਸਮਝਣ। ਬੱਚਿਆਂ ਨੂੰ ਚੰਗੇ ਸੰਸਕਾਰ ਗ੍ਰਹਿਣ ਕਰਵਾਣੇ ਚਾਹੀਦੇ ਹਨ। ਸਭ ਤੋਂ ਪਹਿਲਾਂ ਬੱਚਾ ਸੰਸਕਾਰਾਂ ਨੂੰ ਆਪਣੇ ਮਾਂਬਾਪ ਅਤੇ ਪਰਿਵਾਰ ਤੋਂ ਹੀ ਪ੍ਰਾਪਤ ਕਰਦਾ ਹੈ। ਇਹੀ ਬੱਚੇ ਦੀ ਮੁੱਢਲੀ ਸਿੱਖਿਆ ਹੁੰਦੀ ਹੈ। ਇਸ ਲਈ ਬੱਚਿਆਂ 'ਚ ਵੱਡਿਆਂ ਦੀ ਇੱਜ਼ਤ ਕਰਨ, ਆਏ ਗਏ ਦਾ ਆਦਰਮਾਣ ਕਰਨ, ਵੱਡਿਆਂ ਨੂੰ ਜੀ ਕਹਿ ਕੇ ਬੁਲਾਉਣ, ਬੋਲਣ ਅਤੇ ਗੱਲਾਂ ਆਦਿ ਕਰਨ ਦਾ ਸਹੀ ਸਲੀਕਾ ਸਿਖਾਉਣਾ ਚਾਹੀਦਾ ਹੈ। ਬੱਚਾ ਜਦੋਂ ਥੋੜਾ ਜਿਹਾ ਵੱਡਾ ਹੋ ਜਾਵੇ ਅਤੇ ਘਰੋਂ ਬਾਹਰ ਆਪਣੇ ਦੋਸਤਾਂ ਮਿਤੱਰਾਂ ਨਾਲ ਜਾ ਕੇ ਖੇਲਣਾ ਸ਼ੁਰੂ ਕਰ ਦੇਵੇ ਤਾਂ ਉਸ ਉੱਤੇ ਪੂਰੀ ਨਜ਼ਰ ਰੱਖਣੀ ਚਾਹੀਦੀ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਕੀ ਬੱਚਾ ਗਾਲਾਂ ਤਾਂ ਨਹੀਂ ਕੱਢ ਰਿਹਾ ? ਬੱਚੇ ਨੂੰ ਅਜਿਹੇ ਗਲਤ ਸੰਗਤ ਵਾਲੇ ਮਿੱਤਰਾਂ ਤੋਂ ਦੂਰ ਰੱਖਣਾ ਚਾਹੀਦਾ ਹੈ।



ਸਮੇਂਸਮੇਂ ਤੇ ਬੱਚੇ ਦੇ ਦੋਸਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੇ ਮਾਤਾਪਿਤਾ ਕੀ ਕਰਦੇ ਹਨ ? ਉਹ ਕਿੱਥੇ ਰਹਿੰਦੇ ਹਨ ? ਉਨ੍ਹਾਂ ਦੇ ਸੰਸਕਾਰ ਕਿਹੋ ਜਿਹੇ ਹਨ ? ਉਨ੍ਹਾਂ ਬੱਚਿਆਂ ਦਾ ਵਤੀਰਾ ਕਿਹੋ ਜਿਹਾ ਹੈ ? ਉਨ੍ਹਾਂ ਦੀ ਬੋਲ ਬਾਣੀ ਕਿਹੋ ਜਿਹੀ ਹੈ ? ਆਦਿ ਅਜਿਹੇ ਕੁੱਝ ਪ੍ਰਸ਼ਨਾਂ ਦਾ ਕਦੇਕਦੇ ਉੱਤਰ ਬੱਚੇ ਦੇ ਦੋਸਤਾਂ ਚੋਂ ਟਟੋਲਣਾ ਚਾਹੀਦਾ ਹੈ।

ਜਦੋਂ ਬੱਚਾ ਜਵਾਨੀ ਦੀ ਦਹਿਲੀਜ਼ ਤੇ ਕਦਮ ਰੱਖੇ ਤਾਂ ਉਸ ਵੇਲੇ ਉਸ ਤੇ ਵਿਸ਼ੇਸ਼ ਨਜ਼ਰ ਰੱਖਣੀ ਚਾਹੀਦੀ ਹੈ। ਉਹ ਕਿੱਥੇ ਜਾਂਦਾ ਹੈ ? ਕਿਹੋ ਜਿਹੀਆਂ ਕਿਤਾਬਾਂ ਪੜ੍ਹਦਾ ਹੈ ? ਕਿਸ ਤਰ੍ਹਾਂ ਦੇ ਟੀ.ਵੀ. ਸੀਰੀਅਲ ਵੇਖਦਾ ਹੈ ? ਕਿਹੋਂ ਜਿਹੀਆਂ ਫ਼ਿਲਮਾਂ ਵੇਖਦਾ ਹੈ ? ਉਸ ਦੀ ਰਹਿਣੀਬਹਿਣੀ ਕਿਹੋ ਜਿਹੇ ਦੋਸਤਾਂ ਨਾ ਹੈ ? ਆਦਿ ਅਜਿਹੇ ਕੁੱਝ ਪ੍ਰਸ਼ਨਾਂ ਦੇ ਉੱਤਰ ਉਨ੍ਹਾਂ ਦੀਆਂ ਹਰਕਤਾਂ ਤੋਂ ਲੱਭਣੇ ਚਾਹੀਦੇ ਹਨ।

ਦਸਵੀਂ ਜਮਾਤ ਪਾਸ ਕਰਨ ਉਪਰੰਤ ਅਜਿਹਾ ਸਮਾਂ ਆਉਂਦਾ ਹੈ ਜਦੋਂ ਬੱਚਾ ਜਿਆਦਾ ਦੁਵਿਧਾ ਵਿੱਚ ਹੁੰਦਾ ਹੈ, ਕਿਉਂਕਿ ਇਸ ਮੁਕਾਮ ਤੇ ਉਸ ਨੇ ਨਵੇਂ ਵਿਸ਼ਿਆਂ ਦੀ ਚੋਣ ਕਰਨੀ ਹੁੰਦੀ ਹੈ।

ਅਜਿਹੇ ਮੋਕੇ ਮਾਂਬਾਪ ਨੂੰ ਉਨ੍ਹਾਂ ਦਾ ਮਾਰਗ ਦਰਸ਼ਨ ਕਰਨਾ ਚਾਹੀਦਾ ਹੈ। ਬੱਚੇ ਦੀ ਬੌਧਿਕ ਸਮਰਥਾ, ਉਸਦੀਆਂ ਰੁਚੀਆਂ ਅਤੇ ਉਸ ਦੇ ਇੰਟਰਸਟ ਵਗੈਰਾ ਨੂੰ ਵੇਖ ਕੇ ਹੀ ਉਸ ਨੂੰ ਨਵੇਂ ਵਿਸ਼ੇ ਜਾਂ ਨਵੀਂ ਸਟਰੀਮ ਲੈ ਕੇ ਦੇਣੀ ਚਾਹੀਦੀ ਹੈ। ਅਜਿਹਾ ਕਰਦੇ ਸਮੇਂ ਆਪਣੀ ਆਰਥਿਕ ਹਾਲਤ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਕਿਉਂਕਿ ਵਿੱਦਿਆ ਦੇ ਕਈ ਖੇਤਰ ਜਾਂ ?ਆਦਾ ਖਰਚੀਲੇ ਹਨ ਅਤੇ ਇਹ ਤੁਹਾਡੀ ਜ਼ਿੰਦਗੀ ਦੀ ਆਰਥਿਕ ਗੱਡੀ ਨੂੰ ਲੀਹੋ ਲਾਹ ਸਕਦੇ ਹਨ। ਪਰ ਫੇਰ ਵੀ ਚੰਗੀ ਸਿੱਖਿਆ ਦਿਵਾਉਣ ਵੱਲ ਧਿਆਨ ਜ਼ਰੂਰ ਕੇਂਦ੍ਰਤ ਕਰਨਾ ਚਾਹੀਦਾ ਹੈ।

ਸਿੱਖਿਆ ਪ੍ਰਾਪਤੀ ਤੋਂ ਬਾਅਦ ਬੱਚਿਆਂ ਨੂੰ ਸੈਟ ਕਰਨਾ ਵੀ ਮਾਂਬਾਪ ਦਾ ਵੱਡਾ ਫਰਜ਼ ਹੈ। ਬੱਚੇ ਦੇ ਜਨਮ ਤੋਂ ਹੀ ਇਸ ਦਿਸ਼ਾ ਵੱਲ ਆਰਥਿਕ ਸੋਚ ਰੱਖਣੀ ਚਾਹੀਦੀ ਹੈ। ਅੱਜਕੱਲ ਬਿਜਨਸ ਵਿੱਚ ਬਹੁਤ ਪੈਸਾ ਲੱਗਦਾ ਹੈ। ਇਸ ਲਈ ਸ਼ੁਰੂ ਤੋਂ ਹੀ ਬੱਚੇ ਚੇ ਖਾਤੇ ਵਿੱਚ ਆਪਣੀ ਆਮਦਨ ਜਾਂ ਤਨਖਾਹ ਦਾ ਕੁੱਝ ਹਿੱਸਾ ਜਮਾਂ ਕਰਵਾਂਦੇ ਰਹਿਣਾ ਚਾਹੀਦਾ ਹੈ। ਥੋੜੀਥੋੜੀ ਜਮਾਂ ਕਰਵਾਈ ਰਾਸ਼ੀ ਵੀਹਬਾਈ ਸਾਲਾ ਵਿੱਚ ਵੱਡਾ ਰੂਪ ਧਾਰ ਲੈਂਦੀ ਹੈ। ਜੇ ਬੱਚੇ ਨੂੰ ਡਾਕਟਰ, ਇੰਜੀਨੀਅਰ ਬਣਾਉਣਾ ਹੈ ਤਾਂ ਇਹ ਪੈਸਾ ਉਸ ਦੀ ਸਿੱਖਿਆ ਤੇ ਅਤੇ ਜੇ ਉਸਨੂੰ ਦੁਕਾਨਫੈਕਟਰੀ ਖੋਲ ਕੇ ਦੇਣੀ ਹੈ ਤਾਂ ਇਹ ਰਾਸ਼ੀ ਬਿਜ਼ਨੈਸ ਸੈਟ ਕਰਨ ਵਿੱਚ ਵੱਡਾ ਰੋਲ ਅਦਾ ਕਰਦੀ ਹੈ। ਵਿਆਹ ਵੀ ਜ਼ਿੰਦਗੀ ਦਾ ਇਕ ਅਹਿਮ ਮੁਕਾਮ ਹੁੰਦਾ ਹੈ। ਇਸ ਮੋਕੇ ਮਾਪਿਆਂ ਨੂੰ ਬਹੁਤ ਭੱਜਦੌੜ ਕਰਨੀ ਪੈਂਦੀ ਹੈ। ਹਾਂ, ਉਸ ਨੂੰ ਗਲਤ ਠੀਕ ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ। ਜੇ ਬੱਚਾ ਪ੍ਰੇਮ ਵਿਆਹ ਕਰਵਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਸਭ ਕੁਝ ਸਮਝਾਉਣ ਤੋਂ ਬਾਅਦ ਅਰੇਂਜਡ ਮੈਰਿਜ ਵਿੱਚ ਬਦਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਮਾਸਟਰ ਪ੍ਰੇਮ ਸਰੂਪ ਛਾਜਲੀ
9417134982

# " ਤੂੰ ਬਦਲ ਗਈ ਮਾਸੀ....." ( ਕਹਾਣੀ)

ਅੰਮ੍ਰਿਤਪਾਲ ਕਲੇਰ ਚੀਦਾ
ਸੰਪ.9915780980

ਬਾਪੂ ਨੂੰ ਨਾਮੁਰਾਦ ਬਿਮਾਰੀ ਨੇ ਘੇਰ ਲਿਆ ਸੀ।ਛੇ ਮਹੀਨਿਆਂ ਵਿਚ ਹੀ ਬਾਪੂ ਸੁੱਕ ਕੇ ਤੀਲਾ ਬਣ ਗਿਆ ਸੀ। ਬਹੁਤ ਸਾਰੇ ਡਾਕਟਰਾਂ ਨੂੰ ਦਿਖਾਇਆ ਪਰ ਹਰ ਪਾਸਿਓਂ ਜਵਾਬ ਹੀ ਮਿਲਿਆ।ਅਖੀਰ ਅੱਜ ਬਾਪੂ ਨੇ ਲੰਮੀਆਂ ਤਾਣ ਲਈਆਂ ਸਨ। ਸਕੀਰੀਆਂ ਵਿੱਚ ਫੋਨ ਕੀਤੇ ਜਾ ਰਹੇ ਸਨ। ਮਾਂ ਨੇ ਸੱਥਰ ਉੱਤੇ ਬੈਠੀ ਨੇ ਅਵਾਜ ਦਿੱਤੀ,"ਪੱਖੋਂ ਵੀ ਫੋਨ ਕਰ ਦਿਓ ਤੇਜ ਨੂੰ"। ਤੇਜ ਮਾਸੀ ਤੇ ਬਾਪੂ ਮੇਰੇ ਚੇਤਿਆਂ ਵਿੱਚ ਵਹਿਣ ਲੱਗੇ।

ਬਾਪੂ ਬਹੁਤ ਸੌਕੀਨ ਸੀ ਪਰ ਥੋੜ੍ਹਾ ਕੱਬੇ ਸੁਭਾਅ ਦਾ ਸੀ। ਮਾਂ ਦੀ ਕੀ ਮਜਾਲ ਸੀ ਕਿ ਘਰੋਂ ਪੈਰ ਬਾਹਰ ਵੀ ਧਰ ਲੈਂਦੀ ,ਪਰ ਮਾਂ ਦੀ ਹਰ ਖਾਹਿਸ ਬਾਪੂ ਨੇ ਪੂਰੀ ਕੀਤੀ ਸੀ। ਬਾਪੂ ਦੀ ਹਰ ਗੱਲ ਮੇਰੇ ਚੇਤਿਆਂ ਵਿੱਚੋਂ ਅੱਖਾਂ ਰਾਹੀਂ ਵਹਿਣ ਲੱਗੀ।

" ਮੈਡਮ, ਮੇਰੀ ਖਾਕੀ ਪੈਂਟ ਤੇ ਮੋਟੇ ਚੈੱਕ ਵਾਲੀ ਨਾਭੀ ਤੇ ਕਰੀਮ ਰੰਗ ਦੀ ਸਰਟ ਪ੍ਰੈੱਸ ਕਰ ਦੇਣਾ"

" ਅੱਜ ਤਾਂ ਐਤਵਾਰ ਆ , ਸਕੂਲ ਤਾਂ ਜਾਣਾ ਨਹੀਂ, " ।ਮਾਂ ਨੇ ਹੈਰਾਨਗੀ ਪ੍ਰਗਟ ਕਰਦਿਆਂ ਕਿਹਾ।" ਬਠਿੰਡੇ ਜਾਣਾ ?

"ਨਹੀਂ ਘਰ ਹੀ ਹਾਂ " । ਬਾਪੂ ਨੇ ਮੋੜਵਾਂ ਜਵਾਬ ਦਿੱਤਾ। ਬਾਪੂ ਅਕਸਰ ਮਾਂ ਨੂੰ ਮੈਡਮ ਕਹਿ ਕੇ ਬੁਲਾਉਂਦਾ। ਇੱਕ ਵਾਰ ਮਾਂ ਤੇ ਬਾਪੂ ਨਾਨਕੇ ਗਏ। ਬਾਪੂ ਨੇ ਸੁਭਾਅ ਮੁਤਾਬਿਕ ਮਾਂ ਨੂੰ ਮੈਡਮ ਕਹਿ ਦਿੱਤਾ ਤਾਂ ਨਾਨੀ ਨੇ ਬਹੁਤ ਬੁਰਾ ਮਨਾਇਆ,ਕਿ "ਸਾਊ, ਪਹਿਲਾਂ ਛੱਤੜੇ ਦੀਆਂ ਸਤੀਰੀਆਂ ਬਦਲ, ਫਿਰ ਮਾਡਮ , ਮੂਡਮ ਕਹੀਂ" ।ਨਾਨੀ ਦੀ ਕਹੀ ਗੱਲ ਬਾਪੂ ਦੇ ਤੀਰ ਵਾਂਗ ਲੱਗੀ।

ਬਾਪੂ ਦੀ ਨਾਭੀ ਚੈੱਕ ਵਾਲੀ ਕਮੀਜ ਤੇ ਕਰੀਮ ਪੈਂਟ ਮਨ ਪਸੰਦੀਦਾ ਸੀ।ਖੁਸੀ ਮੌਕੇ ਬਾਪੂ ਅਕਸਰ ਇਹ ਹੀ ਪਹਿਨਦਾ ਸੀ। ਹਰ ਐਤਵਾਰ ਨੂੰ ਬਾਪੂ ਨੇ ਬਠਿੰਡੇ ਜਾਣਾ ਹੁੰਦਾ। ਬਸ ਅੱਡੇ ਤੋਂ ਤੁਰ ਕੇ ਬਜਾਰ ਵਿੱਚ ਦੀ ਹੁੰਦੇ ਹੋਏ, ਧੋਬੀ ਬਜਾਰ ਜਾਣਾ ਤੇ ਫਿਰ ਗਾਂਧੀ ਮਾਰਕੀਟ ਲੰਘ ਕੇ ਪੁਰਾਣੇ ਗੀਤਾਂ ਦੀ ਦੁਕਾਨ ਤੇ ਜਾਣਾ । ਬਾਪੂ ਨੂੰ ਪੁਰਾਣੇ ਗੀਤ ਬਹੁਤ ਪਸੰਦ ਸਨ।ਉੱਥੇ ਦਸ ਮਿੰਟ ਰੁਕ ਕੇ ਪੁਰਾਣੇ ਗਾਣਿਆਂ ਦੇ ਤਵੇ ਜੇ ਪਸੰਦ ਆਉਣੇ ਤਾਂ ਖਰੀਦਣਾ ਨਹੀਂ ਤਾਂ ਫਿਰ ਰੇਲਵੇ ਸਟੇਸਨ ਵੱਲ ਨੂੰ ਹੋ ਤੁਰਨਾ। ਪਹਿਲਾਂ ਸਾਰੇ ਰੇਲਵੇ ਸਟੇਸਨ ਦਾ ਚੱਕਰ ਲਾਉਣਾ, ਫਿਰ ਰੇਲ ਦੀ ਉਡੀਕ ਕਰ ਰਹੀਆਂ ਸਵਾਰੀਆਂ ਨੂੰ ਗਹੁ ਨਾਲ ਤੱਕਣਾ,ਹਰ ਚਿਹਰੇ ਨੂੰ ਅੰਦਰ ਤੱਕ ਪੜ੍ਹਨਾ। ਫਿਰ ਪਲੇਟਫਾਰਮ ਦੀ ਟਿਕਟ ਲੈ ਕੇ ਪਲੇਟਫਾਰਮ ਤੇ ਜਾਣਾ, ਕਿੰਨਾ ਚਿਰ ਆਉਂਦੀਆਂ ਜਾਂਦੀਆਂ ਸਵਾਰੀਆਂ ਨੂੰ ਨਿਹਾਰਨਾ । ਕਣਕਵਾਲ ਨੂੰ ਜਾਣ ਵਾਲੀ ਰੇਲ ਕੋਲ ਜਾਣਾ, ਅਤੇ ਪਥਰਾਈਆਂ ਅੱਖਾਂ ਨਾਲ ਕਿੰਨ੍ਹਾ ਸਮਾਂ ਦੇਖਦੇ ਰਹਿਣਾ। ਕਣਕਵਾਲ ਬਾਪੂ ਦੇ ਨਾਨਕੇ ਸਨ ਤੇ ਬਚਪਨ ਨਾਨਕੇ ਹੀ ਬੀਤਿਆ ਸੀ। ਰੇਲਵੇ ਸਟੇਸਨ ਤੋਂ ਚੱਕਰ ਮਾਰ ਕੇ ਗੋਲਡੱਗੀ ਕੋਲ ਦੀ ਹੁੰਦਿਆਂ ਪੁਰਾਣੇ ਬੱਸ ਅੱਡੇ ਕੋਲ ਆ ਪਿੰਡ ਵਾਲੀ ਬੱਸ ਆ ਚੜ੍ਹਨਾ।

ਮਾਂ ਹੈਰਾਨ ਸੀ ਕਿ "ਅੱਜ ਤਾਂ ਬਠਿੰਡੇ ਵੀ ਨਹੀਂ ਜਾਣਾ ? ਫਿਰ ਅੱਜ ਕਿੱਥੋਂ ਦੀਆਂ ਤਿਆਰੀਆਂ ਕਰੀ ਬੈਠਾ।" ਮਾਂ ਦੀ ਸੋਚ ਕਿਸੇ ਸਾਹਿਤਕ ਸਮਾਗਮ ਵੱਲ ਨੂੰ ਹੋ ਤੁਰਦੀ ,ਕਿ ਹੋ ਸਕਦਾ ਕਿਸੇ ਸਿਰ ਖਪਾਈ ਵਾਲੀ ਜਗ੍ਹਾ ਜਾਣਾ ਹੋਵੇ। ਮਾਂ, ਅਨਪੜ੍ਹ ਹੋਣ ਕਰਕੇ ਬਾਪੂ ਦੇ ਸਾਹਿਤਕ ਸਮਾਗਮਾਂ ਤੇ ਜਾਣ ਨੂੰ ਸਿਰਖਪਾਈ ਤੇ ਵਿਹਲੜਾਂ ਦਾ ਕਿੱਤਾ ਹੀ ਸਮਝਦੀ ਅਤੇ ਕਹਿੰਦੀ ਕਿ" ਅੱਜ ਤੱਕ ਕੀ ਬਦਲਿਆ ? ਮੈਨੂੰ ਤਾਂ ਸਮਝ ਨਹੀਂ ਆਉਂਦੀ ਇਹ ਵਿਹਲੜ ਕੱਠੇ ਹੋ ਕੇ ਐਵੇਂ ਦਿਮਾਗ ਖਰਾਬ ਕਰਦੇ ਨੇ। ਮਹਿੰਗਾਈ ਤਾਂ ਅੱਗੇ ਨਾਲੋਂ ਵੀ ਪਰਾਲੀ ਦੀ ਅੱਗ ਵਾਂਗ ਵਧਦੀ ਹੀ ਜਾਂਦੀ ਆ,ਰੁਕਣ ਦਾ ਨਾਂ ਹੀ ਨਹੀਂ ਲੈਂਦੀ" । ਅੱਜ ਉਸਦੇ ਚੇਤਿਆਂ ਵਿੱਚੋਂ ਵਿਸਰ ਗਿਆ ਸੀ ਕਿ ਪਰਸੋਂ ਪੱਖੋ ਕਲਾਂ ਵਾਲੀ ਤੇਜ ਮਾਸੀ ਦਾ ਫੋਨ ਆਇਆ ਸੀ, ਕਿ ਅੱਜ ਉਸ ਨੇ ਆਉਣਾ ਸੀ। ਜਦੋਂ ਮਾਸੀ ਨੇ ਆਉਣਾ ਹੁੰਦਾ ਬਾਪੂ ਦਾ ਧਰਤੀ ਪੈਰ ਨਾ ਲੱਗਦਾ।ਬਾਪੂ ਤੋਂ ਖੁਸੀ ਸੰਭਾਲੀ ਨਾ ਜਾਂਦੀ। ਸਵੇਰੇ ਹੀ ਨਹਾ ਧੋ ਕੇ ਹਵਾ ਪਿਆਜੀ ਪੱਗ ਬੰਨ੍ਹ, ਨਾਭੀ ਚੈੱਕ ਵਾਲੀ ਕਮੀਜ ਦੇ ਨਾਲ ਘਿਓ ਕਪੂਰੀ ਪੈਂਟ ਪਾ ਤਿਆਰ ਹੋ ਜਾਂਦਾ। ਮਾਸੀ ਦੇ ਆਉਣ ਤੋਂ ਪਹਿਲਾਂ ਸਾਈਕਲ ਚੁੱਕਦਾ ਤੇ ਨਥਾਣੇ ਸਬਜੀ ਅਤੇ ਹੋਰ ਬਿਸਕੁਟ ਤੇ ਖਾਣ ਪੀਣ ਵਾਲਾ ਨਿੱਕ ਸੁੱਕ ਲੈਣ ਚਲਾ ਜਾਂਦਾ। ਮਾਸੀ ਵੀ ਅਕਸਰ ਛੁੱਟੀ ਵਾਲੇ ਦਿਨ ਹੀ ਆਉਂਦੀ । ਤਾਂ ਕਿ ਸਾਰੇ ਘਰੇ ਮਿਲ ਜਾਣ।

ਮਾਸੀ, ਮਾਂ ਦੀ ਸਕੀ ਭੈਣ ਨਹੀਂ ਸੀ, ਬਲਕਿ ਮਾਂ ਦੀ ਅੱਗੇ ਮਾਸੀ ਦੀ ਕੁੜੀ ਸੀ। ਬਾਪੂ ਨੇ ਮਾਸੀ ਦਾ ਰਿਸਤਾ ਆਪਣੀ ਛੋਟੀ ਮਾਸੀ ਦੇ ਮੁੰਡੇ ਨੂੰ ਪੱਖੋਕਲਾਂ ਕਰਾਇਆ ਸੀ। ਮਾਸੀ ਦਾ ਸਾਕ ਕਰਾਉਣਾ ਉਸ ਲਈ ਜੰਗ ਜਿੱਤਣ ਬਰਾਬਰ ਸੀ। ਬਹੁਤ ਅੜਚਣਾਂ ਸੀ ਮਾਸੀ ਦੇ ਸਾਕ ਲਈ। ਬਾਪੂ , ਨਾਨੀ ਨਾਲ ਘੱਟ ਹੀ ਬੋਲਦਾ ਸੀ, ਨਾਨੀ ਵੀ ਕਹਿੰਦੇ ਕਹਾਉਂਦੇ ਨੂੰ ਠਿੱਬੀ ਲਾ ਜਾਂਦੀ ਸੀ ਤੇ ਬਾਪੂ ਵਿੱਚ ਵੀ ਸਿਰੇ ਦਾ ਰੰਘੜਊ ਸੀ,ਨੱਕ ਤੇ ਮੱਖੀ ਬਾਪੂ ਵੀ ਨਹੀਂ ਸੀ ਬਹਿਣ ਦਿੰਦਾ ।ਬਸ ਸਾਰੀ ਉਮਰ ਦੋਨਾਂ ਦੀ ਇਸ ਗੱਲ ਕਰਕੇ ਹੀ ਨਹੀਂ ਸੀ ਬਣੀ। ਗੱਲ ਹੁਣ ਮਾਸੀ ਦੇ ਸਾਕ ਲਈ ਨਾਨੀ ਨੂੰ ਮਨਾਉਣ ਦੀ ਸੀ ਕਿ ਉਹ ਆਪਣੀ ਭੈਣ ਨੂੰ ਰਿਸਤਾ ਕਰਨ ਲਈ ਮਨਾਵੇ। ਬਾਪੂ ਨੇ ਸਾਕ ਲਈ ਮਾਂ ਨੂੰ ਮੋਹਰਾ ਬਣਾਇਆ ਸੀ। ਘੱਟ ਨਾਨੀ ਵੀ ਨਹੀਂ ਸੀ, ਮਾਂ ਨੂੰ ਕਹਿੰਦੀ ,"ਕੁੜੀਏ, ਐਂ ਸਾਕ ਕਿਵੇਂ ਕਰ ਦੇਣ, ਕੀ ਆ ਉਹਨਾਂ ਨੰਗਾਂ ਮਲੰਗਾਂ ਕੋਲ। ਪਹਿਲਾਂ ਤਾਂ ਤੇਰੇ ਪਿਉ ਦੀ ਸਹੇੜ ਹੀ ਠੀਕ ਨਹੀਂ ਆਉਂਦਾ,ਆਕੜ ਸੱਤਾ ਚੂਹੜਿਆਂ ਜਿੰਨੀ" । " ਮਾਂ ਮਾਸੀ ਨਾਲ ਗੱਲ ਤਾਂ ਤੋਰ" । ਮਾਂ ਨੇ ਵਿਚਾਰਾ ਜਿਹਾ ਮੂੰਹ ਬਣਾ ਕੇ ਕਿਹਾ ਸੀ। ਨਾਨੀ , ਮਾਂ ਦੀ ਖੁਸੀ ਲਈ ਅਗਲੇ ਹੀ ਦਿਨ ਜੋਧਪੁਰ ਚੀਮੇ ਜਾ ਧਮਕੀ। ਆਥਣੇ ਗੱਲਾਂ ਬਾਤਾਂ ਕੀਤੀਆਂ। ਨਾਨੀ ਦੀ ਭੈਣ ਵੀ ਭਾਂਪ ਗਈ, ਕਿ ਗੱਲ ਤਾਂ ਕੋਈ ਭੈਣ ਜਰੂਰੀ ਕਰਨ ਆਈ ਆ। ਰਾਤ ਨੂੰ ਗੱਲ ਛੇੜੀ ਲਈ ,"ਅਖੇ ਜੀਤੋ , ਕੁੜੀ ਵਾਸਤੇ ਕੋਈ ਥਾਂ ਥੁੰ ਦੇਖੀ ਆ ?"

"ਨਹੀਂ ਭੈਣੇ, ਇਹਦਾ ਪਿਉ ਕਹਿੰਦਾ ਹਾੜੀਆਂ ਤੋਂ ਪਿੱਛੋਂ ਦੇਖਾਂਗੇ ਕਿਤੇ, ਦੱਸ ਤਾਂ ਬਥੇਰਿਆਂ ਨੇ ਪਾਈ ਆ" ।

"ਆਪਣਾ ਪੂਹਲੇ ਵਾਲਾ ਪ੍ਰਾਹਣਾ ਭਾਈ ਸਾਕ ਮੰਗਦਾ, ਆਵਦੇ ਮਾਸੀ ਦੇ ਮੁੰਡੇ ਨੂੰ ,ਊ ਤਾਂ ਚੰਗਾ ਸੋਹਣਾ ਕੰਮ ਕਰਦਾ ਮੁੰਡਾ, ਪਹਿਲਾਂ ਜ਼ਿਮੀਂਦਾਰਾਂ ਦੇ ਸੀਰੀ ਰਲਦਾ ਸੀ,ਹੁਣ ਮਿਸਤਰੀ ਨਾਲ ਦਿਹਾੜੀ ਕਰਦਾ ,ਚੰਗੇ ਦੋ ਕਮਰੇ ਛੱਤੇ ਆ" ।

"ਤੇਜ ਦਾ ਪਿਓ ,ਭੈਣ ਤੇਜ ਦੇ ਸਾਕ ਨੂੰ ਆਈ ਆ" ।

"ਚਾਰ ਮਣ ਦਾਣੇ ਕੱਠੇ ਕਰ ਕੇ ਦੇਖ ਆਵਾਂਗੇ ਮੁੰਡਾ" ।ਮਾਸੀ ਦੇ ਪਿਉ ਨੇ ਨਾਨੀ ਨੂੰ ਕਿਹਾ ਸੀ।

ਭਿਣਕ ਤੇਜ ਮਾਸੀ ਨੂੰ ਵੀ ਪੈ ਗਈ ਕਿ ਵੱਡੀ ਮਾਸੀ ਸਾਕ ਮੰਗਣ ਆਈ ਆ। ਮਾਸੀ ਦੇ ਵੀ ਦਿਲ ਵਿੱਚ ਲੱਡੂ ਭੁਰਨ ਲੱਗੇ। ਬਾਪੂ ਦੇ ਵਿਆਹ ਮੌਕੇ ਤੇਜ ਮਾਸੀ ਨੇ ਹੀ ਬਰਾਤ ਦਾ ਬਾਰ ਰੋਕਿਆ ਸੀ ਅਤੇ ਬਾਪੂ ਨਾਲ ਹਾਸਾ ਮਖੌਲ ਕੀਤਾ ਸੀ। ਮਾਸੀ ,ਬਾਪੂ ਦੀ ਰੂਹ ਦੀ ਦੇਹਲੀ ਟੱਪ ਗਈ ਸੀ ,ਜਦੋਂ ਬਾਰ ਰੁਕਾਈ ਵੇਲੇ ਮਾਸੀ ਨੇ ਬਾਪੂ ਨੂੰ ਸਿੱਠਣੀਆਂ ਦਿੱਤੀਆਂ ਸੀ..

" ਲਾੜ੍ਹਿਆ ਕੱਲਾ ਕਿਉਂ ਆਇਆ ਵੇ ਤੂੰ ਅੱਜ ਦੀ ਘੜੀ,
ਨਾਲ ਭੈਣਾਂ ਨੂੰ ਨਾ ਲਿਆਇਆ ਵੇ ਤੂੰ ਅੱਜ ਦੀ ਘੜੀ।"

ਉਨ੍ਹਾਂ ਵੇਲਿਆਂ ਵਿੱਚ ਬੁੜ੍ਹੀਆਂ ਕੁੜੀਆਂ ਬਰਾਤ ਨਹੀਂ ਸਨ ਜਾਇਆ ਕਰਦੀਆਂ। ਬਾਪੂ ਨੇ ਮਾਸੀ ਨੂੰ ਮਖੌਲ ਵਿੱਚ ਕਿਹਾ ਸੀ ," ਛਮਕ ਛੱਲੋ, ਤਿਆਰ ਰਹੀਂ , ਹੁਣ ਤੈਨੂੰ ਵਿਆਹੁਣ ਆਵਾਂਗੇ ਬਰਾਤੀ ਬਣ ਕੇ" ।ਮਾਸੀ, ਸਰਮ ਨਾਲ ਗੁਲਾਬੀ ਜਿਹੀ ਹੋ ਗਈ ਅਤੇ ਉਸ ਨੇ ਚੁੰਨੀ ਦੰਦਾਂ 'ਚ ਦਬਾ ਲਈ ਸੀ। ਬਾਪੂ ਨੇ ਸਰਾਬੀ ਜਿਹਾ ਹਾਸਾ ਹੱਸ ਕੇ ਗੀਬਨ ਕੱਟਿਆ ਸੀ। ਮਾਸੀ ਦਾ ਹਾਸਾ ਸੀ ਅਤੇ ਬਾਪੂ ਦੀ ਰੂਹ, ਦੋਨੋਂ ਇਕਮਿਕ ਹੋ ਗਏ ਸਨ ।ਹੁਣ ਤੇਜ ਮਾਸੀ ਦਾ ਸਾਕ ਬਾਪੂ ਲਈ ਇੱਜਤ ਦਾ ਸਵਾਲ ਬਣ ਗਿਆ ਸੀ। ਨਾਨੀ ਨੇ ਇਸ ਮੌਕੇ ਦਾ ਫਾਇਦਾ ਉਠਾਇਆ ਅਤੇ ਬਾਪੂ ਨੂੰ ਕਿਹਾ,

"ਸਾਊ , ਜਿੱਦੇਂ ਰਲੌਂ ਦਾ ਸਾਕ ਕੀਤਾ ਇਹਦੇ ਪਿਓ ਨੇ , ਕਹਿੰਦੇ ਸੀ,ਚਾਰ ਘੁਮਾਅ ਆਉਂਦੇ ਨੇ ਮੁੰਡੇ ਨੂੰ , ਅਸੀਂ ਤਾਂ ਆਖਿਆ ਬਈ ਚੰਗੀ ਸੋਹਣੀ ਕਬੀਲਦਾਰੀ ਹੋਊਗੀ, ਇਹ ਤਾਂ ਮਗਰੋਂ ਪਤਾ ਲੱਗਿਆ ਕਿ ਬਈ ਛੱਤੜੇ ਹੇਠਾਂ ਵੀ ਲਟੈਣ ਦਿੱਤੀ ਹੋਈ ਆ। ਮੇਰੇ ਪਿਓ ਦੇ ਸਾਲੇ ਵਿਚੋਲੇ ਨੇ ਭਿਣਕ ਨਹੀਂ ਦਿੱਤੀ,ਕੁੜੀ ਡੋਬਤੀ" । ਜੀਅ ਤਾਂ ਬਾਪੂ ਦਾ ਵੀ ਕੀਤਾ ਸੀ ਕਿ ਕਹਿ ਦੇਵੇ ,ਕਿ "ਸੋਡੇ ਕਿਹੜਾ ਬਲੌਰ ਝੂਲਦੇ ਸੀ" ,

ਪਰ ਭਰਮ ਦੀ ਸੰਦਲੀ ਖੁਸਬੂ ਨੇ ਬਾਪੂ ਨੂੰ ਫਿਰ ਕਲਾਵੇ ਵਿੱਚ ਲੈ ਲਿਆ ਸੀ ਅਤੇ ਨਾਨੀ ਦੀ ਅੱਕ ਚੱਬੀ ਬੋਲੀ ਬਾਪੂ ਦੇ ਆਦਰਸਵਾਦ ਨੂੰ ਲੀਰਾਂ ਲੀਰਾਂ ਕਰ ਗਈ । ਕਿਸੇ ਕਿਤਾਬ ਵਿਚ ਪੜ੍ਹੀ ਇਹ ਸਤਰ ਬਾਪੂ ਦੇ ਪਟੱਕ ਦੇਣੇ ਯਾਦ ਆ ਕੇ ਚਿੜਾਉਣ ਲੱਗੀ, ਕਿ ਔਰਤ ਸਦੀਆਂ ਤੋਂ ਗੁਲਾਮ ਹੈ।

ਨਾਨੀ, ਬਾਪੂ ਨੂੰ ਨੀਵਾਂ ਦਿਖਾਉਣ ਦਾ ਕੋਈ ਵੀ ਮੌਕਾ ਨਹੀਂ ਸੀ ਜਾਣ ਦਿੰਦੀ। ਮਾਸੀ ਦਾ ਸਾਕ ਸੁੱਖੀ ਸਾਂਦੀ ਨੇਪਰੇ ਚੜ੍ਹ ਗਿਆ। ਜ਼ਿੰਦਗੀ ਆਪਣੀ ਤੋਰ ਤੁਰਦੀ ਗਈ। ਰਿਸਤਿਆਂ ਦੀ ਪਾਕੀਜਗੀ ਗੁਲਾਬੀ ਤੋਂ ਸੰਧੂਰੀ ਹੁੰਦੀ ਗਈ। ਉਮਰ ਦੀ ਢਲਦੀ ਦੁਪਹਿਰ ਨੇ ਮੋਹ ਦੀਆਂ ਤੰਦਾਂ ਨੂੰ ਪੀਢਾ ਕਰ ਦਿੱਤਾ।

ਬਾਪੂ ਨੂੰ ਅਚਾਨਕ ਲਾਇਲਾਜ ਬਿਮਾਰੀ ਨੇ ਘੇਰ ਲਿਆ। ਬਹੁਤ ਇਲਾਜ ਕਰਾਇਆ ਪਰ ਖੂਨ ਘਟਦਾ ਹੀ ਗਿਆ। ਹੁਣ ਤਾਂ ਮਹੀਨੇ ਤੋਂ ਦਸ ਦਿਨਾਂ ਵਿੱਚ ਖੂਨ ਚੜ੍ਹਾਉਣਾ ਪੈਂਦਾ। ਸਾਰੇ ਸਾਕ ਸਬੰਧੀ ਆ ਕੇ ਪਤਾ ਲੈ ਜਾਣ ਲੱਗੇ। ਬਾਪੂ ਪਥਰਾਈਆਂ ਅੱਖਾਂ ਨਾਲ ਹਰ ਪਤਾ ਲੈਣ ਆਏ ਵੱਲ ਦੇਖਦਾ ਅਤੇ ਅੱਖਾਂ ਬੰਦ ਕਰ ਲੈਂਦਾ। ਬਾਪੂ ਦੀ ਰੂਹ ਰੋਹੀ ਬੀਆਬਾਨ ਵਿੱਚ ਭਟਕ ਜਾਂਦੀ। ਅੱਜ ਪੱਖੋਂ ਕਲਾਂ ਤੋਂ ਦੂਰ ਦੀ ਰਿਸਤੇਦਾਰੀ ਵਿੱਚੋਂ ਗਾਮਾ ਤਾਇਆ ਆਇਆ ਸੀ। ਉਸ ਨੇ ਬਾਪੂ ਦੇ ਮੋਢੇ ਨੂੰ ਹਲੂਣ ਕੇ ਕਿਹਾ,

"ਬਾਈ ,ਤੂੰ ਫ਼ਿਕਰ ਨਾ ਕਰ ਠੀਕ ਹੋਜੇਂਗਾ,ਬਾਈ ਬਾਈ...." । ਤੇ ਬਾਪੂ ਸਦਾ ਲਈ ਲੰਮੀਆਂ ਤਾਣ ਜਣੀ ਕਦੋਂ ਦਾ ਸੌਂ ਗਿਆ ਸੀ । ਗਾਮਾ ਤਾਇਆ ਕਹਿ ਰਿਹਾ ਸੀ ਕੇ , "ਮੈਨੂੰ ਵੀ ਕੱਲ੍ਹ ਹੀ ਪਤਾ ਲੱਗਿਆ ਬਾਈ ਦੇ ਬਿਮਾਰ ਦਾ। ਤੇਜ ਚਾਚੀ ਆਵਦੇ ਵੱਡੇ ਮੁੰਡੇ ਨੂੰ ਕਹਿ ਰਹੀ ਸੀ," ਵੇ ਚਰਨਿਆ, ਪੂਹਲੇ ਨਾ ਜਾਈਂ ਵੇ,ਖੂਨ ਕੱਢ ਲੈਣਗੇ, ਤੇਰੇ ਮਾਸੜ ਨੂੰ ਦੇਣ ਵਾਸਤੇ " ।

# "ਪਰਉਪਕਾਰੁ ਨਿਤ ਚਿਤਵਦੇ... !"

ਬਰਜਿੰਦਰ ਕੌਰ ਬਿਸਰਾਓ...
9988901324

ਜ਼ਿੰਦਗੀ ਵਿੱਚ ਕਈ ਘਟਨਾਵਾਂ ਇਹੋ ਜਿਹੀਆਂ ਵਾਪਰਦੀਆਂ ਹਨ ਕਿ ਉਹ ਜ਼ਿੰਦਗੀ ਦੀਆਂ ਅਭੁੱਲ ਯਾਦਾਂ ਬਣ ਜਾਂਦੀਆਂ ਹਨ। ਮੇਰੇ ਨਾਲ ਵੀ ਇੱਕ ਵਾਰੀ ਇਹੋ ਜਿਹੀ ਘਟਨਾ ਵਾਪਰੀ ਕਿ ਉਹ ਇੱਕ ਦਿਲਚਸਪ ਕਿੱਸੇ ਤੋਂ ਘੱਟ ਨਹੀਂ ਹੈ। ਅਕਸਰ ਇਸ ਘਟਨਾ ਨੂੰ ਮੈਂ ਯਾਦ ਕਰਕੇ ਇਕੱਲੀ ਬੈਠੀ ਮੁਸਕਰਾ ਲੈਂਦੀ ਹਾਂ ,ਕਦੇ ਕਦੇ ਪਰਿਵਾਰਕ ਮਹਿਫਲ ਦਾ ਹਿੱਸਾ ਬਣ ਕੇ ਵੀ ਉਸ ਦਾ ਆਨੰਦ ਮਾਣ ਲਿਆ ਜਾਂਦਾ ਹੈ। ਬਹੁਤੀਆਂ ਔਰਤਾਂ ਦੇ ਆਦਮੀ ਆਰਮੀ 'ਚ ਹੋਣ ਕਰਕੇ ਅਕਸਰ ਜ਼ਿੰਦਗੀ ਵਿੱਚ ਬਹੁਤਾ ਇਕੱਲੇ ਹੀ ਘਰ ਤੇ ਬਾਹਰ ਦੇ ਕੰਮ ਕਾਰ, ਰਿਸਤੇਦਾਰੀਆਂ ਦੇ ਮੂੰਹ ਮੁਲਾਹਜੇ ਸਭ ਕੁਝ ਆਪ ਹੀ ਭੁਗਤਣੇ ਪੈਂਦੇ ਹਨ । ਮੇਰੀ ਜ਼ਿੰਦਗੀ ਵੀ ਕੁਝ ਇਸ ਤਰ੍ਹਾਂ ਹੀ ਨਿਕਲੀ ਹੈ। ਗੱਲ ਉਨ੍ਹਾਂ ਸਮਿਆਂ ਦੀ ਹੈ ਜਦੋਂ ਨਾ ਤਾਂ ਮੋਬਾਈਲ ਫੋਨ ਆਏ ਸਨ ਤੇ ਲੈਂਡ ਲਾਈਨ ਫੋਨ ਵੀ ਕਿਤੇ ਕਿਤੇ ਦੂਰ ਹੀ ਲੱਗੇ ਹੁੰਦੇ ਸਨ। ਇਸ ਕਰਕੇ ਅੱਜ ਕੱਲ੍ਹ ਵਾਂਗੂੰ ਆਪਣਿਆਂ ਨੂੰ ਆਪਣੇ ਬਾਰੇ ਪਲ ਪਲ ਦੀ ਖਬਰ ਦੇਣੀ ਵੀ ਔਖੀ ਹੁੰਦੀ ਸੀ। ਇੱਕ ਵਾਰੀ ਮੇਰੀ ਭੈਣ ਹੁਰਾਂ ਨੇ ਆਪਣੀ ਨਵੀਂ ਕੋਠੀ ਦੀ ਚੱਠ ਕੀਤੀ ਤੇ ਅਖੰਡ ਪਾਠ ਰਖਵਾਇਆ ਹੋਇਆ ਸੀ । ਮੈਂ ਵੀ ਹਜੇ ਤੀਹਾਂ ਦੇ ਆਸ ਪਾਸ ਸੀ ਤੇ ਮੇਰਾ ਬੇਟਾ ਵੀ ਛੋਟਾ ਹੀ ਸੀ। ਉਹਨਾਂ ਸਮਿਆਂ ਵਿੱਚ ਮੈਂ ਗੇਅਰ ਵਾਲਾ ਸਕੂਟਰ ਚਲਾਉਂਦੀ ਹੁੰਦੀ ਸੀ ਪਰ ਉਹਨਾਂ ਦੀ ਰਿਹਾਇਸ ਦੂਰ ਦੂਜੇ ਜ਼ਿਲ੍ਹੇ ਵਿੱਚ ਹੋਣ ਕਰਕੇ ਮੈਨੂੰ ਮਾਂ ਵੱਲੋਂ ਵੀ ਹਿਦਾਇਤ ਸੀ ਕਿ ਜਾਂ ਬੱਸ ਰਾਹੀਂ ਜਾਵਾਂ ਜਾਂ ਗੱਡੀ ਰਾਹੀਂ ਜਾਵਾਂ। ਵੈਸੇ ਉਹਨਾਂ ਸਲਾਹ ਦਿੱਤੀ ਕਿ ਨਿਆਣੇ ਨਾਲ ਰੇਲ ਗੱਡੀ ਦਾ ਸਫਰ ਠੀਕ ਰਹੇਗਾ। ਉਂਝ ਮੈਂ ਆਪਣੇ ਪਤੀ ਕੋਲ ਤਾਂ ਬਥੇਰੀ ਵਾਰ ਬੱਚੇ ਨੂੰ ਲੈ ਕੇ ਕਦੇ ਹੈਦਰਾਬਾਦ ਤੇ ਕਦੇ ਕਲਕੱਤੇ,ਦਿੱਲੀ ਬਗੈਰਾ ਗਈ ਸੀ।ਉਹ ਤਾਂ ਫਸਟ ਕਲਾਸ ਵਿੱਚ ਰਿਜਰਵੇਸਨ ਕਰਵਾਈ ਹੋਣ ਕਰਕੇ ਗੱਡੀ ਦਾ ਸਫਰ ਬਹੁਤ ਸੁਖਾਲਾ ਤੇ ਆਨੰਦ ਭਰਪੂਰ ਹੁੰਦਾ ਸੀ। ਇੰਟਰਸਿਟੀ ਟਰੇਨ ਰਾਹੀਂ ਮੈਂ ਇਹ ਪਹਿਲਾ ਸਫਰ ਕਰਨਾ ਸੀ।

ਮੈਂ ਆਪਣੇ ਬੇਟੇ ਨੂੰ ਨਾਲ ਲੈਕੇ ਦੁਪਹਿਰੋਂ ਬਾਅਦ ਦੋ ਢਾਈ ਵਜੇ ਸਟੇਸਨ ਤੇ ਚਲੀ ਗਈ ਤੇ ਉੱਥੋਂ ਦੀ ਟਿਕਟ ਖਰੀਦ ਲਈ। ਗੱਡੀ ਨੇ ਤਿੰਨ ਵਜੇ ਆਉਣਾ ਸੀ। ਗੱਡੀ ਦੇ ਚਾਅ ਵਿੱਚ ਪਤਾ ਈ ਨਾ ਲੱਗਿਆ ਕਦ ਤਿੰਨ ਵੱਜ ਗਏ ਪਰ ਗੱਡੀ ਨਾ ਆਈ। ਆਲੇ ਦੁਆਲਿਓਂ ਸਟਾਲਾਂ ਵਾਲਿਆਂ ਤੋਂ ਪਤਾ ਕੀਤਾ ਤਾਂ ਉਹ ਕਹਿੰਦੇ ਕਈ ਵਾਰ ਗੱਡੀ ਲੇਟ ਆਉਂਦੀ ਹੈ, ਉਡੀਕਦੇ ਉਡੀਕਦੇ ਸਾਢੇ ਤਿੰਨ ਵੱਜ ਗਏ , ਫਿਰ ਚਾਰ ਵੱਜ ਗਏ,ਸਾਡੇ ਚਾਅ ਵੀ ਠੰਢੇ ਪੈ ਕੇ ਉਡੀਕ ਵਾਲੀ ਥਕਾਵਟ ਵਿੱਚ ਬਦਲਣ ਲੱਗ ਪਏ। ਮੁੰਡਾ ਮੈਨੂੰ ਵਾਰ ਵਾਰ ਪੁੱਛੇ,"ਮੰਮਾ.....ਗੱਡੀ ਕਦੋਂ ਆਉਣੀ ਆ....!" ਮੈਂ ਵੀ ਉਹਨੂੰ ਕੀ ਦੱਸਦੀ, ਮੇਰੇ ਕੋਲ ਕਿਹੜਾ ਅੱਜ ਕੱਲ੍ਹ ਵਾਂਗੂੰ ਮੋਬਾਈਲ ਫੋਨ ਸੀ ਜੀਹਦੇ ਤੋਂ ਮੈਂ ਗੱਡੀ ਦੀ ਲੋਕੇਸਨ ਟਰੇਸ ਕਰ ਕੇ ਦੱਸ ਦਿੰਦੀ। ਫੇਰ ਸਾਢੇ ਚਾਰ ਵਜੇ ਪਤਾ ਲੱਗਿਆ ਕਿ ਗੱਡੀ ਦਾ ਉਹ ਗੇੜਾ ਤਾਂ ਅੱਜ ਕੈਂਸਲ ਹੋ ਗਿਆ ਹੈ ਹੁਣ ਪੰਜ ਵਜੇ ਵਾਲੀ ਆਖਰੀ ਗੱਡੀ ਆਊ। ਮੈਂ ਸੋਚਿਆ ਚੱਲੋ ਕੋਈ ਨਾ ਹੁਣ ਅੱਧਾ ਘੰਟਾ ਹੋਰ ਉਡੀਕ ਕਰ ਲੈਂਦੇ ਹਾਂ। ਪੰਜ ਛੱਡੋ ਉਹ ਵੀ ਸਾਢੇ ਪੰਜ ਵਜੇ ਆਈ ।ਉਸ ਵਿੱਚ ਵਧੀਆ ਜਿਹੀ ਸੀਟ ਦੇਖ ਕੇ ਅਸੀਂ ਮਾਂ ਪੁੱਤ ਬੈਠ ਗਏ ਜਿਸ ਡੱਬੇ ਵਿੱਚ ਪੰਜ ਸੱਤ ਜਨਾਨੀਆਂ ਵੀ ਸਨ। ਆਖਰੀ ਗੱਡੀ ਹੋਣ ਕਰਕੇ ਉਸ ਵਿੱਚ ਬਹੁਤੇ ਕੰਮਕਾਜੀ ਮਜਦੂਰ ਜਮਾਤ ਦੇ ਲੋਕ,ਟਿਫਿਨ ਅਤੇ ਲਿਫ਼ਾਫ਼ਿਆਂ ਵਿੱਚ ਕੰਮ ਵਾਲੇ ਕੱਪੜੇ ਫੜੇ ਹੋਏ ਚੜ੍ਹ ਰਹੇ ਸਨ। ਗਰਮੀ ਜ਼ਿਆਦਾ ਹੋਣ ਕਰਕੇ ਡੱਬੇ ਵਿੱਚ ਲੋਕਾਂ ਦੇ ਪਸੀਨੇ ਦੀ ਬਦਬੂ ਵੀ ਆ ਰਹੀ ਸੀ। ਆਖਰੀ ਗੱਡੀ ਹੋਣ ਕਰਕੇ ਗੱਡੀ ਵਿੱਚ ਲੋਕ ਤੂੰਨ ਕੇ ਭਰੇ ਗਏ ਤੇ ਗੱਡੀ ਛੇ ਵਜੇ ਤੁਰੀ। ਇਹ ਗੱਡੀ ਤਾਂ ਨਿੱਕੇ ਨਿੱਕੇ ਸਟੇਸਨਾਂ ਤੇ ਹੀ ਪੰਦਰਾਂ ਪੰਦਰਾਂ ਮਿੰਟ ਰੁਕੀ ਰਹਿੰਦੀ । ਚਾਰ ਕੁ ਸਟੇਸਨ ਲੰਘ ਕੇ ਔਰਤਾਂ ਉਤਰ ਗਈਆਂ, ਕਾਫੀ ਭੀੜ ਵੀ ਘਟ ਗਈ ਸੀ, ਬਾਹਰ ਨ੍ਹੇਰਾ ਘੁੱਪ ਹੋ ਗਿਆ ਸੀ। ਮੇਰੇ ਮੂੰਹ ਤੇ ਘਬਰਾਹਟ ਦੀ ਸ਼ਿਕਨ ਆਉਣ ਲੱਗੀ ਤੇ ਮੇਰੇ ਪੁੱਤ ਦਾ ਗੱਡੀ ਵਾਲਾ ਚਾਅ ਠੰਡਾ ਪੈ ਕੇ ਚਿਹਰਾ ਉਦਾਸ ਤੇ ਫ਼ਿਕਰਮੰਦ ਜਿਹਾ ਹੋ ਗਿਆ ਸੀ। ਟੀ ਟੀ ਆਇਆ। ਉਹ ਮੈਨੂੰ ਇਕੱਲੀ ਜਵਾਨ ਔਰਤ ਨੂੰ ਬੱਚੇ ਨਾਲ ਬੈਠੇ ਦੇਖ ਕੇ ਸਤਰਕ ਹੋ ਗਿਆ ਤੇ ਪਹਿਲਾਂ ਮੇਰੀ ਟਿਕਟ ਦੇਖ ਕੇ ਮੈਨੂੰ ਆਖਣ ਲੱਗਿਆ,"ਭਾਈ,ਜਿੱਥੇ ਤੁਸੀਂ ਜਾਣਾ ਹੈ......ਉੱਥੇ ਤਾਂ ਗੱਡੀ ਰਾਤ ਨੂੰ ਨੌਂ ਸਾਢੇ ਨੌਂ ਵਜੇ ਪਹੁੰਚੇਗੀ..... ਅੱਗੋਂ ਸਹਿਰ ਵੱਲ ਨੂੰ ਜਾਣ ਵਾਲਾ ਦੋ ਤਿੰਨ ਕਿਲੋਮੀਟਰ ਦਾ ਰਸਤਾ ਜਮਾਂ ਉਜਾੜ ਹੈ...... ਤੁਹਾਨੂੰ ਕੋਈ ਸਾਧਨ ਵੀ ਨਹੀਂ ਮਿਲਣਾ ਐਡੀ ਰਾਤ ਨੂੰ..... ਤੁਹਾਨੂੰ ਕੋਈ ਲੈਣ ਆ ਰਿਹਾ.....?"ਉਸ ਦੀ ਗੱਲ ਸੁਣ ਕੇ ਮੇਰੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਉਕਰ ਆਈਆਂ ਤੇ ਭੋਲਾ ਜਿਹਾ ਮੂੰਹ ਬਣਾ ਕੇ ਉਸਨੂੰ ਕਿਹਾ,"ਨਹੀਂ ਵੀਰ ਜੀ.....!" ਟੀ ਟੀ ਬਹੁਤ ਹੀ ਨੇਕ ਇਨਸਾਨ ਸੀ।ਉਸ ਨੂੰ ਮੇਰੇ ਤੋਂ ਵੱਧ ਮੇਰੀ ਅਤੇ ਮੇਰੇ ਬੱਚੇ ਦੀ ਚਿੰਤਾ ਹੋਣ ਲੱਗੀ। ਉਹਨਾਂ ਕਿਹਾ," ਭਾਈ ਜੇ ਤੁਹਾਡੇ ਕੋਲ ਉਹਨਾਂ ਦਾ ਨੰਬਰ ਹੈ ਤਾਂ ਅਗਲੇ ਸਟੇਸਨ ਤੋਂ ਮੈਂ ਤੁਹਾਡੀ ਉਹਨਾਂ ਨਾਲ ਗੱਲ ਕਰਵਾ ਦਿੰਦਾ ਹਾਂ....?" "ਨਹੀਂ ਵੀਰ ਜੀ.... ਪੁਰਾਣਾ ਨੰਬਰ ਪੁਰਾਣੀ ਰਿਹਾਇਸ ਤੋਂ ਬੰਦ ਕਰਵਾ ਦਿੱਤਾ ਸੀ ਤੇ ਹੁਣ ਨਵੀਂ ਜਗ੍ਹਾ ਉਹਨਾਂ ਨੇ ਫੋਨ ਲਈ ਅਪਲਾਈ ਕੀਤਾ ਹੋਇਆ ਹੈ....!" ਮੈਂ ਸੱਚੀ ਗੱਲ ਟੀ ਟੀ ਨੂੰ ਦੱਸੀ। "ਚਲੋ ਕੋਈ ਨਾ ਮੇਰੇ ਰਿਸਤੇਦਾਰ ਦਾ ਪੀ ਸੀ ਓ ਆ.....ਉੱਥੇ...... ਮੈਂ ਤੁਹਾਡੀ ਗੱਲ ਕਰਵਾਉਂਦਾ ਹਾਂ।" ਉਹ ਮੈਨੂੰ ਇਨਸਾਨ ਨਹੀਂ ਕੋਈ ਦੇਵਤਾ ਨਜਰ ਆ ਰਿਹਾ ਸੀ। ਉਸ ਨੇ ਕੈਂਟ ਸਟੇਸਨ ਤੇ ਗੱਡੀ ਕਾਫੀ ਦੇਰ ਰੋਕ ਕੇ ਮੈਨੂੰ ਸਟੇਸਨ ਦੇ ਕੰਟਰੋਲ ਰੂਮ ਵਿੱਚ ਲਿਜਾ ਕੇ ਉੱਥੋਂ ਫੋਨ ਤੋਂ ਆਪਣੇ ਰਿਸਤੇਦਾਰ ਨਾਲ ਮੇਰੀ ਗੱਲ ਕਰਵਾਈ ਤਾਂ ਮੈਂ ਆਪਣੇ ਰਿਸਤੇਦਾਰਾਂ ਦੀ ਨਵੀਂ ਰਿਹਾਇਸ ਦਾ ਕੋਈ ਬਹੁਤਾ ਪੱਕਾ ਪਤਾ ਵੀ ਨਹੀਂ ਜਾਣਦੀ ਸੀ । ਹਾਂ,ਮੇਰੇ ਜੀਜਾ ਜੀ ਦਾ ਨਾਂ ਅਤੇ ਉਹਨਾਂ ਦਾ ਅਹੁਦਾ ਸੈਕਟਰੀ ਦੱਸ ਦਿੱਤਾ। ਹੁਣ ਟੀ ਟੀ ਨੂੰ ਉਸ ਦੇ ਰਿਸਤੇਦਾਰ ਨੇ ਮੇਰੇ ਰਿਸਤੇਦਾਰ ਤੱਕ ਸੁਨੇਹਾ ਪਹੁੰਚਾਉਣ ਦਾ ਵਿਸਵਾਸ ਦਿਵਾਇਆ ਤਾਂ ਟੀ ਟੀ ਮੇਰੇ ਬਾਰੇ ਥੋੜ੍ਹਾ ਜਿਹਾ ਚਿੰਤਾਮੁਕਤ ਦਿਸਿਆ। ਗੱਡੀ ਕੈਂਟ ਸਟੇਸਨ ਤੋਂ ਤੁਰੀ ਤੇ ਦੋ ਸਟੇਸਨ ਛੱਡ ਕੇ ਤੀਜਾ ਸਟੇਸਨ ਆਉਣਾ ਸੀ ਜਿੱਥੇ ਮੈਂ ਉਤਰਨਾ ਸੀ ਪਰ ਟੀ ਟੀ ਨੇ ਮੇਰਾ ਪੂਰਾ ਆਪਣੀ ਛੋਟੀ ਭੈਣ ਵਾਂਗ ਆਪਣੀ ਨਿਗਰਾਨੀ ਹੇਠ ਧਿਆਨ ਰੱਖਿਆ।

ਉਹ ਸਟੇਸਨ ਵੀ ਆ ਗਿਆ ਜਿੱਥੇ ਮੈਂ ਉਤਰਨਾ ਸੀ। ਮੈਨੂੰ ਲੈਣ ਲਈ ਉਸ ਸਹਿਰ ਦੇ ਇੱਕੋ ਨਾਂ ਵਾਲੇ ਤਿੰਨ ਸੈਕਟਰੀ ਲੈਣ ਲਈ ਪਹੁੰਚੇ ਹੋਏ ਸਨ। ਮੈਂ ਆਪਣੇ ਜੀਜਾ ਜੀ ਨੂੰ ਦੇਖਦੇ ਸਾਰ ਖੁਸ ਹੋ ਗਈ। ਟੀ ਟੀ ਦੇ ਸਾਹ ਵਿੱਚ ਸਾਹ ਆਇਆ ਤੇ ਉਹ ਵੀ ਖੁਸ ਹੋ ਗਿਆ। ਅਸੀਂ ਉਸ ਦਾ ਧੰਨਵਾਦ ਕੀਤਾ ਤੇ ਸਟੇਸਨ ਦੇ ਬਾਹਰ ਜਾਣ ਦੇ ਰਸਤੇ ਆਉਂਦੇ ਹੋਏ ਦੂਜੇ ਦੋਵੇਂ ਸੈਕਟਰੀ ਵੀ ਪਹਿਲਾਂ ਮੇਰੇ ਜੀਜਾ ਜੀ ਨਾਲ ਹੱਥ ਮਿਲਾ ਕੇ ਤੇ ਫਿਰ ਆਪਸ ਵਿੱਚ ਹੱਥ ਮਿਲਾ ਕੇ ਹੱਸਦੇ ਹੋਏ ਵਿਦਾ ਹੋਣ ਲੱਗੇ। ਟੀ ਟੀ ਦੇ ਪੀ ਸੀ ਓ ਵਾਲੇ ਰਿਸਤੇਦਾਰ ਨੇ ਫੁਰਤੀ ਦਿਖਾਉਂਦੇ ਹੋਏ ਸਹਿਰ ਵਿੱਚ ਰਹਿਣ ਵਾਲੇ ਤਿੰਨ ਸੈਕਟਰੀਆਂ ਨੂੰ ਸੁਨੇਹਾ ਦੇ ਦਿੱਤਾ ਸੀ ।ਜਿਸ ਵਿੱਚ ਮੇਰੇ ਜੀਜਾ ਜੀ ਨੌਕਰੀ ਦੇ ਅਹੁਦੇ ਕਰਕੇ ਸੈਕਟਰੀ ਸਨ,ਦੂਜਾ ਗੁਰਦੁਆਰੇ ਦੀ ਕਮੇਟੀ ਸੈਕਟਰੀ ਸੀ ਤੇ ਤੀਜਾ ਕੋਈ ਹੋਰ ਸੈਕਟਰੀ ਸੀ। ਇਹ ਤਿੰਨੋਂ ਇੱਕ ਦੂਜੇ ਨੂੰ ਜਾਣਦੇ ਵੀ ਸਨ ਤੇ ਮੇਰੇ ਪਹੁੰਚਣ ਤੋਂ ਪਹਿਲਾਂ ਇੱਕ ਦੂਜੇ ਨੂੰ ਦੱਸ ਰਹੇ ਸਨ ਕਿ ਉਹਨਾਂ ਦੀ ਸਾਲੀ ਲੁਧਿਆਣਾ ਤੋਂ ਆ ਰਹੀ ਹੈ ਕਿਉਂ ਕਿ ਉਹਨਾਂ ਦੋਨਾਂ ਦੇ ਦੂਰ ਨੇੜੇ ਦੇ ਰਿਸਤੇਦਾਰ ਵੀ ਲੁਧਿਆਣੇ ਰਹਿੰਦੇ ਸਨ। ਪਰ ਮੇਰੇ ਪਹੁੰਚਣ ਤੇ ਸਾਫ ਹੋ ਗਿਆ ਸੀ ਕਿ ਮੈਂ ਕਿਸ ਸੈਕਟਰੀ ਦੀ ਸਾਲੀ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹੋ ਜਿਹੀਆਂ ਘਟਨਾਵਾਂ ਜਿੱਥੇ ਸਾਨੂੰ ਜ਼ਿੰਦਗੀ ਵਿੱਚ ਸਬਕ ਸਿਖਾ ਦਿੰਦੀਆਂ ਹਨ ਕਿ ਸਾਨੂੰ ਕਿਸੇ ਥਾਂ ਤੇ ਜਾਣ ਵੇਲੇ ਸਮੇਂ ਅਤੇ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਅੱਗੇ ਵਧਣਾ ਚਾਹੀਦਾ ਹੈ ਉੱਥੇ ਟੀ ਟੀ ਵਰਗੇ ਭਲੇ ਲੋਕਾਂ ਦੀ ਚੰਗਿਆਈ ਪੇਸ ਕਰਕੇ ਮਰਦਾਂ ਦੀ ਬਦਨੀਤੀ ਵਾਲੇ ਭੈਅ ਨੂੰ ਵੀ ਦੂਰ ਕਰਦੀਆਂ ਹਨ । ਨਾਲ ਹੀ ਟੀ ਟੀ ਵਰਗੀ ਪਰਉਪਕਾਰੀ ਸਖਸੀਅਤ ਦੂਜੇ ਮਰਦਾਂ ਲਈ ਪ੍ਰੇਰਨਾ ਸਰੋਤ ਬਣਦੀ ਹੈ ਕਿ ਤੁਹਾਨੂੰ ਲੱਗੇ ਕਿ ਅਣਜਾਣੇ ਵਿੱਚ ਕੋਈ ਨੌਜਵਾਨ ਔਰਤ ਮੁਸੀਬਤ ਵਿੱਚ ਫਸ ਸਕਦੀ ਹੈ ਤਾਂ ਉਸ ਦੀ ਵਕਤ ਰਹਿੰਦਿਆਂ ਹੀ ਮਦਦ ਕਰ ਕੇ ਮੁਸੀਬਤ ਵਿੱਚ ਫਸਣ ਤੋਂ ਬਚਾਇਆ ਜਾ ਸਕਦਾ ਹੈ।

# ਕੈਂਸਰ ਪੀੜਤਾਂ ਪ੍ਰਤੀ ਸਾਡੇ ਸਮਾਜ ਦਾ ਰਵੱਈਆ

ਬਰਜਿੰਦਰ ਕੌਰ ਬਿਸਰਾਓ...
9988901324

ਰੋਗ ਤਾਂ ਕੋਈ ਵੀ ਹੋਵੇ ਮਾੜਾ ਹੀ ਹੁੰਦਾ ਹੈ ਪਰ ਜੇ ਕਿਸੇ ਵੀ ਰੋਗੀ ਨੂੰ ਦਿਲਾਸਾ ਦੇ ਕੇ ਉਸ ਨਾਲ ਹਮਦਰਦੀ ਦੇ ਨਾਲ ਨਾਲ ਉਸਾਰੂ ਵਿਚਾਰਾਂ ਦੀ ਚਰਚਾ ਕੀਤੀ ਜਾਵੇ ਤਾਂ ਉਸ ਦਾ ਦੁੱਖ ਘਟ ਕੇ ਅੱਧਾ ਰਹਿ ਜਾਂਦਾ ਹੈ ਪਰ ਜੇ ਕੋਈ ਉਸ ਦੇ ਰੋਗ ਨਾਲ ਸਬੰਧਤ ਦਿਲ ਢਾਹੁਣ ਵਾਲੀ ਚਰਚਾ ਕਰਕੇ ਚਲਿਆ ਜਾਵੇ ਤਾਂ ਰੋਗੀ ਦਾ ਰੋਗ ਦੁੱਗਣਾ ਹੋ ਜਾਂਦਾ ਹੈ ਕਿਉਂਕਿ ਉਸ ਦੇ ਮਨ ਵਿੱਚ ਹਮਦਰਦੀ ਜਤਾਉਣ ਆਏ ਲੋਕਾਂ ਦੇ ਵਿਚਾਰ ਬਹੁਤ ਦੇਰ ਤੱਕ ਘੁੰਮਦੇ ਰਹਿੰਦੇ ਹਨ ਤੇ ਉਹ ਚਰਚਾ ਕੀਤੀਆਂ ਗਈਆਂ ਘਟਨਾਵਾਂ ਨੂੰ ਆਪਣੇ ਨਾਲ ਜੋੜ ਕੇ ਸੋਚਦਾ ਰਹਿੰਦਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਮੈਂ ਵੀ ਕੁੱਝ ਇਸੇ ਤਰ੍ਹਾਂ ਦੀਆਂ ਪ੍ਰਸਥਿਤੀਆਂ ਵਿੱਚੋਂ ਗੁਜ਼ਰ ਰਹੀ ਹਾਂ। ਦਰ ਅਸਲ ਪਹਿਲਾਂ ਕਦੇ ਕਦਾਈਂ ਸਾਲ ਦੋ ਸਾਲ ਬਾਅਦ ਬੁਖ਼ਾਰ ਹੋ ਜਾਣਾ ਤਾਂ ਥੋੜ੍ਹੀ ਬਹੁਤ ਦਵਾਈ ਖਾ ਕੇ ਅਰਾਮ ਆ ਜਾਂਦਾ ਸੀ ,ਪਰ ਇਸੇ ਸਾਲ ਦੇ ਮਾਰਚ ਮਹੀਨੇ ਦੇ ਅਖੀਰਲੇ ਹਫ਼ਤੇ ਵਿੱਚ ਅਜਿਹਾ ਬੁਖ਼ਾਰ ਚੜ੍ਹਿਆ ਕਿ ਦੋ ਮਹੀਨੇ ਤੱਕ ਅਨੇਕਾਂ ਟੈਸਟ ਕਰਵਾਕੇ ਵੀ ਦੋ ਤਿੰਨ ਡਾਕਟਰਾਂ ਦੇ ਹੱਥ ਪੱਲੇ ਕੁਝ ਨਾ ਪਿਆ ਤਾਂ ਆਖ਼ਰ ਪਤੀ ਵੱਲੋਂ ਨਾਮੀ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ ਗਿਆ। ਉੱਥੇ ਵੀ ਦਸ ਦਿਨ ਤੱਕ ਮਾਹਿਰ ਡਾਕਟਰ ਵੱਲੋਂ ਕਾਫ਼ੀ ਜੱਦੋਜਹਿਦ ਕੀਤੀ ਗਈ, ਫਿਰ ਉਹਨਾਂ ਵੱਲੋਂ ਲੰਮੇ ਸਮੇਂ ਦਾ ਬੁਖਾਰ ਹੋਣ ਤੇ ਕੁਝ ਸ਼ੱਕ ਪਿਆ ਤਾਂ ਮੇਰੇ ਵੱਡੇ ਤੋਂ ਵੱਡੇ ਟੈਸਟ ਕੀਤੇ ਗਏ ਜਿਸ ਵਿੱਚ ਉਹਨਾਂ ਨੂੰ ਮੇਰੇ ਅੰਦਰ ਕੈਂਸਰ ਹੋਣ ਦੇ ਸੰਕੇਤ ਮਿਲੇ। ਬਾਇਓਪਸੀ ਤੋਂ ਬਾਅਦ ਸਾਫ਼ ਹੋ ਗਿਆ ਕਿ ਮੈਂ ਲਾਇੰਫੋਮਾ ਨਾਂ ਦੀ ਬੀਮਾਰੀ ਦੀ ਦੂਜੀ ਸਟੇਜ ਨਾਲ਼ ਪੀੜਤ ਹਾਂ ਜੋ ਇੱਕ ਤਰ੍ਹਾਂ ਦਾ ਕੈਂਸਰ ਹੀ ਹੁੰਦਾ ਹੈ ਪਰ ਉਹ ਪੂਰੀ ਤਰ੍ਹਾਂ ਇਲਾਜ ਵਰਧਕ ਹੁੰਦਾ ਹੈ। ਫੇਰ ਮੇਰਾ ਕੇਸ ਮੈਡੀਸਿਨ ਤੋਂ ਔਨਕੌਲੋਜੀ ਵੱਲ ਸ਼ਿਫਟ ਹੋ ਗਿਆ।ਘਰ ਦੇ ਚਾਹੇ ਮੇਰੇ ਤੋਂ ਕਈ ਗੱਲਾਂ ਛੁਪਾ ਰਹੇ ਸਨ ਪਰ ਮੈਨੂੰ ਸਭ ਕੁਝ ਸਮਝ ਆ ਰਿਹਾ ਸੀ।ਹਰ ਇੱਕ ਪਲ ਮੇਰੇ ਲਈ ਅਸਹਿ ਸੀ। ਮੇਰਾ ਬੇਟਾ ਬਹੂ ਅਮਰੀਕਾ ਤੋਂ ਮੈਨੂੰ ਰੋਜ਼ ਫੋਨ ਕਰਕੇ ਬਹੁਤ ਹੌਸਲਾ ਤੇ ਦਿਲਾਸਾ ਦੇ ਰਹੇ ਸਨ ਜੋ ਮੇਰੇ ਲਈ ਕਿਸੇ ਟੌਨਿਕ ਤੋਂ ਘੱਟ ਨਹੀਂ ਸੀ।

ਮੈਂ ਕੀਮੋਥੈਰੇਪੀ ਤੋਂ ਬਹੁਤ ਡਰਦੀ ਸੀ ਕਿਉਂਕਿ ਸੁਣਿਆ ਹੋਇਆ ਸੀ ਕਿ ਇਹ ਇਲਾਜ ਬਹੁਤ ਦੁਖਦਾਇਕ ਹੁੰਦਾ ਹੈ,ਇਸ ਨਾਲ ਸਿਰ ਦੇ ਸਾਰੇ ਵਾਲ ਉਤਰ ਜਾਂਦੇ ਹਨ ਤੇ ਸਰੀਰ ਵਿੱਚ ਹੋਰ ਕਈ ਤਰ੍ਹਾਂ ਦੀਆਂ ਤਬਦੀਲੀਆਂ ਆਉਂਦੀਆਂ ਹਨ। ਹਰੇਕ ਔਰਤ ਲਈ ਉਸ ਦੇ ਵਾਲ਼ ਸਭ ਤੋਂ ਪਿਆਰੀ ਚੀਜ਼ ਹੁੰਦੀ ਹੈ ਕਿਉਂਕਿ ਉਹਨਾਂ ਨਾਲ਼ ਹੀ ਔਰਤ ਦੀ ਸੁੰਦਰਤਾ ਨੂੰ ਚਾਰ ਚੰਨ ਲੱਗਦੇ ਹਨ।ਜਿਸ ਦਿਨ ਔਨਕੌਲੋਜੀ ਡਾਕਟਰ ਕੋਲੋਂ ਇਲਾਜ ਸ਼ੁਰੂ ਹੋਣਾ ਸੀ, ਡਾਕਟਰ ਦੇ ਸਾਹਮਣੇ ਬੈਠੀ ਮੈਂ ਸਿਰਫ਼ ਪਰਮਾਤਮਾ ਦਾ ਲੜ ਫੜੀ ਬੈਠੀ ਸੀ, ਡਾਕਟਰ ਨੇ ਜਦ ਕਿਹਾ ਕਿ ਤੁਹਾਨੂੰ ਬਾਰਾਂ ਕੀਮੋ ਇੰਜੈਕਸ਼ਨ ਲੱਗਣਗੇ, ਛੇਤੀ ਤੋਂ ਛੇਤੀ ਇਲਾਜ ਸ਼ੁਰੂ ਕਰੋ। ਪਰਮਾਤਮਾ ਦਾ ਲੜ ਛੁੱਟ ਕੇ ਦਿਮਾਗ਼ ਵਿੱਚ ਕੀਮੋ,ਕੀਮੋ ਗੂੰਜਣ ਲੱਗੀ ,ਬਾਹਰ ਨਿਕਲ਼ੇ ਤਾਂ ਮੇਰੇ ਪਤੀ ਆਖਣ ਲੱਗੇ,÷ਲੈ..... ਤੂੰ ਤਾਂ ਐਵੇਂ ਘਬਰਾਈ ਜਾਂਦੀ ਸੀ.....
ਸਿਰਫ਼ ਬਾਰਾਂ ਇੰਜੈਕਸ਼ਨ ਲੱਗਣੇ ਨੇ....!÷ ਮੈਂ ਨਾਲ਼ ਤੁਰੀ ਜਾਂਦੀ ਅੱਖਾਂ ਵਿੱਚੋਂ ਪਾਣੀ ਦੀਆਂ ਧਾਰਾਂ ਵਹਿਣ ਤੋਂ ਰੋਕ ਰਹੀ ਸੀ ਤੇ ਗਲੇਡੂ ਭਰੇ ਹੋਣ ਕਾਰਨ ਕੁਝ ਬੋਲਿਆ ਵੀ ਨਹੀਂ ਜਾ ਰਿਹਾ ਸੀ। ਮੈਂ ਕਾਰ ਵਿੱਚ ਬੈਠ ਕੇ ਫੁੱਟ ਫੁੱਟ ਕੇ ਰੋਈ ਤਾਂ ਮੇਰੇ ਪਤੀ ਨੇ ਫ਼ਿਰ ਮੈਨੂੰ ਕਿਹਾ,÷ ਤੂੰ ਸੋਚ..... ਆਪਾਂ ਕਿੰਨੇ ਲੱਕੀ ਹਾਂ..... ਜਿਹਨਾਂ ਨੂੰ ਸਮੇਂ ਤੇ ਪਤਾ ਲੱਗ ਗਿਆ.... ਜੇ ਬੁਖਾਰ ਠੀਕ ਕਰਕੇ ਹੀ ਛੁੱਟੀ ਕਰ ਦਿੰਦੇ.... ?÷ ਮੈਂ ਕਿਹਾ,÷ ਨਹੀਂ.... ਮੈਂ ਡਰ ਕੇ ਨਹੀਂ ਰੋ ਰਹੀ.... ਮੈਂ ਆਪਣੇ ਆਪ ਦੇ ਅੰਦਰੋਂ ਗੁਬਾਰ ਬਾਹਰ ਕੱਢ ਕੇ...... ਜ਼ਿੰਦਗੀ ਦੀ ਅਗਲੀ ਜੰਗ ਲੜਨ ਲਈ ਤਿਆਰ ਹੋ ਰਹੀ ਹਾਂ....।÷

ਕੀਮੋਥੈਰੇਪੀ ਸ਼ੁਰੂ ਹੋ ਗਈ, ਸਿਹਤ ਕੁਝ ਵੀ ਕਰਨ ਨੂੰ ਇਜਾਜ਼ਤ ਨਹੀਂ ਦੇ ਰਹੀ ਸੀ। ਇੱਕ ਲੇਖਕ ਲਈ ਲਿਖਣਾ ਛੁੱਟ ਜਾਵੇ,ਇਸ ਤੋਂ ਦੁਖਦਾਈ ਗੱਲ ਕੀ ਹੋ ਸਕਦੀ ਹੈ... ? ਇਸ ਦਾ ਅੰਦਾਜ਼ਾ ਹੋਰ ਕੋਈ ਨਹੀਂ ਲਗਾ ਸਕਦਾ। ਇੱਕ ਦੋ ਰੇਡੀਓ ਸਟੇਸ਼ਨਾਂ ਤੋਂ,ਟੀ ਵੀ ਤੋਂ ਟਾਕ ਸ਼ੋਜ਼ ਲਈ ਕਾਲਾਂ ਆਈਆਂ,ਕਈ ਸਮਾਚਾਰ ਪੱਤਰ ਤੋਂ ਆਰਟੀਕਲ ਨਾ ਭੇਜਣ ਦੇ ਕਾਰਨ ਲਈ ਕਾਲਾਂ ਆਈਆਂ,ਉਹਨਾਂ ਸਭ ਨੂੰ ਅਸਮਰਥ ਹੋਣ ਦਾ ਅਸਲੀ ਕਾਰਨ ਦੱਸਿਆ। ਹੁਣ ਮੇਰੇ ਕੈਂਸਰ ਪੀੜਤ ਹੋਣ ਦੀ ਗੱਲ ਕੁਝ ਦਿਨ ਛੁਪਾ ਕੇ ਰੱਖੀ ਸਭ ਨੂੰ ਬੁਖ਼ਾਰ ਵਾਲੀ ਕਹਾਣੀ ਹੀ ਪਤਾ ਸੀ ਪਰ ਕੁਝ ਸਮੇਂ ਬਾਅਦ ਇੱਕ ਰਿਸ਼ਤੇਦਾਰ ਤੋਂ ਗੱਲ ਇੱਕ ਦੋ ਦਿਨਾਂ ਵਿੱਚ ਹੀ ਜੰਗਲ ਦੀ ਅੱਗ ਵਾਂਗ ਫੈਲ ਗਈ। ਰਿਸ਼ਤੇਦਾਰਾਂ ਦੇ ਫੋਨ ਆਉਣ ਲੱਗੇ। ਮੇਰੀਆਂ ਦੋ ਸਹੇਲੀਆਂ ਨੂੰ ਮੈਂ ਆਪ ਹੀ ਦੱਸ ਦਿੱਤਾ ਸੀ। ਉਹਨਾਂ ਨੇ ਮੈਨੂੰ ਬਹੁਤ ਹੌਸਲਾ ਦੇਣਾ ਵਧੀਆ ਵਧੀਆ ਗੱਲਾਂ ਕਰਕੇ ਦੱਸਣਾ ਕਿ ਮੈਡਮ ਤੁਸੀਂ ਬਹੁਤ ਹੌਸਲੇ ਵਾਲੇ ਹੋ,ਤੁਹਾਡੇ ਲਈ ਕੋਈ ਖਾਸ ਗੱਲ ਨਹੀਂ, ਸਭ ਠੀਕ ਹੋ ਜਾਣਾ। ਉਸਨੇ ਮੈਨੂੰ ਚੰਗੀ ਖੁਰਾਕ ਖਾਣ ਲਈ ਨਸੀਹਤ ਦਿੰਦੇ ਰਹਿਣਾ।

ਮੈਨੂੰ ਮੇਰੇ ਰਿਸ਼ਤੇਦਾਰ ਔਰਤ ਦਾ ਫ਼ੋਨ ਆਇਆ,÷ਹੈਲੋ .....ਕੀ ਹੋਇਆ....ਲੈ ਮੈਨੂੰ ਤਾਂ ਕੱਲ੍ਹ ਹੀ ਪਤਾ ਲੱਗਿਆ..... ਫ਼ਲਾਣੇ (ਕਿਸੇ ਦਾ ਨਾਂ ਲੈ ਕੇ) ਨੇ ਦੱਸਿਆ ਕਿ ਤੈਨੂੰ ਤਾਂ ਉਹ ਬੀਮਾਰੀ ਹੋ ਗਈ ਹੈ ਜੀਹਦਾ ਨਾਂ ਵੀ ਨੀ ਲਈਦਾ...... ਆਪਣੀ ਫਲਾਣੀ (ਨਾਂ)ਦੀ ਮਾਂ ਸੀ,ਜਵਾਨ ਪਈ ਸੀ.....ਇਸੇ ਬਿਮਾਰੀ ਨਾਲ ਮਰੀ ਸੀ...... ਮੇਰੇ ਭਰਾ ਦਾ ਸਹੁਰਾ ਵੀ ਇਸੇ ਬੀਮਾਰੀ ਨਾਲ਼ ਮਰਿਆ ਸੀ..... ਤੇਰੇ ਸਿਰ ਦੇ ਵਾਲ ਝੜ ਗਏ... ? ਉਹਨਾਂ ਦੇ ਤਾਂ ਝੜ ਗਏ ਸੀ.....!÷
÷ਸਤਿ ਸ੍ਰੀ ਆਕਾਲ ਜੀ....!÷ ਕਹਿਕੇ ਮੈਂ ਫੋਨ ਕੱਟ ਦਿੱਤਾ। ਇਸੇ ਤਰ੍ਹਾਂ ਦੇ ਹੋਰ ਕਈ ਜਾਣ ਪਹਿਚਾਣ ਵਾਲਿਆਂ ਦੇ ਫੋਨ ਆਏ। ਪਰ ਮੇਰੇ ਦੂਰ ਦੀ ਰਿਸ਼ਤੇਦਾਰ ਜੇਠਾਣੀ ਦਾ ਫ਼ੋਨ ਆਇਆ,ਉਸ ਨੇ ਮੇਰਾ ਹਾਲ ਚਾਲ ਪੁੱਛਿਆ ਤੇ ਮੈਨੂੰ ਹੌਸਲਾ ਦਿੰਦੇ ਆਖ਼ਣ ਲੱਗੀ,÷ ਅੱਜ ਕੱਲ੍ਹ ਇਸ ਬੀਮਾਰੀ ਦਾ ਇਲਾਜ ਹੋ ਜਾਂਦਾ...... ਅੱਜ ਕੱਲ੍ਹ ਸਾਰੇ ਲੋਕ ਤਕਰੀਬਨ ਠੀਕ ਹੋ ਜਾਂਦੇ ਨੇ...... ਤੂੰ ਵੀ ਘਬਰਾਈਂ ਨਾ.....ਤੇਰਾ ਤਾਂ ਇਲਾਜ ਵੀ ਐਨੇ ਵੱਡੇ ਹਸਪਤਾਲ ਵਿੱਚ ਹੋ ਰਿਹਾ......ਸਭ ਠੀਕ ਹੋ ਜਾਣਾ.....।÷
ਉਸ ਦੇ ਇਹਨਾਂ ਚਾਰ ਹੌਸਲੇ ਭਰੇ ਬੋਲਾਂ ਨੇ ਉਸ ਦੀ ਅਨਪੜ੍ਹਤਾ ਛੁਪਾ ਕੇ ਸਮਝਦਾਰੀ ਦਾ ਸਬੂਤ ਦੇ ਦਿੱਤਾ।

ਮੇਰੀ ਤੀਜੀ ਕੀਮੋਥੈਰੇਪੀ ਤੋਂ ਬਾਅਦ ਬੈਠੀ ਸੋਚ ਰਹੀ ਸੀ ਕਿ ਸਾਡੇ ਸਮਾਜ ਵਿੱਚ ਬਹੁਤੇ ਲੋਕਾਂ ਦੀ ਕੈਂਸਰ ਪੀੜਤਾਂ ਪ੍ਰਤੀ ਸੋਚ ਬਦਲਣ ਦੀ ਵੱਡੀ ਲੋੜ ਹੈ ਕਿਉਂਕਿ ਜਿਸ ਸਮੇਂ ਪੀੜਤ ਕਈ ਤਰ੍ਹਾਂ ਦੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਵਿੱਚੋਂ ਨਿਕਲ ਰਿਹਾ ਹੁੰਦਾ ਹੈ ਤਾਂ ਇਹੋ ਜਿਹੇ ਪਾਤਰ ਮਜ਼ਬੂਤ ਤੋਂ ਮਜ਼ਬੂਤ ਮਨ ਵਾਲ਼ੇ ਵਿਅਕਤੀ ਦਾ ਹੌਸਲਾ ਢਹਿ ਢੇਰੀ ਕਰਨ ਦੀ ਕੋਈ ਕਸਰ ਨਹੀਂ ਛੱਡਦੇ । ਜਦ ਕਿ ਹਸਪਤਾਲ ਵਿੱਚ ਜਾ ਕੇ ਪਤਾ ਲੱਗਦਾ ਹੈ ਕਿ ਬਾਕੀ ਬੀਮਾਰੀਆਂ ਦੇ ਮੁਕਾਬਲੇ ਔਨਕੌਲੋਜੀ (ਕੈਂਸਰ) ਸਪੈਸ਼ਲਿਸਟ ਅੱਗੇ ਜ਼ਿਆਦਾ ਮਰੀਜ਼ ਬੈਠੇ ਹੁੰਦੇ ਹਨ। ਉਹਨਾਂ ਵਿੱਚੋਂ ਕਈ ਠੀਕ ਹੋਣ ਤੋਂ ਬਾਅਦ ਰੈਗੂਲਰ ਚੈੱਕਅਪ ਲਈ ਆਏ ਹੁੰਦੇ ਹਨ, ਉਹਨਾਂ ਨੂੰ ਵੇਖ ਕੇ ਮੇਰੇ ਵਰਗੇ ਸ਼ੁਰੂਆਤੀ ਇਲਾਜ ਵਾਲਿਆਂ ਨੂੰ ਵੀ ਹੌਸਲਾ ਮਿਲਦਾ ਹੈ। ਸਾਡੇ ਕਿੰਨੇ ਵੱਡੇ ਵੱਡੇ ਫਿਲਮ ਜਗਤ ਦੇ ਸਿਤਾਰੇ, ਕ੍ਰਿਕਟ ਜਗਤ ਦੇ ਸਿਤਾਰੇ ਅਤੇ ਹੋਰ ਕਈ ਸੈਲੀਬ੍ਰਿਟੀਆਂ ਨੇ ਇਸ ਬੀਮਾਰੀ ਰੂਪੀ ਜੰਗ ਉੱਤੇ ਫਤਹਿ ਪਾ ਕੇ ਤੰਦਰੁਸਤ ਹੋਏ ਹਨ,ਉਹ ਬਾਕੀ ਮਰੀਜ਼ਾਂ ਲਈ ਵੀ ਪ੍ਰੇਰਨਾ ਸਰੋਤ ਹਨ।ਜੇ ਤੁਸੀਂ ਹੋਰ ਕੁਝ ਨਹੀਂ ਕਰ ਸਕਦੇ ਤਾਂ ਉਹਨਾਂ ਦੀਆਂ ਉਦਾਹਰਨਾਂ ਦੇ ਕੇ ਮਰੀਜ਼ ਅੰਦਰ ਸਾਕਾਰਾਤਮਕ ਸੋਚ ਪੈਦਾ ਕਰ ਸਕਦੇ ਹੋ ਜੋ ਸ਼ਾਇਦ ਦਵਾਈ ਨਾਲੋਂ ਵੱਧ ਅਸਰ ਕਰੇਗਾ। ਜਿੱਥੇ ਕੈਂਸਰ ਦੇ ਮਰੀਜ਼ਾਂ ਨੂੰ ਸਕਾਰਾਤਮਕ ਸੋਚ ਰੱਖਣ ਲਈ ਪ੍ਰੇਰਿਆ ਜਾਂਦਾ ਹੈ ਇਸੇ ਤਰ੍ਹਾਂ ਸਾਡੇ ਸਮਾਜ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਕਿ ਹੁਣ ਇਲਾਜ ਸੰਭਵ ਹੈ ,ਜਿਸ ਤਰ੍ਹਾਂ ਬਾਕੀ ਬੀਮਾਰੀਆਂ ਦੇ ਮਰੀਜ਼ ਤੰਦਰੁਸਤ ਹੋ ਜਾਂਦੇ ਹਨ ਇਸ ਬੀਮਾਰੀ ਦੇ ਇਲਾਜ ਵੀ ਸੰਭਵ ਹਨ। ਇੱਕ ਗੱਲ ਜ਼ਰੂਰ ਹੈ ਕਿ ਇਸ ਬੀਮਾਰੀ ਦੇ ਵਧਦੇ ਹੋਏ ਮਰੀਜ਼ਾਂ ਦੀ ਗਿਣਤੀ ਵੇਖ ਕੇ ਮਨ ਵਿੱਚ ਸੋਚ ਪੈਦਾ ਹੁੰਦੀ ਹੈ ਕਿ ਇਹ ਸਭ ਕੁਝ ਮਨੁੱਖ ਵੱਲੋਂ ਕੁਦਰਤ ਨਾਲ ਕੀਤੇ ਜਾ ਰਹੇ ਖਿਲਵਾੜ ਕਾਰਨ ਹੀ ਹੋ ਰਿਹਾ ਹੈ ਜਾਂ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਕਰਨ ਦਾ ਅਸਰ ਹੈ,ਇਹ ਸੋਚਣ ਦਾ ਵਿਸ਼ਾ ਜ਼ਰੂਰ ਹੈ,ਨਹੀਂ ਤਾਂ ਸਵੇਰੇ ਪੰਜ ਵਜੇ ਤੋਂ ਉੱਠ ਕੇ ਸੈਰ ਕਰਨ ਵਾਲੇ,ਯੋਗਾ ਕਰਨ ਵਾਲੇ ਅਤੇ ਮੈਡੀਟੇਸ਼ਨ ਕਰਨ ਵਾਲੇ ਮੇਰੇ ਵਰਗੇ ਵਿਅਕਤੀ ਨੂੰ ਇਹ ਰੋਗ ਹੋ ਸਕਦਾ ਹੈ ਤਾਂ ਹੋਰ ਕਿਵੇਂ ਸੁਰੱਖਿਅਤ ਰਿਹਾ ਜਾਵੇ। ਪਰ ਜੋ ਵੀ ਹੈ ਸਮਾਂ ਰਹਿੰਦੇ ਸਾਡੇ ਸਮਾਜ ਨੂੰ ਇਸ ਰੋਗ ਪ੍ਰਤੀ ਜਾਗਰੂਕਤਾ ਅਤੇ ਪੀੜਤਾਂ ਪ੍ਰਤੀ ਢਹਿੰਦੀ ਕਲਾ ਵਾਲ਼ੀ ਸੋਚ ਬਦਲਣ ਦੀ ਲੋੜ ਹੈ ਕਿਉਂਕਿ ਹੁਣ ਕੈਂਸਰ ਵਿਗਿਆਨ ਦਾ ਨਾਅਰਾ ਹੈ ÷Together we are stronger than cancer".

# 3 ਅਰਬਪਤੀਆਂ ਦੀ ਕਹਾਣੀ ਨਾਲ ਸਮਝੋ ਕਿ ਅਮੀਰ ਬਣਨ ਦਾ ਨੁਸਖਾ ਕੀ ਹੈ, ਕਿਸਮਤ, ਹੁਨਰ ਜਾਂ ਸਮਾਂ





ਮਾਈਮ ਆਰਟ ਪੜ੍ਹਨ ਵਾਲੇ ਇਟਲੀ ਦੇ ਕਮਿਊਨਿਸਟ ਵਿਦਿਆਰਥੀ, ਗੇਂਦ ਉੱਤੇ ਨਜ਼ਰ ਰੱਖਣ ਵਾਲੇ ਇੱਕ ਪ੍ਰਤਿਭਾਸ਼ਾਲੀ ਬੱਚੇ ਅਤੇ ਇੱਕ ਕਮੇਡੀਅਨ ਵਿੱਚ ਕੀ ਸਮਾਨਤਾ ਹੈ ?

ਦਰਅਸਲ ਇਹ ਤਿੰਨੇ ਅੱਗੇ ਜਾ ਕੇ ਇੱਕ ਬੇਹੱਦ ਖ਼ਾਸ ਵਿਸ਼ਵੀ ਸਮੂਹ ਦਾ ਹਿੱਸਾ ਬਣ ਗਏ।

ਗੱਲ ਹੋ ਰਹੀ ਹੈ ਮਿਊਚਿਆ ਪ੍ਰਾਡਾ, ਟਾਈਗਰ ਵੂੱਡਸ ਅਤੇ ਜੇਰੀ ਸੇਨਫੀਲਡ ਦੀ, ਜੋ ਹੁਣ ਦੁਨੀਆਂ ਦੇ 2800 ਅਰਬਪਤੀ ਲੋਕਾਂ ਦੀ ਸੂਚੀ ਵਿੱਚ ਸ਼ਾਮਲ ਹਨ।ਇਸ ਸੂਚੀ ਵਿੱਚ ਵੱਖ-ਵੱਖ ਦੇਸਾਂ ਦੇ ਵੱਖ-ਵੱਖ ਲੋਕ ਸ਼ਾਮਲ ਹਨ। ਦੁਨੀਆਂ ਭਰ ਦੇ ਅਮੀਰਾਂ ਦੀ ਸੂਚੀ ਤਿਆਰ ਕਰਨ ਵਾਲੀ ਅਮਰੀਕਨ ਮੀਡੀਆ ਫਰਮ ਫੋਰਬਸ ਦੇ ਮੁਤਾਬਕ, ਅਰਬਪਤੀਆਂ ਦੀ ਗਿਣਤੀ ਦੇ ਮਾਮਲੇ ਵਿੱਚ ਪਹਿਲੇ ਸਥਾਨ ਉੱਤੇ ਅਮਰੀਕਾ ਹੈ, ਜਿੱਥੇ 813 ਅਰਬਪਤੀ ਹਨ।

ਦੂਜੇ ਨੰਬਰ ਉੱਤੇ ਹਾਂਗ-ਕਾਂਗ ਸਣੇ ਚੀਨ ਹੈ ਜਿੱਥੇ 473 ਅਰਬਪਤੀ ਹਨ ਅਤੇ ਭਾਰਤ ਤੀਜੇ ਨੰਬਰ ਉੱਤੇ ਹੈ, ਜਿੱਥੇ 200 ਅਰਬਪਤੀ ਹਨ। ਅਰਬਾਂ ਦੀ ਇਸ ਜਾਇਦਾਦ ਦਾ ਬਾਰੇ ਕਿਆਸ ਲਾਉਣਾ ਬਹੁਤ ਮੁਸ਼ਕਿਲ ਕੰਮ ਹਨ। ਇੱਕ ਅਰਬ ਇੱਕ ਵੱਡੀ ਸੰਖਿਆ ਹੈ। ਇਸਦਾ ਅੰਦਾਜ਼ਾ ਲਗਾਉਣ ਲਈ ਤੁਸੀਂ ਇਸ ਤਰ੍ਹਾਂ ਸਮਝ ਸਕਦੇ ਹੋ ਕਿ 10 ਲੱਖ ਸਕਿੰਟ 11 ਦਿਨ ਦੇ ਬਰਾਬਰ ਹੁੰਦੇ ਹਨ, ਜਦਕਿ ਇੱਕ ਅਰਬ 32 ਸਾਲ ਦੇ ਬਰਾਬਰ ਹਨ। ਕੁਝ ਲੋਕ ਤਾਂ ਅਰਬਪਤੀਆਂ ਦੀ ਹੋਂਦ ਨੂੰ ਠੀਕ ਹੀ ਨਹੀਂ ਮੰਨਦੇ ਹਨ। ਦੁਨੀਆਂ ਦੇ 81 ਲੋਕਾਂ ਕੋਲ ਚਾਰ ਅਰਬ ਗ਼ਰੀਬਾਂ ਤੋਂ ਜ਼ਿਆਦਾ ਜਾਇਦਾਦ ਦੁਨੀਆਂ ਦੇ 81 ਅਮੀਰਾਂ ਦੀ ਜਾਇਦਾਦ ਦੁਨੀਆਂ ਦੇ ਚਾਰ ਅਰਬ ਲੋਕਾਂ ਤੋਂ ਜ਼ਿਆਦਾ ਹੈ। ਗ਼ੈਰ-ਬਰਾਬਰੀ ਉੱਤੇ ਸਾਲ 2023 ਵਿੱਚ ਆਕਸਫੈਮ ਨੇ ਇੱਕ ਰਿਪੋਰਟ ਵਿੱਚ ਕਿਹਾ ਸੀ, ਹਰ ਇੱਕ ਅਰਬਪਤੀ ਨੀਤੀਗਤ ਭੁੱਲ ਦਾ ਨਤੀਜਾ ਹੈ। ਵਧਦੀ ਗ਼ਰੀਬੀ ਅਤੇ ਜਿਉਣ ਲਈ ਜ਼ਰੂਰੀ ਸਾਧਨਾਂ ਦੇ ਸੰਕਟ ਦੇ ਦੌਰਾਨ ਰਿਕਾਰਡ ਮੁਨਾਫ਼ੇ ਦੇ ਨਾਲ ਵੱਧਦੇ-ਫੁੱਲਦੇ ਅਰਬਪਤੀਆਂ ਦਾ ਹੋਣਾ ਇੱਕ ਅਜਿਹੀ ਆਰਥਿਕ ਪ੍ਰਣਾਲੀ ਦਾ ਸਬੂਤ ਹੈ, ਜੋ ਕੰਮ ਕਰਨ ਵਿੱਚ ਨਾਕਾਮ ਰਹੀ ਹੈ। ਇਸੇ ਗ਼ੈਰ-ਬਰਾਬਰੀ ਕਾਰਨ ਕਈ ਦੇਸਾਂ ਵਿੱਚ ਆਮਦਨੀ ਉੱਤੇ ਟੈਕਸ ਲਾਉਣ ਦੀ ਥਾਂ ਪੂਰੀ ਆਮਦਨੀ ਉੱਤੇ ਟੈਕਸ ਲਾਉਣ ਬਾਰੇ ਚਰਚਾ ਕੀਤੀ ਜਾ ਰਹੀ ਹੈ। ਅਮਰੀਕਾ ਵਿੱਚ ਡੈਮੋਕਰੇਟਿਕ ਪਾਰਟੀ ਦੇ ਸੈਨੇਟਰ ਐਲਿਜ਼ਾਬੇਥ ਵਾਰੇਨ ਨੇ ਪੰਜ ਕਰੋੜ ਡਾਲਰ ਦੀ ਜਾਇਦਾਦ ਉੱਤੇ ਦੋ ਫੀਸਦੀ ਅਤੇ ਇੱਕ ਬਿਲੀਅਨ ਦੀ ਜਾਇਦਾਦ ਉੱਤੇ ਤਿੰਨ ਫੀਸਦੀ ਟੈਕਸ ਦੀ ਤਜਵੀਜ਼ ਕੀਤੀ ਹੈ।

ਜਦਕਿ ਕੁਝ ਲੋਕਾਂ ਦਾ ਤਰਕ ਹੈ ਕਿ ਜ਼ਿਆਦਾ ਜਾਇਦਾਦ ਦੀ ਸੰਭਾਵਨਾ ਨਵੀਆਂ-ਨਵੀਆਂ ਰਚਨਾਵਾਂ ਅਤੇ ਖੋਜਾਂ ਨੂੰ ਉਤਸ਼ਾਹਿਤ ਕਰਦੀ ਹੈ। ਇਸ ਕਾਰਨ ਕਰੋੜਾਂ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਆਉਂਦਾ ਹੈ।

**ਅਰਬਪਤੀਆਂ ਦੀ ਗਿਣਤੀ ਵਧਾਉਣਾ ਚਾਹੁੰਦੇ ਹਨ ਅਰਥਸ਼ਾਸਤਰੀ**

ਇਸ ਸਾਰੇ ਰੌਲੇ ਦੌਰਾਨ ਅਮਰੀਕੀ ਅਰਥਸ਼ਾਸਤਰੀ ਮਾਈਕਲ ਸਟਰੇਨ ਦੀ ਦਲੀਲ ਹੈ ਕਿ ਸਾਨੂੰ ਥੋੜ੍ਹੇ ਨਹੀਂ ਸਗੋਂ ਹੋਰ ਜ਼ਿਆਦਾ ਅਰਬਪਤੀਆਂ ਦੀ ਲੋੜ ਹੈ। ਉਹ ਨੋਬਲ ਇਨਾਮ ਜੇਤੂ ਵਿਲੀਅਮ ਨਾਰਡਹਾਸ ਦੇ ਉਸ ਸਿਧਾਂਤ ਦਾ ਹਵਾਲਾ ਦਿੰਦੇ ਹਨ, ਜਿਸ ਵਿੱਚ ਨਾਰਡਹਾਸ ਨੇ ਦੱਸਿਆ ਸੀ ਕਿ ਤਕਨੀਕੀ ਜਗਤ ਨਾਲ ਜੁੜੀਆਂ ਖੋਜਾਂ ਤੋਂ ਮਿਲੇ ਮੁਨਾਫ਼ੇ ਦਾ ਦੋ ਫੀਸਦੀ ਹੀ ਸੰਸਥਾਪਕਾਂ ਅਤੇ ਖੋਜੀਆਂ ਨੂੰ ਮਿਲਦਾ ਹੈ, ਬਾਕੀ ਸਮਾਜ ਨੂੰ ਜਾਂਦਾ ਹੈ। ਅਰਬਪਤੀਆਂ ਬਾਰੇ ਸਟਰੇਨ ਦਾ ਕਹਿਣਾ ਹੈ, ਉਹ ਆਪ-ਬਣੇ ਖੋਜੀ ਹੁੰਦੇ ਹਨ ਜਿਨ੍ਹਾਂ ਨੇ ਜ਼ਿੰਦਗੀ ਜਿਉਣ ਦਾ ਤਰੀਕਾ ਬਦਲ ਦਿੱਤਾ ਹੈ। ਇਸ ਦੇ ਪੱਖ ਵਿੱਚ ਬਿਲਗੇਟਸ ਅਤੇ ਸਟੀਵ ਬਾਲਮਰ ਦੀ ਮਿਸਾਲ ਦਿੰਦੇ ਹਨ, ਜਿਨ੍ਹਾਂ ਨੇ ਕੰਪਿਊਟਿੰਗ ਦੀ ਦੁਨੀਆਂ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦੇ।ਸਟਰੇਨ ਮਸ਼ਹੂਰ ਅਮਰੀਕੀ ਨਿਵੇਸ਼ਕ ਵਾਰੇਨ ਬਫ਼ੇ ਅਤੇ ਜੇਫ਼ ਬੇਸੋਜ਼ ਦੀ ਵੀ ਮਿਸਾਲ ਦਿੰਦੇ ਹਨ।ਉਹ ਕਹਿੰਦੇ ਹਨ ਕਿ ਬਫੇ ਨੇ ਖੁਦਰਾ ਖੇਤਰ ਨੂੰ ਉਤਸ਼ਾਹਿਤ ਕੀਤਾ ਹੈ ਜਦਕਿ ਏਲਨ ਮਸਕ ਨੇ ਆਟੋਮੋਟਿਵ ਉਦਯੋਗ ਅਤੇ ਪੁਲਾੜ ਕਾਰੋਬਾਰ ਨੂੰ ਬਦਲ ਕੇ ਰੱਖ ਦਿੱਤਾ ਹੈ।ਸਟਰੇਨ ਦਾ ਕਹਿਣਾ ਹੈ ਕਿ ਸਾਰੇ 'ਨੀਤੀਆਂ ਦੀ ਕਮੀ ਕਾਰਨ' ਅਰਬਪਤੀ ਨਹੀਂ ਬਣੇ। ਬਲਕਿ ਇਹ ਖ਼ੁਦ ਦੇ ਇਨੋਵੇਸ਼ਨ ਅਤੇ ਮਿਹਨਤ ਕਾਰਨ ਇਸ ਮੁਕਾਮ ਤੱਕ ਪਹੁੰਚੇ ਹਨ। ਇਨ੍ਹਾਂ ਦੇ ਅਰਬਪਤੀ ਨਾ ਬਣਨ ਦੀ ਕਾਮਨਾ ਨਾ ਕਰਨ ਦੀ ਥਾਂ ਸਾਨੂੰ ਉਨ੍ਹਾਂ ਦੀ ਸਫ਼ਲਤਾ ਉੱਤੇ ਖ਼ੁਸ਼ ਹੋਣਾ ਚਾਹੀਦਾ ਹੈ। ਕਈ ਅਰਬਪਤੀ ਇੱਕ ਵੱਡੀ ਰਕਮ ਦਾਨ ਕਰਦੇ ਹਨ। ਗੇਟਸ ਅਤੇ ਬਫ਼ੇ ਨੇ ਦਿ ਗਿਵਿੰਗ ਪਲੈਜ ਵਰਗੀ ਪਹਿਲ ਕੀਤੀ, ਜਿਸ ਦੇ ਤਹਿਤ ਉਨ੍ਹਾਂ ਨੇ ਆਪਣੇ ਪੂਰੀ ਜ਼ਿੰਦਗੀ ਵਿੱਚ ਅੱਧੀ ਤੋਂ ਜ਼ਿਆਦਾ ਜਾਇਦਾਦ ਦਾਨ ਕਰਨ ਦੀ ਵਚਨਬੱਧਤਾ ਦਿਖਾਈ।ਉੱਥੇ ਹੀ 'ਦਿ ਗਿਵਿੰਗ ਪਲੈਜ' ਉੱਤੇ ਭਰੋਸਾ ਰੱਖਣ ਵਾਲੇ ਰੈਪਰ, ਕਾਰੋਬਾਰੀ ਮੁਗ਼ਲ ਅਰਬਪਤੀ ਜੇ-ਜ਼ੀ ਨੇ ਆਪਣੀ ਜਾਇਦਾਦ ਦੇ ਬਚਾਅ ਵਿੱਚ ਕਿਹਾ, ਜੇ ਮੈਂ ਗ਼ਰੀਬ ਹੁੰਦਾ ਤਾਂ ਆਪਣੇ ਵਰਗੇ ਲੋਕਾਂ ਦੀ ਮਦਦ ਨਹੀਂ ਕਰ ਪਾਉਂਦਾ। ਇਸ ਲਈ ਮੈਂ ਅਮੀਰ ਬਣਿਆ ਅਤੇ ਉਨ੍ਹਾਂ ਦੀ ਮਦਦ ਕਰ ਦਿੱਤੀ। ਮੇਰੇ ਲਈ ਇਹ ਹਰ ਸਥਿਤੀ ਵਿੱਚ ਜਿੱਤਣ ਵਰਗਾ ਹੈ।

**ਕਿਵੇਂ ਕੋਈ ਅਰਬਪਤੀ ਬਣ ਜਾਂਦਾ ਹੈ ?**


ਕੋਈ ਉਂਝ ਹੀ ਅਰਬਪਤੀ ਨਹੀਂ ਬਣ ਜਾਂਦਾ। ਉਨ੍ਹਾਂ ਦੀ ਸਫ਼ਲਤਾ ਵਿੱਚ ਸਾਡੇ ਸਾਰਿਆਂ ਬਾਰੇ ਵੀ ਕੁਝ ਨਾ ਕੁਝ ਬਿਆਨ ਕਰਦੀ ਹੈ।

ਕਿਸੇ ਲਈ ਅਮੀਰ ਬਣਨਾ ਹੁਣ ਤੱਕ ਮੁਸ਼ਕਲ ਹੈ। ਜਦੋਂ ਤੱਕ ਉਹ ਲੋਕਾਂ ਨੂੰ ਕੁਝ ਨਹੀਂ ਦਿੰਦਾ, ਜਿਨ੍ਹਾਂ ਦੀ ਮਦਦ ਦੀ ਉਨ੍ਹਾਂ ਨੂੰ ਲੋੜ ਹੋਵੇ ਜਾਂ ਫਿਰ ਉਨ੍ਹਾਂ ਨੂੰ ਪੂਰੀ ਖ਼ੁਸ਼ੀ ਨਾ ਦੇ ਦੇਵੇ।

ਜਿਨ੍ਹਾਂ ਅਰਬਪਤੀਆਂ ਦੀ ਚਰਚਾ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਥੋੜ੍ਹਾ-ਬਹੁਤ ਕਿਸੇ ਨਾ ਕਿਸੇ ਹੱਦ ਤੱਕ ਦੁਨੀਆਂ ਨੂੰ ਬਦਲਿਆ ਹੈ। ਭਾਵੇਂ ਉਹ ਪ੍ਰਾਡਾ ਦੇ ਉਤਪਾਦ ਹੋਣ ਜਾਂ ਫਿਰ ਸਟਾਰ ਵਾਰ ਸਿਨੇਮਾ ਜਾਂ ਟਿੱਕਟੌਕ। ਇੰਨਾ ਹੀ ਨਹੀਂ ਉਨ੍ਹਾਂ ਲਈ ਇਹ ਸਭ ਹਾਸਲ ਕਰਨ ਦੇ ਕਿੱਸੇ ਵੀ ਦਿਲਚਸਪ ਹਨ।ਮਸਲਨ ਗੂਗਲ ਸਰਚ ਇੰਜਨ ਨੂੰ ਸ਼ੁਰੂਆਤੀ ਰੂਪ ਵਿੱਚ ਇਸ ਦੇ ਸੰਸਥਾਪਕ 10 ਲੱਖ ਡਾਲਰ ਵਿੱਚ ਵੇਚਣਾ ਚਾਹੁੰਦੇ ਸਨ। ਲੇਕਿਨ ਉਨ੍ਹਾਂ ਨੂੰ ਖ਼ੀਰਦਾਰ ਨਹੀਂ ਮਿਲਿਆ।ਅੱਜ ਗੂਗਲ ਦੀ ਕੀਮਤ 23 ਖਰਬ ਡਾਲਰ ਹੈ, ਜਦਕਿ ਸਹਿ-ਸੰਸਥਾਪਕ ਸਰਗੀ ਬ੍ਰਿਨ ਦੀ ਨਿੱਜੀ ਜਾਇਦਾਦ 135 ਅਰਬ ਡਾਲਰ ਹੈ, ਜੋ ਲਗਭਗ ਮੋਰੱਕੋ ਵਰਗੇ ਦੇਸ ਦੀ ਜੀਡੀਪੀ ਦੇ ਬਰਾਬਰ ਹੈ।ਮਿਊਚਿਆ ਪ੍ਰਾਡਾ 1960 ਦੇ ਦਹਾਕੇ ਵਿੱਚ ਇਟਲੀ ਵਿੱਚ ਇੱਕ ਖੱਬੇਪੱਖੀ ਮਾਰਿਆ ਬਿਆਂਚੀ ਸਨ। ਆਪਣਾ ਨਾਮ ਮਾਰਿਆ ਬਿਆਂਚੀ ਤੋਂ ਬਦਲ ਕੇ ਮਿਊਚਿਆ ਪ੍ਰਾਡਾ ਕਰਨ ਤੋਂ ਪਹਿਲਾਂ ਉਹ ਥਿਏਟਰ ਸਕੂਲ ਵਿੱਚ 'ਮਾਈਮ' ਆਰਟ ਪੜ੍ਹ ਰਹੇ ਸਨ।ਮਾਈਮ ਆਰਟ ਮੂਕ ਅਦਾਕਾਰੀ ਦੀ ਇੱਕ ਸ਼ੈਲੀ ਹੈ। ਇਸ ਵਿੱਚ ਸਿਰਫ਼ ਚਿਹਰੇ ਦੇ ਹਾਵ-ਭਾਵ ਨਾਲ ਗੱਲ ਸਮਝਾਈ ਜਾਂਦੀ ਹੈ।

ਆਪਣੇ ਦਮ 'ਤੇ ਅਰਬਪਤੀ ਬਣਨ ਵਾਲੀ ਭਾਰਤ ਦੀ ਪਹਿਲੀ ਔਰਤ ਕਿਰਨ ਮਜੂਮਦਾਰ ਸ਼ਾਅ ਨੇ ਸ਼ੁਰੂਆਤ ਬੀਅਰ ਬਣਾਉਣ ਤੋਂ ਕੀਤੀ ਸੀ।ਬਾਅਦ ਵਿੱਚ ਫਾਰਮਸਿਊਟੀਕਲ ਦੇ ਖੇਤਰ ਵਿੱਚ ਉਨ੍ਹਾਂ ਨੇ ਹੱਥ ਅਜ਼ਮਾਇਆ ਅਤੇ ਉਨ੍ਹਾਂ ਦਾ ਨਾਮ ਏਸ਼ੀਆ ਦੀ ਸਭ ਤੋਂ ਵੱਡੇ ਇੰਸੂਲਿਨ ਉਤਪਾਦਕਾਂ ਵਿੱਚ ਮਸ਼ਹੂਰ ਹੋ ਗਿਆ।

# 2024 'ਚ ਕੈਨੇਡਾ ਤੇ ਆਸਟਰੇਲੀਆ ਦੇ ਇਹ ਸ਼ਹਿਰ ਰਹਿਣ ਲਈ ਸਭ ਤੋਂ ਵਧੀਆ, ਟੋਰਾਂਟੋ ਲਿਸਟ 'ਚੋਂ ਕਿਉਂ ਬਾਹਰ ਹੋਇਆ



ਕੋਵਿਡ ਕਾਰਨ ਲਾਗੂ ਕੀਤੀਆਂ ਗਈਆਂ ਤਬਦੀਲੀਆਂ ਤੋਂ ਬਾਅਦ ਦੁਨੀਆਂ ਇੱਕ ਵਾਰ ਫਿਰ ਆਪਣੇ ਪੁਰਾਣੇ ਰੂਪ ਵਿੱਚ ਪਰਤ ਰਹੀ ਹੈ। ਘੱਟੋ-ਘੱਟ ਰਹਿਣਯੋਗਤਾ ਬਾਰੇ ਜਾਰੀ ਕੀਤੇ ਗਏ ਡੇਟਾ ਤੋਂ ਤਾਂ ਇਹੀ ਲਗਦਾ ਹੈ।ਦਿ ਇਕਾਨਮਿਸਟ ਇੰਟੈਲੀਜੈਂਸ ਯੂਨਿਟ ਦੇ ਸਲਾਨਾ ਗੋਲੋਬਲ ਲਿਵੇਬਿਲਟੀ ਇੰਡੈਕਸ ਵਿੱਚ ਦੁਨੀਆਂ ਭਰ ਦੇ 173 ਸ਼ਹਿਰਾਂ ਦਾ ਮੁਲਾਂਕਣ ਕੀਤਾ ਗਿਆ ਹੈ। ਇਨ੍ਹਾਂ ਸ਼ਹਿਰਾਂ ਨੂੰ ਹੰਢਣਸਾਰਤਾ, ਸਿਹਤ ਸੰਭਾਲ, ਸੱਭਿਆਚਾਰ ਅਤੇ ਵਾਤਾਵਰਣ, ਸਿੱਖਿਆ ਅਤੇ ਬੁਨਿਆਦੀ ਢਾਂਚੇ ਦੀਆਂ ਕਸੌਟੀਆਂ ਉੱਤੇ ਕਸਿਆ ਗਿਆ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਸ਼ਹਿਰਾਂ ਦੀ ਰਹਿਣਯੋਗਤਾ ਪਿਛਲੇ ਉਸ ਤੋਂ ਪਿਛਲੇ ਸਾਲਾਂ ਦੇ ਉਤਰਾਵਾਂ ਚੜ੍ਹਾਵਾਂ ਦੀ ਤੁਲਨਾ ਵਿੱਚ ਪਿਛਲੇ ਸਾਲ ਦੌਰਾਨ ਨਾਮ ਮਾਤਰ ਹੀ ਵਧਿਆ ਹੈ।ਸਿਖਰਲੇ ਸ਼ਹਿਰਾਂ ਦੀ ਸੂਚੀ ਪਿਛਲੇ ਸਾਲ ਵਰਗੀ ਹੀ ਹੈ ਅਤੇ ਸਿਖਰਲੇ 10 ਸ਼ਹਿਰਾਂ ਵਿੱਚ ਬਹੁਤ ਘੱਟ ਅਦਲ-ਬਦਲ ਹੋਇਆ ਹੈ।ਇੱਕ ਵਾਰ ਫਿਰ ਯੂਰਪ ਦੇ ਚਾਰ ਸ਼ਹਿਰ, ਏਸ਼ੀਆ-ਪੈਸਿਫਿਕ ਖੇਤਰ ਦੇ ਚਾਰ ਸ਼ਹਿਰ ਅਤੇ ਕੈਨੇਡਾ ਦੇ ਦੋ ਸ਼ਹਿਰ ਇਸ ਸੂਚੀ ਵਿੱਚ ਆਪਣੀ ਥਾਂ ਬਣਾ ਸਕੇ ਹਨ। ਟੋਰਾਂਟੋ ਇਸ ਵਾਰ ਬੁਨਿਆਦੀ ਢਾਂਚੇ ਵਿੱਚ ਅੰਕ ਘਟਣ ਕਾਰਨ ਅਤੇ ਘਰਾਂ ਦੀ ਵਧ ਰਹੀ ਸਮੱਸਿਆ ਕਾਰਨ ਸੂਚੀ ਤੋਂ ਬਾਹਰ ਹੋ ਗਿਆ ਹੈ।ਕੋਈ ਵੀ ਨਵਾਂ ਸ਼ਹਿਰ ਸਿਖਰਲੇ 10 ਸ਼ਹਿਰਾਂ ਵਿੱਚ ਘੁਸਪੈਠ ਨਹੀਂ ਕਰ ਸਕਿਆ ਹੈ। ਲੇਕਿਨ ਓਸਾਕ, ਅਤੇ ਔਕਲੈਂਡ ਨੇ ਆਪਣੀ ਥਾਂ ਕਾਇਮ ਰੱਖੀ ਹੈ। ਸ਼ਹਿਰਾਂ ਨੇ ਆਪਣੀ ਥਾਂ ਕਾਇਮ ਰੱਖੀ ਹੈ ਇਸਦਾ ਮਤਲਬ ਇਹ ਨਹੀਂ ਹੈ ਕਿ ਅਤੀਤ ਵਿੱਚ ਇਨ੍ਹਾਂ ਵਿੱਚ ਅਦਲ-ਬਦਲ ਨਹੀਂ ਹੋਇਆ ਹੈ। ਅਸੀਂ ਸਿਖਰਲੇ ਸ਼ਹਿਰਾਂ ਦੇ ਵਾਸੀਆਂ ਨਾਲ ਗੱਲ ਬਾਤ ਕੀਤੀ ਕਿ ਉਨ੍ਹਾਂ ਨੂੰ ਆਪਣੇ ਸ਼ਹਿਰ ਵਿੱਚ ਕੀ ਪਸੰਦ ਹੈ—

**ਵਿਆਨਾ, ਆਸਟਰੀਆ**

ਆਸਟਰੀਆ ਦੀ ਰਾਜਧਾਨੀ ਵਿਆਨਾ ਲਗਾਤਾਰ ਤੀਜੇ ਸਾਲ, ਰਹਿਣ ਦੇ ਲਿਹਾਜ਼ ਨਾਲ ਪਹਿਲੇ ਨੰਬਰ ਉੱਤੇ ਆਈ ਹੈ। ਇਸ ਨੇ ਪੰਜ ਵਿੱਚੋਂ ਚਾਰ ਕਸੌਟੀਆਂ ਉੱਤੇ ਪੂਰੇ ਬਟਾ ਪੂਰੇ ਅੰਕ ਹਾਸਲ ਕੀਤੇ ਹਨ।ਹਾਲਾਂਕਿ ਪਿਛਲੇ ਸਾਲ ਸੱਭਿਆਚਾਰ ਅਤੇ ਖੇਡਾਂ ਨਾਲ ਜੁੜੇ ਸਮਾਗਮ ਘੱਟ ਹੋਣ ਕਾਰਨ ਇਸ ਪਾਸੇ ਤੋਂ ਥੋੜ੍ਹੇ ਅੰਕ ਘਟੇ ਹਨ।ਵਿਆਨਾ ਟੂਰਿਜ਼ਮ ਬੋਰਡ ਦੇ ਬੁਲਾਰੇ ਨਿਕੋਲੌਸ ਗਰੇਇਸਰ ਨੇ ਕਿਹਾ, ਜਦੋਂ ਵਿਆਨਾ ਦੇ ਲੋਕ ਕਿਸੇ ਫੇਰੀ ਤੋਂ ਘਰ ਆਉਂਦੇ ਹਨ ਤਾਂ ਪਹਿਲੇ ਕੰਮ ਜੋ ਉਹ ਕਰਦੇ ਹਨ ਉਸ ਵਿੱਚ ਸ਼ਾਮਲ ਹੈ ਕਿ ਉਹ ਟੂਟੀ ਤੋਂ ਝਰਨਿਆਂ ਦਾ ਤਾਜ਼ਾ ਪਾਣੀ ਪੀਂਦੇ ਹਨ। ਸਾਡੀਆਂ ਟੂਟੀਆਂ ਦਾ ਪਾਣੀ ਪਿਛਲੇ 150 ਸਾਲਾਂ ਤੋਂ ਸਿੱਧਾ ਆ ਰਿਹਾ ਹੈ। ਇਸ ਤੋਂ ਇਲਵਾ ਵੀ ਇੱਥੇ ਕੁਝ ਚੀਜ਼ਾਂ ਹਨ ਮਾਨਣ ਵਾਲੀਆਂ— ਨਿਊ ਦਨੂਬੇ ਵਿੱਚ ਵਿੰਡਸਰਫਿੰਗ, ਰਵਾਇਤੀ ਵਾਈਨ ਅਤੇ ਵਿਆਨਾ ਸਟੇਟ ਓਪੇਰਾ ਦੀ ਟਿਕਟ, ਜੋ ਤੁਹਾਨੂੰ 13 ਪੌਂਡ ਤੋਂ ਵੀ ਘੱਟ ਵਿੱਚ ਮਿਲ ਜਾਂਦੀ ਹੈ।ਵਿਆਨਾ ਦੁਨੀਆਂ ਦੇ ਕੁਝ ਸ਼ਹਿਰਾਂ ਵਿੱਚੋਂ ਹੈ ਜਿਸ ਦੇ ਨਾਮ ਉੱਤੇ ਪੂਰਾ ਕੁਜ਼ੀਨ (ਖਾਣਾ ਬਣਾਉਣ ਦੀ ਕਲਾ) ਦਾ ਨਾਮ ਹੈ।

ਸ਼ਹਿਰ ਦੀ ਟਰਾਂਸਪੋਰਟ ਪ੍ਰਣਾਲੀ ਬਾਕਮਾਲ ਹੈ। ਜਿਸ ਵਿੱਚ ਇੱਕ ਪੌਂਡ ਦੇ ਪਾਸ ਨਾਲ ਤੁਸੀਂ ਸਾਰਾ ਦਿਨ ਸਫਰ ਕਰ ਸਕਦੇ ਹੋ। ਇੱਥੋਂ ਦੀ ਸਿਹਤ ਪ੍ਰਣਾਲੀ ਵੀ ਬਹੁਤ ਵਧੀਆ ਹੈ ਅਤੇ ਕਈ ਸਾਰੀਆਂ ਯੂਨੀਵਰਸਿਟੀਆਂ ਹਨ।

ਬੁਲਾਰੇ ਨੇ ਕਿਹਾ, ਵਿਆਨਾ ਇੱਕ ਚੰਗੀ ਤਰ੍ਹਾਂ ਤੇਲ ਕੀਤੀ ਹੋਈ ਮਸ਼ੀਨ ਵਾਂਗ ਚਲਦਾ ਹੈ। ਵਿਆਨਾ ਵਿੱਚ ਉੱਤਰ ਯੂਰਪੀ ਸ਼ਹਿਰ ਦੀ ਕੁਸ਼ਲਤਾ ਅਤੇ ਦੱਖਣ ਯੂਰਪੀ ਸ਼ਹਿਰ ਦੀ ਤਰਜ਼ੇ ਜ਼ਿੰਦਗੀ ਦਾ ਸੁਮੇਲ ਹੈ। ਸ਼ਹਿਰ ਨੂੰ ਹੋਰ ਠੰਢਾ ਬਣਾਉਣ ਅਤੇ ਕਾਰਬਨ ਡਾਇਕਸਾਈਡ ਉਤਸਰਜਨ ਦੇ ਪੱਧਰਾਂ ਨੂੰ ਘਟਾਉਣ ਲਈ ਵੀ ਸਰਗਰਮ ਹੈ। ਸ਼ਹਿਰ ਵਿੱਚ ਜਿੱਥੇ ਕਦੇ ਪਾਰਕਿੰਗ ਦੀਆਂ ਥਾਵਾਂ ਸਨ ਉੱਤੇ ਨਿੱਕੇ-ਨਿੱਕੇ ਹਰੇ ਨਖ਼ਲਿਸਤਾਨ ਬਣਾਏ ਜਾ ਰਹੇ ਹਨ।ਬੁਲਾਰੇ ਮੁਤਾਬਕ, ਸ਼ਹਿਰ ਇਨ੍ਹਾਂ ਥਾਵਾਂ ਦੀ ਜ਼ਿੰਮੇਵਾਰੀ ਲੈ ਸਕਦੇ ਹਨ ਇੱਥੇ ਸਬਜ਼ੀਆਂ ਅਤੇ ਫੁੱਲ ਉਗਾ ਸਕਦੇ ਹਨ।

**ਜ਼ਿਊਰਿਖ, ਸਵਿਟਜ਼ਰਲੈਂਡ**

ਜ਼ਿਊਰਿਖ ਪਿਛਲੇ ਸਾਲ ਦੇ ਮੁਕਾਬਲੇ ਤਿੰਨ ਪੌਡੇ ਉੱਪਰ ਚੜ੍ਹ ਗਿਆ ਹੈ। ਇਸ ਨੇ ਸਿੱਖਿਆ ਅਤੇ ਸਿਹਤ ਪ੍ਰਣਾਲੀ ਵਿੱਚ ਆਪਣੇ ਅੰਕ ਸੁਧਾਰੇ ਹਨ ਅਤੇ ਸੱਭਿਆਚਾਰ ਅਤੇ ਬੁਨਿਆਦੀ ਢਾਂਚੇ ਵਿੱਚ ਵੀ ਸੁਧਾਰ ਕੀਤਾ ਹੈ।ਸ਼ਹਿਰ ਦੇ ਵਾਸੀਆਂ ਨੂੰ ਇਸ ਦੇ ਸਰਕਾਰੀ ਸਰੋਤ ਅਤੇ ਸੁਰੱਖਿਆ ਦੀ ਭਾਵਨਾ ਬਹੁਤ ਪਸੰਦ ਹੈ।

ਪੀਪਲ ਲਾਈਕ ਅਸ ਹੋਮ ਐਕਸਚੇਂਜ ਦੇ ਮੁੱਖ ਮਾਰਕਿਟਿੰਗ ਅਧਿਕਾਰੀ ਐਲਗਜ਼ੈਂਡਰਾ ਹੰਬੇਲ ਮੁਤਾਬਕ, ਬਿਨਾਂ ਕੁਝ ਸੋਚੇ ਕਿਸੇ ਵੀ ਸਮੇਂ ਸਰਕਾਰੀ ਟਰਾਂਸਪੋਰਟ ਫੜ ਲਓ ਅਤੇ ਦਿਨੇ ਤੁਹਾਨੂੰ ਘਰ ਦਾ ਬੂਹਾ ਬੰਦ ਕਰਨ ਦੀ ਲੋੜ ਨਹੀਂ ਹੈ। ਜ਼ਿਊਰਿਖ ਇਕੱਲਾ ਅਜਿਹਾ ਸ਼ਹਿਰ ਹੈ ਜਿੱਥੇ ਮੈਂ ਝੀਲ ਵਿੱਚ ਨਹਾਉਣ ਤੋਂ ਪਹਿਲਾਂ ਆਪਣਾ ਬਟੂਆ ਅਤੇ ਘੜੀ ਰੱਖ ਦਿੰਦਾ ਹਾਂ।

ਹੰਬੇਲ ਸ਼ਹਿਰ ਦੀ ਸਾਫ-ਸਫਾਈ ਅਤੇ ਕੁਸ਼ਲ ਸਰਕਾਰੀ ਟਰਾਂਸਪੋਰਟ ਅਤੇ ਕੁਦਰਤ ਨਾਲ ਨਜ਼ਦੀਕੀ ਦੀ ਤਾਰੀਫ਼ ਕਰਦੇ ਹਨ।

ਜ਼ਿਊਰਿਖ ਨੂੰ ਆਪਣੇ ਤਕਤਨੀਕੀ ਬੁਨਿਆਦੀ ਢਾਂਚੇ ਅਤੇ ਪਹਿਲਕਦਕਮੀਆਂ ਜ਼ਰੀਏ ਆਪਣੇ ਨਾਗਰਿਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਲਿਆਉਣ ਕਾਰਨ ਦੁਨੀਆਂ ਦਾ ਸਭ ਤੋਂ ਸਮਾਰਟ ਸ਼ਹਿਰ ਐਲਾਨਿਆ ਗਿਆ ਹੈ।

ਮੈਂ ਜ਼ਿਊਰਿਖ ਝੀਲ ਕੋਲ ਰਹਿੰਦਾ ਹਾਂ ਜੋ ਸ਼ਹਿਰ ਦੇ ਕੇਂਦਰ ਤੋਂ ਰੇਲ ਰਾਹੀਂ ਅੱਠ ਮਿੰਟ ਦੀ ਦੂਰੀ ਉੱਤੇ ਹੈ ਅਤੇ ਤਾਜ਼ੇ ਆਂਡੇ ਲੈਣ ਲਈ ਮੈਂ ਉੱਪਰ ਪਹਾੜਾਂ ਵਿੱਚ ਫਾਰਮ ਤੇ ਚਲਿਆ ਜਾਂਦਾ ਹਾਂ। ਇਸ ਲਈ ਸਾਡੀ ਜੀਵਨ-ਸ਼ੈਲੀ ਕਮਾਲ ਹੈ, ਸਰਦੀਆਂ ਵਿੱਚ ਪਹਾੜਾਂ ਉੱਤੇ ਸਕੀਂਗ ਅਤੇ ਗਰਮੀਆਂ ਵਿੱਚ ਸਮੁੰਦਰ ਦੀਆਂ ਲਹਿਰਾਂ ਦੀ ਸਵਾਰੀ।

ਨਾਓਵਾਟਾ ਸੋਪ ਦੇ ਮੋਢੀ ਰੁਸਲਨ ਮੇਡਨਾਸ ਕਹਿੰਦੇ ਹਨ, ਕਲਪਨਾ ਕਰੋ ਜ਼ਿਊਰਿਖ ਦੇ ਹਰ ਹਿੱਸੇ ਨੂੰ ਜੋੜਨ ਵਾਲੀਆਂ ਸਾਈਕਲ ਲੇਨਾਂ ਉੱਤੇ ਸਾਈਕਲ ਚਲਾ ਰਹੇ ਹੋ। ਟਰੈਫ਼ਿਕ ਲਾਈਟਾਂ ਤੁਹਾਨੂੰ ਰੁਕਾਵਟ ਨਹੀਂ ਪਾਉਂਦੀਆਂ। ਇਹੀ ਜ਼ਿਊਰਿਖ ਹੈ।

ਇਹ ਸ਼ਹਿਰ ਦੀ ਕੁਸ਼ਲ ਆਵਾਜਾਈ ਅਤੇ ਹੰਢਣਸਾਰਤਾ ਪ੍ਰਤੀ ਵਚਨਬਧਤਾ ਨੂੰ ਦਰਸਾਉਂਦਾ ਹੈ। ਸ਼ਹਿਰ ਵਿੱਚ ਚਲਦੀਆਂ ਬਿਜਲੀ ਦੀਆਂ ਬੱਸਾਂ ਆਪਣੇ ਰੁਕਣ ਦੀਆਂ ਥਾਵਾਂ ਉੱਤੋਂ ਹੀ ਮੁੜ ਚਾਰਜ ਹੋ ਜਾਂਦੀਆਂ ਹਨ ਅਤੇ ਲੇਟ ਨਹੀਂ ਹੁੰਦੀਆਂ।

ਜ਼ਿਊਰਿਖ ਵਿੱਚ ਬਹੁਤ ਸਾਰੇ ਸਟਾਰਟ ਅਪਸ ਹਨ ਜੋ ਵਿੱਤ-ਤਕਨੀਕੀ ਅਤੇ ਬਾਇਓ-ਟੈਕਨੌਲੋਜੀ ਵਿੱਚ ਕੰਮ ਕਰ ਰਹੇ ਹਨ। ਯੂਨੀਵਰਸਿਟੀਆਂ ਅਤੇ ਕਾਰਪੋਰੇਟ ਵਿੱਚ ਭਰਭੂਰ ਮਿਲਵਰਤਨ ਹੈ।

ਦੇਖਣ ਵਿੱਚ ਸ਼ਹਿਰ ਸਾਫ਼ ਲਗਦਾ ਹੈ। ਲੇਕਿਨ ਇਸਦਾ ਸਿਹਰਾ ਨਾਗਰਿਕਾਂ ਨੂੰ ਵੀ ਜਾਂਦਾ ਹੈ।

ਹੰਬੇਲ ਕਹਿੰਦੇ ਹਨ, ਗੱਤਾ ਮਹੀਨੇ ਵਿੱਚ ਇੱਕ ਵਾਰ ਚੁੱਕਿਆ ਜਾਂਦਾ ਹੈ, ਲੇਕਿਨ ਇਹ ਧਾਗੇ ਨਾਲ ਬੰਨ੍ਹਿਆ ਹੋਣਾ ਚਾਹੀਦਾ ਹੈ, ਜੋ ਕਿ ਖਿਝਾਉਣ ਵਾਲਾ ਹੈ। ਲੇਕਿਨ ਇੱਕ ਸਾਫ ਸੁਥਰੇ ਵਾਤਾਵਰਣ ਵਿੱਚ ਰਹਿਣ ਲਈ ਇੰਨਾ ਤਾਂ ਕੀਤਾ ਹੀ ਜਾ ਸਕਦਾ ਹੈ।

ਅਸੀਂ ਵੱਡੇ ਖਤਰਿਆਂ ਅਤੇ ਚਿੰਤਾਵਾਂ ਤੋਂ ਮੁਕਤ ਹਾਂ ਜੋ ਮੈਂ ਦੇਖਦਾ ਹਾਂ ਕਿ ਹੋਰ ਥਾਵਾਂ ਉੱਤੇ ਬਹੁਤ ਹਨ। ਇੱਥੇ ਬਿਨਾਂ ਚਿੰਤਾ ਤੋਂ ਇੱਕ ਹਾਂਮੁਖੀ ਊਰਜਾ ਹੈ।

**ਮੈਲਬੋਰਨ, ਆਸਟਰੇਲੀਆ**

ਮਹਿੰਗੀ ਹੋਈ ਰਿਹਾਇਸ਼ ਕਾਰਨ ਆਸਟਰੇਲੀਆ ਦੇ ਦੋਵੇਂ ਸ਼ਹਿਰ ਸਿਡਨੀ ਅਤੇ ਮੈਲਬੋਰਨ ਦਰਜੇਬੰਦੀ ਵਿੱਚ ਹੇਠਾਂ ਆਏ ਹਨ। ਅਜਿਹਾ ਬੁਨਿਆਦੀ ਢਾਂਚੇ ਦੇ ਅੰਕਾਂ ਦੇ ਘਟਣ ਕਾਰਨ ਹੋਇਆ ਹੈ। ਲੇਕਿਨ ਮੈਲਬੋਰਨ ਸਿਰਫ਼ ਇੱਕ ਨੰਬਰ ਧਿਲਕ ਕੇ ਚੌਥੇ ਦਰਜੇ ਉੱਤੇ ਆਇਆ ਹੈ।

ਰਿਹਾਇਸ਼ ਦੀ ਕਮੀ ਦੇ ਬਾਵਜੂਦ ਸ਼ਹਿਰ ਦੇ ਲੋਕ ਇਸ ਦੀ ਸੱਭਿਆਚਾਰਕ ਭਿੰਨਤਾ ਅਤੇ ਖਾਣ-ਪਾਣ ਦੀ ਸਮਝ ਅਤੇ ਰਹਿਣ ਸਹਿਣ ਦੀ ਔਸਤ ਸੂਝ ਦੇ ਕਾਇਲ ਹਨ।

ਗੁਸ ਗਲੂਕ ਨੇਬਰਹੁੱਡ ਵਾਈਨ ਗਰੁੱਪ ਦੇ ਬਿਜ਼ਨੈਸ ਡਿਵਲੈਪਮੈਂਟ ਮੈਨੇਜਰ ਹਨ। ਉਹ ਕਹਿੰਦੇ ਹਨ, ਥੋੜ੍ਹੀ ਆਮਦਨ ਉੱਤੇ ਵੀ ਚੰਗਾ ਰਹਿਣ ਸਹਿਣ ਤੋਂ ਲੈ ਕੇ ਦਿਆਲੂ ਸ਼ਹਿਰੀ ਅਤੇ ਦੁਨੀਆਂ ਦਾ ਮੋਹਰੀ ਸੱਭਿਆਚਾਰਕ ਖੇਤਰ। ਮੈਲਬੋਰਨ ਤੁਹਾਡੀ ਕਲਪਨਾ ਨੂੰ ਖੰਭ ਲਗਾ ਦਿੰਦਾ ਹੈ। ਗਲੂਕ ਦਾ ਜਨਮ ਭਾਵੇਂ ਲੰਡਨ ਵਿੱਚ ਹੋਇਆ ਪਰ ਉਹ ਕਹਿੰਦੇ ਹਨ ਕਿ ਮੈਲਬੋਰਨ ਦੇ ਪੱਬ ਸਿਰਾ ਹਨ।

ਇੱਥੇ ਰਹਿੰਦੇ ਲੋਕ ਸ਼ਹਿਰ ਦੀ ਬੱਚਿਆਂ ਪ੍ਰਤੀ ਦੋਸਤਾਨਾ ਹੋਣ ਦੀ ਵਿਸ਼ੇਸ਼ਤਾ ਦੇ ਕਾਇਲ ਹਨ। ਇੱਥੇ ਬੱਚਿਆਂ ਦੀ ਕਿਫਾਇਤੀ ਦੇਖਭਾਲ, ਸੁਰੱਖਿਅਤ ਸੜਕਾਂ ਅਤੇ ਦੁਨੀਆਂ ਦੇ ਕੁਝ ਸਭ ਤੋਂ ਵਧੀਆ ਖੇਡ ਦੇ ਮੈਦਾਨ ਹਨ।

ਗਸਲੂਕ ਨਿਯਮਤ ਰੂਪ ਵਿੱਚ ਸ਼ਹਿਰ ਦੇ ਅਜਾਇਬ ਘਰ ਅਤੇ ਪ੍ਰਦਰਸ਼ਨੀਆਂ ਵਿੱਚ ਜਾਂਦੇ ਰਹਿੰਦੇ ਹਨ। ਜਿਵੇਂ— ਹਾਈਦ ਮੌਡਰਮ, ਸਟੇਟ ਲਾਇਬ੍ਰੇਰੀ ਵਗੈਰਾ।

ਇਸ ਸਮੇਂ ਸ਼ਹਿਰ ਦੀ ਦਿ ਨੈਸ਼ਨਲ ਗੈਲਰੀ ਆਫ ਵਿਕਟੋਰੀਆ ਲੰਡਨ ਦੇ ਬ੍ਰਿਟਿਸ਼ ਨੈਸ਼ਨਲ ਮਿਊਜ਼ਿਅਮ ਨਾਲ ਮਿਲ ਕੇ ਮਿਸਰ ਦੇ ਫੈਰੋਆਂ ਉੱਪਰ ਇੱਕ ਪ੍ਰਦਰਸ਼ਨੀ ਲਾ ਰਹੀ ਹੈ ਜੋ ਅਕਤੂਬਰ ਤੱਕ ਜਾਰੀ ਰਹੇਗੀ।

ਰੇਮੰਡ ਕਮਨਿਕੇਸ਼ਸ ਦੇ ਮੁਖੀ ਅਤੇ ਮੋਢੀ ਜੋਆਨਾ ਰੇਮੰਡ-ਬਰਨਸ ਦੱਸਦੇ ਹਨ, ਕੁਦਰਤ ਵੀ ਇੱਥੇ ਭਰਭੂਰ ਮਨੋਰੰਜਨ ਮੁਹੱਈਆ ਕਰਦੀ ਹੈ। ਖੁਸ਼ਨਸੀਬ ਹਾਂ ਕਿ ਮੈਂ ਕਿ ਮੈਂ ਪੋਰਟ ਫਿਲਿਪ ਬੇਅ ਦੇ ਕੋਲ ਰਹਿੰਦਾ ਹਾਂ। ਇਸ ਲਈ ਸਭ ਤੋਂ ਵਧੀਆ ਹੈ ਕੰਮ ਤੋਂ ਬਾਅਦ ਸ਼ਾਮ ਨੂੰ ਸਮੁੰਦਰ ਕਿਨਾਰੇ ਬੱਚਿਆਂ ਦੇ ਨਾਲ ਸੈਰ।

**ਕੈਲਗਰੀ, ਕੈਨੇਡਾ**

ਕੈਲਗਰੀ ਨੇ ਇਸ ਸਾਲ ਆਪਣੀ ਦਰਜੇਬੰਦੀ ਵਿੱਚ ਕੁਝ ਸੁਧਾਰ ਕੀਤਾ ਹੈ। ਆਪਣੀ ਸਥਿਰਤਾ, ਸਿਹਤ ਸੰਭਾਲ ਅਤੇ ਸਿੱਖਿਆ ਵਿੱਚ ਅੰਕਾਂ ਸਦਕਾ, ਇਹ ਜਿਨੇਵਾ ਦੇ ਨਾਲ ਸਾਂਝੇ ਤੌਰ ਉੱਤੇ ਪੰਜਵੇਂ ਨੰਬਰ ਉੱਤੇ ਆਇਆ ਹੈ।

ਲੇਕਿਨ ਇਸਦੇ ਨਾਗਰਿਕ ਇਸਦੀ ਆਧੁਨਿਕ ਨੁਹਾਰ ਅਤੇ ਕੁਦਰਤ ਸੁੰਦਰਤਾ ਦੇ ਹਮੇਸ਼ਾ ਦੀਵਾਨੇ ਰਹਿੰਦੇ ਹਨ।

ਸਮਾਨਥਾ ਓਡੋ ਜੋ ਕਿ ਇੱਥੇ ਲੰਬੇ ਸਮੇਂ ਤੋਂ ਰਹਿ ਰਹੇ ਹਨ, ਕਹਿੰਦੇ ਹਨ, ਕੀ ਤੁਸੀਂ ਕਿਸੇ ਠੰਢੀ ਸਵੇਰੇ ਦੇ ਦਿਨ ਰੌਕੀ ਪਹਾੜ ਜਾਂ ਕਿਸੇ ਨਿੱਘੀ ਸ਼ਾਮ ਨੂੰ ਘਾਹ ਦੇ ਮੈਦਾਨਾਂ ਪਿੱਛੇ ਢਲਦਾ ਸੂਰਜ ਦੇਖਿਆ ਹੈ। ? ਇਹ ਤੁਹਾਡੇ ਸਾਹ ਰੋਕ ਦੇਵੇਗਾ! ਸਭ ਤੋਂ ਵਧੀਆ ਗੱਲ ਤਾਂ ਇਹ ਹੈ ਕਿ ਮੈਂ ਇਸ ਸਾਰੀ ਕੁਦਰਤੀ ਸੁੰਦਰਤਾ ਤੱਕ ਆਪਣੇ ਘਰ ਤੋਂ ਕੁਝ ਮਿੰਟਾਂ ਦੀ ਦੂਰੀ ਉੱਤੇ ਹੀ ਪਹੁੰਚ ਸਕਦੀ ਹਾਂ। ਉਨ੍ਹਾਂ ਨੂੰ ਫਿਸ਼ ਕਰੀਕ ਪਾਰਕ ਵਿੱਚ ਹਾਈਕਿੰਗ ਕਰਨਾ ਅਤੇ ਬੋਅ ਨਦੀ ਦੇ ਨਾਲ-ਨਾਲ ਸੈਰ ਕਰਨਾ ਖਾਸ ਤੌਰ ਉੱਤੇ ਪਸੰਦ ਹੈ।

ਕੈਲਗਰੀ ਦੀ ਸੱਭਿਆਚਾਰਕ ਜ਼ਿੰਦਗੀ ਵੀ ਰੁਝੇਵਿਆਂ ਭਰਭੂਰ ਹੈ। ਇੱਥੇ ਵਿਸ਼ਵ ਪੱਧਰੀ ਅਜਾਇਬ ਘਰ, ਕਲਾ ਗੈਲਰੀਆਂ, ਅਤੇ ਪਰਫਾਰਮੈਂਸ ਲਈ ਥਾਵਾਂ ਹਨ। ਲੇਕਿਨ ਕੈਲਗਰੀ ਸੈਂਟਪੀਡ, ਇਸ ਸਾਲ ਦੀ ਖਿੱਚ ਹੈ।

ਕੈਲਗਰੀ ਸਟੈਂਪੀਡ 10 ਦਿਨਾਂ ਤੱਕ ਚੱਲੰਣ ਵਾਲਾ ਦੁਨੀਆਂ ਦਾ ਬਿਹਤਰੀਨ ਆਊਟਡੋਰ ਫੈਸਟੀਵਲ ਹੈ। ਇਥੇ ਮੌਜ-ਮਸਤੀ ਤੋਂ ਲੈ ਕੇ ਖਾਣੇ ਤੱਕ ਦੇ ਅਣਗਿਣਤ ਵਿਕਲਪ ਹੁੰਦੇ ਹਨ। ਫਿਲ ਓਲੇਨਬਰਗ ਕੈਲਗਰੀ ਵਿੱਚ 10 ਸਾਲ ਪਹਿਲਾਂ ਆਕੇ ਵਸੇ ਸਨ ਅਤੇ ਉਹ ਕਹਿੰਦੇ ਹਨ ਕਿ ਉਹ ਹਰ ਸਾਲ ਦਸੇ ਦਿਨ ਇਸ ਫੈਸਟੀਵਲ ਵਿੱਚ ਸ਼ਾਮਲ ਹੁੰਦੇ ਹਨ।

ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਕੈਲਗਰੀ ਵਿੱਚ ਵਸਣ ਦਾ ਫੈਸਲਾ ਇਸਦੀ ਊਰਜਾ, ਮਹੱਤਵਕਾਂਸ਼ਾ ਅਤੇ ਸੁੰਦਰਤਾ ਕਾਰਨ ਲਿਆ ਅਤੇ ਉਨ੍ਹਾਂ ਨੂੰ ਇੱਥੋਂ ਦਾ ਫੈਸਟੀਵਲ, ਕਲਾ ਅਤੇ ਸੰਗੀਤ ਖਾਸ ਤੌਰ ਉੱਤੇ ਪਸੰਦ ਹੈ।

ਕੈਲਗਰੀ ਦੇ 17ਥ ਐਵਨਿਊ ਸਾਊਥ ਅਤੇ ਸਟੀਫਨ ਐਵਿਨਊ ਹਰ ਹਫਤੇ ਦੇ ਅੰਤ ਵਿੱਚ ਮਨੋਰੰਜਨ ਅਤੇ ਰਾਤ ਦੀ ਜ਼ਿੰਦਗੀ ਨਾਲ ਸਜੀਵ ਹੋ ਉੱਠਦੇ ਹਨ।

ਉਹ ਕਹਿੰਦੇ ਹਨ ਕਿ ਡਾਊਨ ਟਾਊਨ ਵਿੱਚ ਰਹਿਣ ਕਾਰਨ ਉਹ ਸਹਿਜੇ ਹੀ ਆਪਣੇ ਕੰਮ ਅਤੇ ਸਮਾਗਮਾਂ ਉੱਤੇ ਪਹੁੰਚ ਸਕਦੇ ਹਨ।

ਭਾਵੇਂ ਕਿ ਕੈਲਗਰੀ ਕਾਰ ਕੇਂਦਰਿਤ ਹੋਣ ਕਾਰਨ ਜਾਣਿਆ ਜਾਂਦਾ ਹੈ ਲੇਕਿਨ ਇੱਥੋਂ ਦਾ ਸਰਕਾਰੀ ਟਰਾਂਸਪੋਰਟ ਵੀ ਘੱਟ ਨਹੀਂ ਹੈ। ਇੱਥੋਂ ਦੀ ਲਾਈਟ-ਰੇਲ ਟ੍ਰਾਂਜ਼ਿਟ ਪੂਰੇ ਉੱਤਰੀ ਅਮਰੀਕਾ ਵਿੱਚ ਆਪਣੇ ਕਿਸਮ ਦੀ ਪਹਿਲੀ ਰੇਲ ਸੇਵਾ ਸੀ।

**ਓਸਾਕਾ, ਜਪਾਨ**

ਜਪਾਨ ਦਾ ਤੀਜਾ ਸਭ ਤੋਂ ਸੰਘਣੀ ਅਬਾਦੀ ਵਾਲਾ ਸ਼ਹਿਰ, ਓਸਾਕਾ।

ਸਰਬੋਤਮ ਸਥਿਰਤਾ, ਸਿਹਤ ਸਹੂਲਤਾਂ ਸਿੱਖਿਆ ਵਿੱਚ ਹਾਸਲ ਅੰਕਾਂ ਕਾਰਨ ਇਹ ਸ਼ਹਿਰ ਔਕਲੈਂਡ ਦੇ ਨਾਲ ਨੌਵੇਂ ਨੰਬਰ ਉੱਤੇ ਹੈ।

ਸ਼ਹਿਰ ਨੇ ਬੁਨਿਆਦੀ ਢਾਂਚੇ ਉੱਤੇ ਵੀ ਚੰਗੇ ਅੰਕ ਹਾਸਲ ਕੀਤੇ ਹਨ। ਇੱਥੋਂ ਦੇ ਲੋਕਾਂ ਨੂੰ ਉਹ ਸਹੂਲਤ ਪਸੰਦ ਹੈ ਜੋ ਛੋਟੇ ਸ਼ਹਿਰਾਂ ਵਿੱਚ ਹੁੰਦੀ ਹੈ ਲੇਕਿਨ ਇੱਥੇ ਸਹੂਲਤਾਂ ਦੀ ਕੋਈ ਕਮੀ ਨਹੀਂ ਹੈ। ਟਾਈਨੀ ਟੋਟ ਇਨ ਟੋਕੀਓ ਦੇ ਮਾਲਕ ਕੇਅ ਏ ਕਹਿੰਦੇ ਹਨ, ਓਸਾਕਾ ਟੋਕੀਓ ਜਿੰਨਾ ਰੁੱਝਿਆ ਹੋਇਆ ਅਤੇ ਵੱਡਾ ਹੀ ਨਹੀਂ ਹੈ ਸਗੋਂ, ਉਸ ਨਾਲੋਂ ਕਿਤੇ ਘੱਟ ਬੋਝਲ ਹੈ ਪਰ ਸ਼ਾਂਤ ਹੈ।

ਕੇਅ ਏ ਕਰੀਬ 2021 ਵਿੱਚ ਟੋਕੀਓ ਤੋਂ ਓਸਾਕਾ ਆ ਕੇ ਵਸੇ ਸਨ।

ਰੇਲ ਗੱਡੀਆਂ ਬਹੁਤ ਹਨ ਅਤੇ ਆਮ ਚਲਦੀਆਂ ਹਨ ਅਤੇ ਖਰੀਦਾਰੀ ਕਰਨ ਲਈ ਵੀ ਚੰਗੀਆਂ ਥਾਵਾਂ ਹਨ।

ਇੱਥੋਂ ਦਾ ਖਾਣ-ਪਾਣ ਵੀ ਇੱਥੋਂ ਦੀ ਜ਼ਿੰਦਗੀ ਨੂੰ ਹੋਰ ਅਨੰਦ ਭਰਭੂਰ ਬਣਾ ਦਿੰਦਾ ਹੈ। ਓਸਾਕਾ ਵਿੱਚ ਮਿਲਣ ਵਾਲਾ ਖਾਣਾ ਜਪਾਨ ਵਿੱਚ ਮਿਲਣ ਵਾਲੇ ਸਭ ਤੋਂ ਵਧੀਆ ਖਾਣਿਆਂ ਵਿੱਚੋਂ ਇੱਕ ਹੈ। ਸ਼ਹਿਰ ਨੂੰ ਜਪਾਨ ਦੀ ਰਸੋਈ ਕਿਹਾ ਜਾਂਦਾ ਹੈ। ਉਹ ਕਹਿੰਦੇ ਹਨ, ਇਹ ਕਿਫਾਇਤੀ ਹੈ ਇਸ ਲਈ ਅਸੀਂ ਅਕਸਰ ਬਾਹਰ ਖਾਂਦੇ ਹਾਂ।


ਓਸਾਕਾ ਦੀ ਭੂਗੋਲਿਕ ਸਥਿਤੀ ਕਾਰਨ ਇੱਕ ਦਿਨ ਦੀ ਸੈਰ ਕਰਨ ਲਈ ਕਿਤੇ ਵੀ ਜਾਇਆ ਜਾ ਸਕਦਾ ਹੈ। ਕੇਅ ਦਾ ਪਰਿਵਾਰ ਹਫ਼ਤੇ ਦੇ ਅੰਤ ਦੀਆਂ ਛੁੱਟੀਆਂ ਦੌਰਾਨ, ਕਿਓਟੋ, ਹਿਓਗੋ, ਨਾਰਾ, ਸ਼ਿੰਗਾ ਅਤੇ ਵਾਕਿਯਾਮਾ ਜਾਣਾ ਪਸੰਦ ਕਰਦਾ ਹੈ।

ਕੇਅ ਦੱਸਦੇ ਹਨ ਕਿ ਇੱਥੇ ਘੁੰਮਣ ਲਈ ਕੁਦਰਤੀ ਥਾਵਾਂ ਤੋਂ ਇਲਾਵਾ ਬਹੁਤ ਸਾਰੀਆਂ ਇਤਿਹਾਸਕ ਥਾਵਾਂ ਅਤੇ ਧਾਰਮਿਕ ਸਥਾਨ ਹਨ।

ਉਹ ਦੱਸਦੇ ਹਨ ਕਿ ਇੱਥੋਂ ਦੇ ਲੋਕ ਬੜੇ ਦਿਆਲੂ ਹਨ। ਜਦੋਂ ਉਹ ਆਪਣੀ ਛੋਟੀ ਬੇਟੀ ਨਾਲ ਪਹਿਲੀ ਵਾਰ ਇੱਥੇ ਆਏ ਤਾਂ ਹੈਰਾਨ ਰਹਿ ਗਏ ਕਿ ਉਨ੍ਹਾਂ ਨੂੰ ਸੀਟ ਦੇ ਦਿੱਤੀ ਗਈ। ਟੋਕੀਓ ਵਿੱਚ ਅਜਿਹਾ ਕਦੇ ਨਹੀਂ ਹੁੰਦਾ। ਉਹ ਕਹਿੰਦੇ ਹਨ ਕਿ ਓਸਾਕਾ ਵਿੱਚ ਦੋਸਤ ਬਣਾਉਣਾ ਬਹੁਤ ਸੌਖਾ ਹੈ।



# ਗੁਜ਼ਰਾਂ ਦੀ ਕੁੜੀ



ਬਹੁਤ ਹੀ ਸ਼ਰਾਰਤੀ ਤੇ ਹੱਸਮੁੱਖ ਸੁਭਾਅ ਸੀ ਹਰਮਨ ਦਾ, ਪਰ ਹੁਣ ਉਹ ਬਿਲਕੁਲ ਖ਼ਾਮੋਸ਼ ਰਹਿੰਦਾ ਹੈ। ਹਰਮਨ ਪਿੰਡ ਦੇ ਲੰਬੜਦਾਰਾਂ ਦਾ ਇਕਲੌਤਾ ਲਾਡਲਾ ਮੁੰਡਾ ਸੀ ਤੇ ਉਹ ਚੰਡੀਗੜ੍ਹ ਪੜ੍ਹਨ ਕਰ ਕੇ ਉੱਥੇ ਹੋਸਟਲ ਵਿੱਚ ਹੀ ਰਹਿੰਦਾ ਸੀ। ਹਫ਼ਤੇ ਦੋ ਹਫ਼ਤੇ ਪਿੱਛੋਂ ਉਹ ਪਿੰਡ ਆ ਜਾਂਦਾ ਸੀ ਤੇ ਸੋਮਵਾਰ ਨੂੰ ਸਵੇਰੇ-ਸਵੇਰੇ ਹੀ ਚੰਡੀਗੜ੍ਹ ਆਪਣੇ ਕਾਲਜ ਚਲਿਆ ਜਾਂਦਾ ਸੀ।ਚੰਡੀਗੜ੍ਹ ਪੜ੍ਹਨ ਦੇ ਬਾਵਜੂਦ ਉਸ ਨੂੰ ਆਪਣੇ ਪਿੰਡ ਨਾਲ਼ ਬਹੁਤ ਮੋਹ ਸੀ, ਬੇਸ਼ੱਕ ਉਸ ਦੇ ਜ਼ਿਆਦਾ ਦੋਸਤ ਵੀ ਚੰਡੀਗੜ੍ਹ ਦੇ ਹੀ ਸਨ। ਐਤਵਾਰ ਵਾਲੇ ਦਿਨ ਪਿੰਡ ਹੁੰਦਿਆਂ ਉਹ ਘਰ ਦੇ ਨਿੱਕੇ ਮੋਟੇ ਕੰਮ ਕਰਦਾ ਰਹਿੰਦਾ ਤੇ ਵਿਹਲੇ ਸਮੇਂ ਆਪਣੇ ਖੇਤਾਂ ਵਿੱਚ ਜਾ ਕੇ ਲਹਿਰਾਉਂਦੀਆਂ ਫ਼ਸਲਾਂ ਨਾਲ਼ ਕਿੰਨਾ-ਕਿੰਨਾ ਚਿਰ ਗੱਲਾਂ ਕਰਦਾ ਰਹਿੰਦਾ।ਪਿੰਡ ਪਹੁੰਚ ਕੇ ਰੋਟੀ-ਪਾਣੀ ਖਾਂਦਿਆਂ ਸਾਰ ਹੀ ਉਹ ਮੋਟਰ ਵੱਲ ਨੂੰ ਭੱਜ ਜਾਂਦਾ।ਉਹਦੀ ਬੇਬੇ ਹਾਕਾਂ ਮਾਰਦੀ ਹੀ ਰਹਿ ਜਾਂਦੀ ਪਰ ਉਹ "ਬੱਸ ਹੁਣੇ ਆਇਆ" ਕਹਿ ਕੇ ਹਨੇਰਾ ਹੋਣ 'ਤੇ ਹੀ ਘਰ ਮੁੜਦਾ।

ਹਰਮਨ ਦੇ ਲੰਮ-ਸਲੰਮਾ ਮੁੱਛ-ਫੁੱਟ ਗੱਭਰੂ ਤੇ ਖਾਂਦੇ-ਪੀਂਦੇ ਘਰ ਦਾ ਹੋਣ ਕਰ ਕੇ ਸੁਭਾਵਿਕ ਹੀ ਸੀ ਕਿ ਚੰਡੀਗੜ੍ਹ ਉਹਦੇ ਨਾਲ਼ ਪੜ੍ਹਦੀਆਂ ਕਈ ਕੁੜੀਆਂ ਉਸ ਉੱਤੇ ਡੋਰੇ ਪਾਉਂਦੀਆਂ ਰਹਿੰਦੀਆਂ ਪਰ ਹਰਮਨ ਇਹਨਾਂ ਸਭਨਾਂ ਤੋਂ ਸਦਾ ਇੱਕ ਫ਼ਾਸਲਾ ਬਣਾ ਕੇ ਰੱਖਦਾ।ਚੰਡੀਗੜ੍ਹ ਦੇ ਲੋਕਾਂ ਨੂੰ ਉਹ ਥਾਂ-ਥਾਂ ਦੀ ਢੇਰੀ ਤੇ ਪੱਥਰਾਂ ਦੇ ਸ਼ਹਿਰ ਦੇ ਵਾਸੀ ਸਮਝਦਾ ਸੀ।ਉੱਥੇ ਵਿਹਲੇ ਸਮੇਂ ਉਹ ਆਪਣੇ ਯਾਰਾਂ-ਦੋਸਤਾਂ ਨਾਲ਼ ਘੁੰਮਣ ਨੂੰ ਹੀ ਤਰਜੀਹ ਦਿੰਦਾ ਜਿਨ੍ਹਾਂ ਵਿੱਚੋਂ ਬੰਟੀ ਉਹਦਾ ਪੱਕਾ ਯਾਰ ਸੀ।ਬੰਟੀ ਜਲੰਧਰ ਨੇੜਲੇ ਕਿਸੇ ਪਿੰਡ ਦਾ ਸੀ।ਉਹ ਆਪਣੇ ਪਿੰਡ ਮਹੀਨੇ-ਦੋ ਮਹੀਨੇ ਬਾਅਦ ਹੀ ਗੇੜਾ ਮਾਰਦਾ ਸੀ।ਬੰਟੀ ਦਾ ਪਿੰਡ ਦੂਰ ਹੋਣ ਕਈ ਬਾਰ ਹਰਮਨ ਬੰਟੀ ਨੂੰ ਵੀ ਆਪਣੇ ਨਾਲ਼ ਹੀ ਆਪਣੇ ਪਿੰਡ ਲੈ ਜਾਂਦਾ ਸੀ।ਬੰਟੀ ਦਾ ਵੀ ਉਹਦੇ ਪਿੰਡ ਆ ਕੇ ਬੜਾ ਦਿਲ ਲੱਗਦਾ ਸੀ।

ਇਸ ਬਾਰ ਵੀ ਪਿੰਡ ਆਉਂਦਿਆਂ ਹੀ ਚਾਹ ਪਾਣੀ ਪੀ ਕੇ ਆਪਣੀ ਆਦਤ ਅਨੁਸਾਰ ਉਹ ਆਪਣੀ ਮੋਟਰ 'ਤੇ ਚਲਿਆ ਗਿਆ।ਮੋਟਰ ਚੱਲ ਰਹੀ ਸੀ ਪਰ ਉੱਥੇ ਦਾ ਅਜਬ ਨਜ਼ਾਰਾ ਦੇਖ ਕੇ ਹਰਮਨ ਬੁੱਤ ਹੀ ਬਣ ਗਿਆ।ਸਾਹਮਣੇ ਮੋਟਰ ਦੇ ਚੁਬੱਚੇ 'ਤੇ ਅੱਧ ਭਿੱਜੀ ਗੁੱਜਰਾਂ ਦੀ ਕੁੜੀ ਸ਼ਿੰਦੋ ਦੁਨੀਆ ਤੋਂ ਬੇਖ਼ਬਰ ਹੋ ਕੇ ਕੁੱਝ ਗੁਣਗੁਣਾਉਂਦੀ ਹੋਈ ਕੱਪੜੇ ਧੋ ਰਹੀ ਸੀ।ਹਰਮਨ ਨੇ ਇੰਨੀ ਸੋਹਣੀ ਕੜੀ ਚੰਡੀਗੜ੍ਹ ਵੀ ਨਹੀਂ ਵੇਖੀ ਸੀ।ਉਹ ਲਗਾਤਾਰ ਉਸ ਨੂੰ ਨਿਹਾਰਦਾ ਰਿਹਾ ਜਦੋਂ ਤੱਕ ਸ਼ਿੰਦੋ ਦੀ ਨਜ਼ਰ ਉਸ 'ਤੇ ਨਾ ਪਈ।ਸ਼ਿੰਦੋ ਅਚਾਨਕ ਉਸ ਨੂੰ ਸਾਹਮਣੇ ਦੇਖ ਕੇ ਹੜਬੜਾਹਟ ਜਿਹੀ ਵਿੱਚ ਉੱਠ ਕੇ ਮੋਟਰ ਦੇ ਕੋਠੇ ਦੇ ਪਿੱਛੇ ਚਲੀ ਗਈ।ਬਿਨਾ ਦੇਰ ਕੀਤਿਆਂ ਹਰਮਨ ਵੀ ਉਸ ਦੇ ਪਿੱਛੇ ਹੀ ਚਲਾ ਗਿਆ।ਸ਼ਿੰਦੋ ਉਹਨੂੰ ਦੇਖ ਕੇ ਬਹੁਤ ਡਰ ਗਈ।ਸ਼ਿੰਦੋ ਦੇ ਸਾਰੇ ਘਰਦੇ ਆਪਣੇ ਆਪਣੀਆਂ ਮੱਝਾਂ-ਗਾਵਾਂ ਚਰਾਉਣ ਗਏ ਹੋਏ ਸਨ ਤੇ ਦਿਨ ਵੇਲੇ ਉੱਥੇ ਉਹ ਇਕੱਲੀ ਹੀ ਸੀ।ਹਰਮਨ ਨੇ ਉਸ ਕੋਲ ਜਾ ਕੇ ਕਿਹਾ, "ਸੱਚ ਹੀ ਸੁਣਿਆ ਸੀ ਬਈ ਕੁੜੀ ਜਿੰਨੀ ਜ਼ਿਆਦਾ ਸੋਹਣੀ ਹੁੰਦੀ ਹੈ ਉਹ ਉੰਨੀ ਹੀ ਜ਼ਿਆਦਾ ਡਰਾਕਲ ਵੀ ਹੁੰਦੀ ਹੈ।" ਹਰਮਨ ਪਹਿਲੀ ਨਜ਼ਰੇ ਹੀ ਸ਼ਿੰਦੋ 'ਤੇ ਮਰ ਮਿਟਿਆ ਸੀ। ਮੌਕੇ ਨਾ ਗਵਾਉਂਦਿਆਂ ਉਸ ਨੇ ਮੱਲੋਮੱਲੀ ਸ਼ਿੰਦੋ ਦਾ ਹੱਥ ਫੜ੍ਹ ਕੇ ਕਿਹਾ, 'ਜ਼ਿੰਦਗੀ ਤਾਂ ਹੀ ਹੈ ਹੁਣ, ਜੇ ਤੇਰਾ ਸਦੀਵੀ ਸਾਥ ਮਿਲੇ।' ਸ਼ਿੰਦੋ ਝੱਟ ਹੱਥ ਛੁਡਾ ਤੇ ਆਪਣੀ ਕੁੱਲੀ ਵੱਲ ਭੱਜ ਗਈ। ਜਾਂਦੀ-ਜਾਂਦੀ ਨੇ ਬੱਸ ਇੰਨਾ ਹੀ ਕਿਹਾ ਕਿ ਰਹਿਣ ਦੇ ਸਰਦਾਰਾ, ਮੈਨੂੰ ਡਰਪੋਕ ਕਹਿਣੈ, ਜਾਣਦੀਆਂ ਮੈਂ ਤੇਰੀ ਦਲੇਰੀ ਨੂੰ। ਇਹ ਕਹਿ ਕੇ ਸ਼ਿੰਦੋ ਆਪ ਵੀ ਆਪਣੇ ਸੋਹਣੀ ਹੋਣ ਦੀ ਗੱਲ ਮੰਨ ਗਈ ਸੀ। ਅਸਲ 'ਚ ਹਰਮਨ ਨੇ ਸ਼ਿੰਦੋ ਨੂੰ ਪਹਿਲੀ ਵਾਰ ਦੇਖਿਆ ਸੀ ਪਰ ਸ਼ਿੰਦੋ ਨੇ ਉਸ ਨੂੰ ਰਾਹ ਜਾਂਦਿਆਂ ਕਈ ਵਾਰ ਦੇਖਿਆ ਸੀ। ਹਰਮਨ ਨੇ ਹਲੂਣਾ ਤਾਂ ਸ਼ਿੰਦੋ ਦੇ ਦਿਲ ਨੂੰ ਵੀ ਦਿੱਤਾ ਸੀ ਪਰ ਸਮਾਜ ਵਿਚਲੀ ਊਚ-ਨੀਚ, ਜਾਤ-ਪਾਤ ਤੇ ਅਮੀਰੀ-ਗਰੀਬੀ ਦੀ ਰੇਖਾ ਉਲੰਘਣੀ ਉਸ ਦੇ ਵੱਸੋਂ ਬਾਹਰ ਸੀ। ਉਸ ਰਾਤ ਹਰਮਨ ਦੀ ਮਸਾਂ ਕਿਤੇ ਤੜਕੇ ਜਿਹੇ ਅੱਖ ਲੱਗੀ। ਜਾਗਦੇ ਦੇ ਸਾਰੀ ਰਾਤ ਸ਼ਿੰਦੋ ਉਸ ਦੇ ਖ਼ਿਆਲਾਂ 'ਚ ਘੁੰਮਦੀ ਰਹੀ ਤੇ ਅੱਖ ਲੱਗੀ 'ਤੇ ਸੁਪਨਿਆਂ 'ਚ। ਪਹਿਲੀ ਹੀ ਰਾਤ ਉਸ ਨੇ ਮਨ ਹੀ ਮਨ ਸ਼ਿੰਦੋ ਨਾਲ ਜ਼ਿੰਦਗੀ ਬਿਤਾਉਣ ਦਾ ਫ਼ੈਸਲਾ ਕਰ ਲਿਆ ਸੀ, ਭਾਵੇਂ ਕਿ ਇਹ ਇੰਨਾ ਸੌਖਾ ਨਹੀਂ ਸੀ।

ਦੂਜੇ ਦਿਨ ਹਰਮਨ ਦੀ ਅੱਖ ਦੇਰ ਨਾਲ ਖੁੱਲ੍ਹੀ। ਉੱਠ ਕੇ ਦੇਖਿਆ ਬਾਹਰ ਮੀਂਹ ਪੈ ਰਿਹਾ ਸੀ। ਆਪਣੀ ਆਦਤ ਅਨੁਸਾਰ ਨਹਾ-ਧੋ ਕੇ ਮੋਟਰ 'ਤੇ ਜਾਣ ਲਈ ਮੋਟਰਸਾਈਕਲ ਦੀ ਕਿੱਕ ਮਾਰ ਦਿੱਤੀ। ਆਵਾਜ਼ ਸੁਣ ਕੇ ਮਾਂ ਭੱਜੀ ਆਈ ਕਿ ਰੋਟੀ ਤਾਂ ਖਾ ਲੈ ਪਰ ਹਰਮਨ ਨੂੰ ਹੁਣ ਭੁੱਖ ਕਿੱਥੇ ਸੀ। ਬੱਸ ਹੁਣੇ ਆਇਆ ਕਹਿ ਕੇ ਉਸ ਨੇ ਮੋਟਰਸਾਈਕਲ ਦੀ ਸ਼ੂਟ ਵੱਟ ਦਿੱਤੀ। ਮੋਟਰ 'ਤੇ ਪਹੁੰਚ ਕੇ ਭਿੱਜੇ ਕੱਪੜੇ ਸੁਕਾਉਣ ਲਈ ਉਹ ਫਟਾਫਟ ਕੋਠੇ ਦੇ ਅੰਦਰ ਵੜ ਗਿਆ। ਉੱਥੋਂ ਬਾਰੀ ਥਾਣੀ ਦੂਰ ਗੁੱਜਰਾਂ ਦੇ ਕੁੱਲ ਵੱਲ ਨਜ਼ਰ ਜਾਣੀ ਸੁਭਾਵਿਕ ਹੀ ਸੀ। ਕੁੱਲ ਦੇ ਬਾਹਰ ਕੋਈ ਡੰਗਰ-ਵੱਛਾ ਨਹੀਂ ਸੀ। ਹਰਮਨ ਦੇ ਅੰਦਾਜ਼ੇ ਅਨੁਸਾਰ ਸ਼ਾਇਦ ਗੁੱਜਰ ਆਪਣਾ ਮਾਲ-ਡੰਗਰ ਚੁਰਾਉਣ ਲਈ ਮੀਂਹ ਸ਼ੁਰੂ ਹੋਣ ਤੋਂ ਪਹਿਲਾਂ ਹੀ ਚਲੇ ਗਏ ਸਨ। ਇਹ ਸੋਚਦੇ ਸਾਰ ਹੀ ਉਹ ਵਰ੍ਹਦੇ ਮੀਂਹ 'ਚ ਭੱਜਦਾ ਹੋਇਆ ਸਿੱਧਾ ਸ਼ਿੰਦੇ ਦੇ ਕੁੱਲ ਦੇ ਅੰਦਰ ਵੜ ਕੇ ਰੁਕਿਆ। ਰੋਟੀ ਖਾਂਦੀ ਸ਼ਿੰਦੇ ਦੇ ਹਰਮਨ ਨੂੰ ਉੱਥੇ ਦੇਖ ਕੇ ਸਾਹ ਹੀ ਸੁੱਕ ਗਏ। ਘਬਰਾ ਕੇ ਕਹਿਣ ਲੱਗੀ, 'ਇੱਥੋਂ ਚਲਿਆ ਜਾਹ ਸਰਦਾਰਾ, ਬਾਪੂ ਨੂੰ ਪਤਾ ਲੱਗ ਗਿਆ ਤਾਂ ਸਬੂਤਾ ਹੀ ਵੱਢ ਦੇਣੈ ਦੋਵਾਂ ਨੂੰ ਉਸ ਨੇ।' ਹਰਮਨ ਨੇ ਸ਼ਾਇਰਾਨਾ ਅੰਦਾਜ਼ 'ਚ ਕਿਹਾ, 'ਇਸ਼ਕ ਸਮੁੰਦਰ 'ਚ ਠਿੱਲ੍ਹਣਾ ਤਹਿ ਹੈ ਜਦ, ਫੇਰ ਘੜਾ ਕੱਚਾ ਕੀ ਤੇ ਪੱਕਾ ਕੀ?' ਸ਼ਿੰਦੇ ਆਪਣੀਆਂ ਮੋਟੀਆਂ ਅੱਖੀਆਂ ਝਪਕਾ-ਝਪਕਾ ਕੇ ਹਰਮਨ ਦੇ ਕਹੇ ਸ਼ਬਦਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ। ਹਰਮਨ ਨੇ ਸ਼ਿੰਦੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ, 'ਇੱਕ ਭੁੱਖਾ-ਭਾਣਾ ਬੰਦਾ ਜਾਨ ਤਲੀ 'ਤੇ ਧਰ ਕੇ ਆਇਆ ਤੇ ਸਰਕਾਰ 'ਕੱਲੀ-'ਕੱਲੀ ਹੀ ਰੋਟੀ ਖਾਈ ਜਾਂਦੀ ਹੈ।' 'ਕਾਹਨੂੰ ਮਖ਼ੌਲ ਉਡਾਉਣੈ ਸਰਦਾਰਾ, ਤੂੰ ਸਾਡੀ ਗ਼ਰੀਬਾਂ ਦੀ ਰੋਟੀ ਕਿੱਥੇ ਖਾ ਸਕਦੈਂ।' ਹਰਮਨ ਨੇ ਇਕਦਮ ਉਸ ਦੇ ਨੇੜੇ ਆ ਕੇ ਕਿਹਾ, 'ਦੇਖ ਸ਼ਿੰਦੋ, ਮੈਂ ਜੱਟਾਂ ਦਾ ਮੁੰਡਾ, ਤੂੰ ਗੁੱਜਰਾਂ ਦੀ ਕੁੜੀ ਹੈਂ, ਇਹਦੇ ਵਿਚ ਨਾ ਤੇਰੀ ਤੇ ਨਾ ਮਾਰੀ ਮਰਜ਼ੀ ਐ। ਮੈਨੂੰ ਜ਼ਿਆਦਾ ਗੱਲਾਂ ਨਹੀਂ ਆਉਂਦੀਆਂ, ਬੱਸ ਇੰਨਾ ਸਮਝ ਲੈ ਕਿ ਤੇਰੇ ਤੋਂ ਬਿਨਾ ਰਹਿ ਨਹੀਂ ਹੋਣਾ ਹੁਣ।' ਸ਼ਿੰਦੋ ਦਾ ਭਖਦਾ ਚਿਹਰਾ ਲਾਲ ਸੁਰਖ਼ ਹੋ ਗਿਆ, ਕਹਿਣ ਲੱਗੀ, 'ਬੱਲੇ ਸਰਦਾਰਾ, ਹੁਣੇ ਤਾਂ ਇਸ਼ਕ-ਸਮੁੰਦਰ 'ਚ ਗੋਤੇ ਲਾਉਂਦਾ ਫਿਰਦਾ ਸੀ, ਉੱਤੋਂ ਕਹਿੰਦੈ ਮੈਨੂੰ ਜ਼ਿਆਦਾ ਗੱਲਾਂ ਨਹੀਂ ਆਉਂਦੀਆਂ।' ਹਰਮਨ ਨੇ ਹੱਕ ਭਰੇ ਅੰਦਾਜ਼ 'ਚ ਕਿਹਾ, 'ਸ਼ਿੰਦੋ, ਹੀਰ ਕਿੰਨੇ ਹੀ ਸਾਲ ਰਾਂਝੇ ਨੂੰ ਚੂਰੀ ਖਵਾਉਂਦੀ ਰਹੀ ਤੇ ਤੂੰ ਰੋਟੀ ਦੀਆਂ ਦੋ ਬੁਰਕੀਆਂ ਵੀ ਨਹੀਂ ਖਿਲਾ ਸਕਦੀ।' ਸੁਣਦੇ ਹੀ ਸ਼ਿਦੋ ਸ਼ਰਮਾ ਕੇ ਹਰਮਨ ਨੂੰ ਰੋਟੀ ਖਵਾਉਣ ਲੱਗ ਪਈ।

ਅਚਾਨਕ ਮੀਂਹ ਦੇ ਨਾਲ ਝੱਖੜ ਤੇ ਹਨ੍ਹੇਰੀ ਵੀ ਸ਼ੁਰੂ ਹੋ ਗਈ, ਜਿਸ ਕਾਰਨ ਸ਼ਿੰਦੇ ਦੇ ਕੁੱਲ ਦੀ ਛੱਤ ਦੇ ਇੱਕ ਹਿੱਸੇ ਨੂੰ ਹਵਾ ਆਪਣੇ ਨਾਲ ਉਡਾ ਕੇ ਲੈ ਗਈ ਅਤੇ ਉਹ ਦੋਵੇਂ ਖੁੱਲ੍ਹੇ ਅਸਮਾਨ 'ਚ ਦੁਨੀਆ ਤੋਂ ਬੇਖ਼ਬਰ, ਬੇਖ਼ੌਫ ਹੋ ਕੇ ਇੱਕ-ਮਿੱਕ ਹੋ ਗਏ। ਇਹ ਸਮਝ ਨਹੀਂ ਸੀ ਆ ਰਹੀ ਕਿ ਸ਼ਿੰਦੋ ਦੀਆਂ ਅੱਖਾਂ 'ਚੋਂ ਢਲਕੇ ਮੋਤੀ ਮੀਂਹ ਦੀਆਂ ਬੂੰਦਾਂ ਸਨ ਜਾਂ ਆਪਣੇ ਇਸ਼ਕ ਦੇ ਅੰਜਾਮ ਦੇ ਡਰ ਦੇ ਹੰਝੂ। ਤੂਫ਼ਾਨ ਥੰਮ੍ਹਣ ਤੋਂ ਬਾਅਦ ਹਰਮਨ ਨੇ ਆਪਣਾ ਉਂਗਲੀ 'ਚ ਪਾਇਆ ਛੱਲਾ ਉਤਾਰ ਕੇ ਸ਼ਿੰਦੋ ਦੀ ਉਂਗਲ 'ਚ ਪਾ ਦਿੱਤਾ ਅਤੇ ਸ਼ਿੰਦੋ ਨੂੰ ਉਸ 'ਤੇ ਭਰੋਸਾ ਰੱਖਣ ਤੇ ਇੰਤਜ਼ਾਰ ਕਰਨ ਲਈ ਕਹਿ ਕੇ ਚਲਾ ਗਿਆ। ਘਰ ਆ ਕੇ ਥੋੜ੍ਹੀ ਦੇਰ ਗੁੰਮ-ਸੁੰਮ ਬੈਠਾ ਰਿਹਾ ਤੇ ਫੇਰ ਆਪਣਾ ਮਾਂ ਨੂੰ ਪੜ੍ਹਾਈ ਦਾ ਬਹਾਨਾ ਲਾ ਕੇ ਐਤਵਾਰ ਨੂੰ ਹੀ ਚੰਡੀਗੜ੍ਹ ਚਲਾ ਗਿਆ। ਉੱਥੇ ਵੀ ਉਹ ਚੁੱਪ-ਚਾਪ ਹੀ ਰਿਹਾ। ਜਦੋਂ ਅਗਲੇ ਹਫ਼ਤੇ ਵੀ ਹਰਮਨ ਪਿੰਡ ਨਾ ਗਿਆ ਤਾਂ ਬੰਟੀ ਦਾ ਸ਼ੱਕ ਯਕੀਨ 'ਚ ਬਦਲ ਗਿਆ ਕਿ ਕੋਈ ਗੱਲ ਤਾਂ ਜ਼ਰੂਰ ਹੈ। ਬੰਟੀ ਵੱਲੋਂ ਜ਼ੋਰ ਪਾਉਣ ਤੇ ਯਾਰੀ ਦਾ ਵਾਸਤਾ ਦੇਣ 'ਤੇ ਹਰਮਨ ਨੇ ਉਸ ਨੂੰ ਸਾਰੀ ਗੱਲ ਦੱਸ ਦਿੱਤੀ। ਅਗਲੇ ਐਤਵਾਰ ਬੰਟੀ ਇਕੱਲਾ ਹੀ ਹਰਮਨ ਦੇ ਪਿੰਡ ਸੀ। ਉੱਥੇ ਉਸ ਨੇ ਹਰਮਨ ਦੇ ਮਾਂ-ਬਾਪ ਨਾਲ ਇਸ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ ਤੇ ਉਸ ਦੀ ਹਾਲਤ ਬਾਰੇ ਦੱਸਿਆ। ਸੁਣ ਕੇ ਲੰਬੜਦਾਰ ਥੋੜ੍ਹਾ ਭੜਕਿਆ ਪਰ ਹਰਮਨ ਦੀ ਮਾਂ ਨੇ ਠੰਢੇ ਦਿਮਾਗ਼ ਨਾਲ ਸੋਚਣ ਤੇ ਇਸ ਦਾ ਹੱਲ ਕੱਢਣ ਲਈ ਬੰਟੀ ਨੂੰ ਕਿਹਾ ਕਿ ਉਹ ਅਗਲੇ ਹਫ਼ਤੇ ਹਰਮਨ ਨੂੰ ਲੈ ਕੇ ਪਿੰਡ ਆਵੇ। ਬੰਟੀ ਦੇ ਜਾਣ ਮਗਰੋਂ ਲੰਬੜਦਾਰ ਦਾ ਰੁਕਿਆ ਲਾਵਾ ਇਕਦਮ ਫਟ ਗਿਆ। ਗ਼ੁੱਸੇ 'ਚ ਕਹਿਣ ਲੱਗਾ, 'ਤੂੰ ਹੀ ਝਮਲਾਇਆ ਹੋਇਐ ਵੱਡੇ ਲਾਟ ਸਾਬ੍ਹ ਨੂੰ, ਚਾਲੀ ਕਿਲ੍ਹਿਆਂ ਦਾ ਮਾਲਕ ਐ ਜੱਟ ਦਾ ਪੁੱਤ ਤੇ ਵੀਹ ਕਿਲ੍ਹਿਆਂ ਦਾ ਮੱਥਾ ਜੀ.ਟੀ. ਰੋਡ 'ਤੇ ਲੱਗਦੈ ਮਾਜਰੀ ਦੇ ਸਰਪੰਚ ਦਾ, ਜੀਹਦੀ ਇਕਲੌਤੀ ਕੁੜੀ ਨਾਲ ਮੈਂ ਇਹਦਾ ਰਿਸ਼ਤਾ ਕਰਨ ਨੂੰ ਫਿਰਦਾਂ ਤੇ ਇਹ ਸਾਲਾ ਰੂੜੀ 'ਤੇ ਡੁੱਲ੍ਹਿਆ ਫਿਰਦੈ। ਸਮਝਾ ਲੈ ਆਪਣੇ ਲਾਡਲੇ ਨੂੰ, ਪਾਤਾਲ ਦਾ ਮੇਲ ਕਦੇ ਵੀ ਆਸਮਾਨ ਨਾਲ ਨਹੀਂ ਹੋ ਸਕਦਾ।' ਹਰਮਨ ਦੀ ਮਾਂ ਨੇ ਮਸਾਂ ਕਿਤੇ ਲੰਬੜਦਾਰ ਨੂੰ ਠੰਢਾ ਕੀਤਾ। ਅੱਕਿਆ ਕਹਿੰਦਾ, 'ਏਦੂੰ ਤਾਂ ਚੰਡੀਗੜ੍ਹ ਦੀ ਕਿਸੇ ਵੀ ਕੁੜੀ ਨਾਲ ਵਿਆਹ ਕਰਵਾ ਲਵੇ, ਘੱਟੋ-ਘੱਟ ਆਹ ਕਲੰਕ ਤਾਂ ਨਾ ਲੱਗੂ ਕਿ ਲੰਬੜਾਂ ਦੇ ਮੁੰਡੇ ਨੇ ਗੁੱਜਰਾਂ ਦੀ ਕੁੜੀ ਵਿਆਹ ਲਿਆਂਦੀ। ਇਹ ਨਾ ਮੈਂ ਕਦੇ ਸੋਚ ਸਕਦਾਂ ਤੇ ਨਾ ਮੈਂ ਹੋਣ ਦੇਣੈ।'

ਇਹ ਫ਼ੈਸਲਾ ਤਾਂ ਭਾਵੇਂ ਲੰਬੜਦਾਰ ਨੇ ਸੁਣਾ ਦਿੱਤਾ ਸੀ ਪਰ ਹਰਮਨ ਵੀ ਉਸੇ ਦੀ ਔਲਾਦ ਸੀ ਤੇ ਉਹ ਉਸ ਨੂੰ ਚੰਗੀ ਤਰਾਂ ਜਾਣਦਾ ਸੀ। ਇਸੇ ਉਧੇੜ-ਬੁਣ 'ਚ ਫਸੇ ਨੇ ਇਹ ਪ੍ਰੇਸ਼ਾਨੀ ਆਪਣੇ ਹਮ-ਪਿਆਲੇ ਯਾਰ ਬਲਵੰਤ ਨਾਲ ਸਾਂਝੀ ਕੀਤੀ ਜਿਹੜਾ ਕਿ ਨੇੜਲੇ ਸ਼ਹਿਰ ਰਹਿ ਕੇ ਪ੍ਰਾਪਰਟੀ ਦਾ ਕਾਰੋਬਾਰ ਕਰਦਾ ਸੀ ਅਤੇ ਲੰਬੜਦਾਰ ਤੇ ਬਲਵੰਤ ਨੇ ਕਈ ਸੌਦੇ ਸਾਂਝੇ ਵੀ ਕੀਤੇ ਸਨ। ਲੰਬੜਦਾਰ ਤਾਂ ਗੁੱਜਰਾਂ ਦਾ ਖੁਰਾ-ਖੋਜ ਮਿਟਾਉਣ ਲਈ ਗ਼ੁੱਸੇ 'ਚ ਰਫ਼ਲ ਚੁੱਕੀ ਫਿਰਦਾ ਸੀ। ਬਲਵੰਤ ਨੇ ਲੰਬੜਦਾਰ ਨੂੰ ਪੈੱਗ ਫੜਾਉਂਦਿਆਂ ਇੱਕ ਸਕੀਮ ਦੱਸਦਿਆਂ ਕਿਹਾ,'ਦੇਖ ਲੰਬੜਦਾਰਾ, ਖ਼ੂਨ ਖ਼ਰਾਬੇ ਨਾਲ ਤੇਰੀ ਵੀ ਬਦਨਾਮੀ ਹੋਊ, ਨਾਲੇ ਅਣਖੀ ਉਹ ਵੀ ਬਥੇਰੇ ਨੇ, ਕੀ ਪਤੈ ਅਗਲੇ ਆਪਣੀ ਧੀ ਦੀ ਇੱਜ਼ਤ ਕਾਰਨ ਤੇਰਾ ਜਾਂ ਹਰਮਨ ਦਾ ਕੋਈ ਨੁਕਸਾਨ ਕਰ ਦੇਣ। ਇਨ੍ਹਾਂ ਦਾ ਕਿਹੜਾ ਕੋਈ ਟਿਕਾਣਾ ਹੁੰਦੈ, ਅੱਜ ਇੱਥੇ, ਕੱਲ੍ਹ ਕਿਤੇ ਹੋਰ। ਤੂੰ ਉਨ੍ਹਾਂ ਦੋ ਕਿੱਲਿਆਂ ਦਾ ਮੇਰੇ ਨਾਲ ਕਾਗ਼ਜ਼ੀ ਬੈਅ-ਇਕਰਾਰਨਾਮਾ ਲਿਖਾ ਦੇ ਕਚਹਿਰੀ ਤੇ ਹਰਮਨ ਨੂੰ 10-15 ਦਿਨ ਪਿੰਡ ਆਉਣੋਂ ਰੋਕ ਦੇ ਬੱਸ। ਗੁੱਜਰਾਂ ਨੂੰ ਮੈਂ ਆਪੇ 5-7 ਦਿਨਾਂ 'ਚ ਇੱਥੋਂ ਭਜਾ ਦੇਊਂ ਤੇ ਬਾਅਦ 'ਚ ਆਪਾਂ ਉਹ ਇਕਰਾਰਨਾਮਾ ਪਾੜ ਦੇਵਾਂਗੇ। ਬੱਸ ਤੂੰ ਇੰਨਾ ਕਹਿਣੈ ਕਿ ਇੱਥੇ ਬਲਵੰਤ ਨੇ ਕਾਲੋਨੀ ਕੱਟਣੀ ਹੈ।' ਲੰਬੜਦਾਰ ਨੂੰ ਇਹ ਗੱਲ ਜਚ ਗਈ ਤੇ ਦੂਜੇ ਦਿਨ ਉਸ ਨੇ ਕਚਹਿਰੀ ਜਾ ਕੇ ਬਲਵੰਤ ਨਾਲ ਦੋ ਕਿੱਲਿਆਂ ਦਾ ਲਿਖ-ਲਿਖਾਅ ਕਰ ਲਿਆ। ਬਲਵੰਤ ਨੇ 2-3 ਦਿਨਾਂ 'ਚ ਹੀ ਆਪਣੇ ਅਸਰ ਰਸੂਖ਼ ਨਾਲ ਗੁੱਜਰਾਂ ਦਾ ਡੇਰਾ ਚੁੱਕਵਾ ਦਿੱਤਾ। ਉਸ ਤੋਂ ਅਗਲੇ ਹੀ ਦਿਨ ਲੰਬੜਦਾਰ ਨੇ ਬਲਵੰਤ ਨੂੰ ਸਕੀਮ ਅਨੁਸਾਰ ਜ਼ਮੀਨ 'ਚੋਂ ਆਪਣੇ ਬੰਦੇ ਤੇ ਮਸ਼ੀਨਰੀ ਹਟਾਉਣ ਲਈ ਕਿਹਾ ਤਾਂ ਜੋ ਹਰਮਨ ਨੂੰ ਖ਼ਾਲੀ ਹੋਈ ਜ਼ਮੀਨ 'ਚ ਦਿਖਾਇਆ ਜਾ ਸਕੇ ਕਿ ਜਿਸ ਕੁੜੀ ਪਿੱਛੇ ਉਹ ਮਰ-ਮਰ ਜਾਂਦਾ ਸੀ, ਉਹ ਸ਼ਿੰਦੋ ਤਾਂ ਆਪਣੇ ਕਬੀਲੇ ਸਮੇਤ ਰਾਤੋ-ਰਾਤ ਹੀ ਕਿਧਰੇ ਚਲੀ ਗਈ ਹੈ। ਇਸ ਤਰਾਂ ਹਰਮਨ ਆਪੇ ਸ਼ਿੰਦੋ ਨੂੰ ਭੁੱਲ ਜਾਵੇਗਾ ਕਿ ਉਹ ਤਾਂ ਧੋਖੇਬਾਜ਼ ਨਿੱਕਲੀ। ਬਲਵੰਤ ਨੇ ਲੰਬੜਦਾਰ ਨੂੰ ਕਿਹਾ ਕਿ ਸੋਮਵਾਰ ਨੂੰ ਬੁਲਾ ਲਓ ਮੁੰਡੇ ਨੂੰ, ਮੈਂ ਐਤਵਾਰ ਤੱਕ ਆਪਣਾ ਸਾਰਾ ਸਾਮਾਨ ਸਮੇਟ ਲਵਾਂਗਾ।

ਸੋਮਵਾਰ ਸਵੇਰੇ ਹੀ ਲੰਬੜਦਾਰ ਨੇ ਹਰਮਨ ਤੇ ਬੰਟੀ ਨੂੰ ਘਰ ਸੱਦ ਲਿਆ। ਅੱਗੇ ਗੁੱਜਰਾਂ ਵਾਲੀ ਥਾਂ 'ਤੇ ਬਲਵੰਤ ਆਪਣੇ ਵਕੀਲ, 15-20 ਗੁੰਡੇ-ਨੁਮਾ ਬੰਦਿਆਂ ਤੇ ਪੁਲਿਸ ਨਾਲ ਪਹਿਲਾਂ ਹੀ ਮੌਜੂਦ ਸੀ। ਉਨ੍ਹਾਂ ਨੂੰ ਦੇਖਦੇ ਹੀ ਬਲਵੰਤ ਬੋਲਿਆ,'ਆ ਬਈ ਲੰਬੜਦਾਰਾ, ਇਸ ਕਾਲੋਨੀ 'ਚ ਤੇਰੇ ਲਈ ਇੱਕ ਵਧੀਆ ਪਲਾਟ ਪਹਿਲਾਂ ਹੀ ਰੱਖਿਆ ਹੈ।' ਲੰਬੜਦਾਰ ਸਾਰੀ ਗੱਲ ਸਮਝ ਗਿਆ ਕਿ ਉਸ ਨਾਲ ਧੋਖਾ ਹੋ ਗਿਆ ਹੈ ਤੇ ਬਲਵੰਤ ਨੂੰ ਧੋਖੇਬਾਜ਼ ਤੇ ਮੱਕਾਰ ਕਹਿੰਦਿਆਂ ਗਾਲ੍ਹਾਂ ਕੱਢਣ ਲੱਗਿਆ। 'ਹੁਣ ਕੋਈ ਫ਼ਾਇਦਾ ਲਹੀਂ ਲੰਬੜਦਾਰਾ, ਇਸ ਜ਼ਮੀਨ ਦਾ ਮੈਂ ਕਾਨੂੰਨੀ ਤੌਰ 'ਤੇ ਮਾਲਕ ਹਾਂ, ਮੈਂ ਤੇਰੇ ਕੋਲੋਂ ਮੁੱਲ ਖ਼ਰੀਦੀ ਐ ਇਹ ਜ਼ਮੀਨ, ਆਹ ਦੇਖ ਤੂੰ ਆਪ ਤਾਂ ਸੌਦਾ ਕੀਤੈ ਯਾਰ, ਬੜੀ ਛੇਤੀ ਭੁੱਲ ਗਿਆ। ਨਾਲੇ ਧੋਖੇਬਾਜ਼ ਮੈਂ ਨਹੀਂ, ਧੋਖੇਬਾਜ਼ ਤਾਂ ਤੂੰ ਐਂ ਲੰਬੜਦਾਰਾ, ਗੁੱਜਰਾਂ ਨਾਲ ਧੋਖਾ ਕੀਤਾ ਤੂੰ, ਆਪਣਾ ਪੁੱਤ ਵੀ ਨਹੀਂ ਬਖ਼ਸ਼ਿਆ ਲੰਬੜਦਾਰਾ ਤੂੰ ਤਾਂ। ਚੱਲੋ ਹੁਣ, ਮੇਰਾ ਹੋਰ ਸਮਾਂ ਖ਼ਰਾਬ ਨਾ ਕਰੋ, ਜੋ ਕਰਨੈ ਕਚਹਿਰੀ ਜਾਂ ਥਾਣੇ ਜਾ ਕੇ ਕਰੋ।' ਲੰਬੜਦਾਰ ਆਪਣੀ ਝੂਠੀ ਸ਼ਾਨ ਤੇ ਇੱਜ਼ਤ ਲਈ ਆਪਣੀ ਦੋ ਕਿੱਲੇ ਜ਼ਮੀਨ ਤੇ ਕਰੋੜਾਂ ਦੇ ਪੁੱਤ ਨੂੰ ਗੁਆ ਚੁੱਕਿਆ ਸੀ। ਹਰਮਨ ਸ਼ਿੰਦੋ ਤੋਂ ਬਾਅਦ ਪੱਥਰ ਦੀ ਸਿੱਲ੍ਹ ਬਣ ਕੇ ਰਹਿ ਕੇ ਗਿਆ ਸੀ। ਉਸ ਨੇ ਨਾ ਕਦੇ ਆਪਣੇ ਪਿਉ ਨਾਲ ਕੋਈ ਸ਼ਿਕਾਇਤ ਕੀਤੀ ਤੇ ਨਾ ਹੀ ਉਸ ਨੂੰ ਮੁਆਫ਼ ਹੀ ਕੀਤਾ। ਬਲਵੰਤ ਤਾਂ ਬੇਗਾਨਾ ਸੀ ਪਰ ਹਰਮਨ ਨਾਲ ਤਾਂ ਉਸ ਦੇ ਪਿਉ ਨੇ ਹੀ ਧੋਖਾ ਕੀਤਾ ਸੀ। ਪਰ ਹੁਣ ਉਹ ਜਿਆਦਾ ਚੁੱਪ ਹੀ ਰਹਿੰਦਾ ਹੈ।

**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਫ਼ਤਿਹਗੜ੍ਹ ਸਾਹਿਬ (ਪੰਜਾਬ)**
**ਮੋਬਾ-9888940211**

# ਖੇਤੀ ਦੀ ਬੁਨਿਆਦ - ਹਲ, ਪੰਜਾਲੀ ਅਤੇ ਸੁਹਾਗਾ

" ਲੋੜ ਕਾਂਡ ਦੀ ਮਾਂ ਹੈ " ਦੇ ਕਥਨ ਅਨੁਸਾਰ ਅੰਨ ਉਗਾਉਣ ਲਈ ਪੇਟ ਦੀ ਖਾਤਰ ਖੇਤੀ ਦੀ ਸ਼ੁਰੂਆਤ ਹੋਈ । ਸੱਭਿਅਤਾ ਦੇ ਵਿਕਾਸ ਦੇ ਨਾਲ - ਨਾਲ ਖੇਤੀ ਦਾ ਵਿਕਾਸ ਵੀ ਹੁੰਦਾ ਗਿਆ ਪਰ ਇਸ ਦਾ ਮੁੱਢ ਹਲ , ਪੰਜਾਲੀ ਅਤੇ ਸੁਹਾਗਾ ਹਨ । ਬਾਬਾ ਨਾਨਕ ਜੀ ਨੇ ਵੀ ਕਰਤਾਰਪੁਰ ਵਿਖੇ ਬਲਦਾਂ ਨਾਲ ਹੀ ਖੇਤੀ ਕਰਨ ਦੀਆਂ ਤਸਵੀਰਾਂ ਹਨ । ਇਸੇ ਲਈ ਇਸ ਨੂੰ ਕਿਰਤ ਕਰਨ ਦੇ ਫਲਸਫੇ ਨਾਲ ਵੀ ਜੋੜ ਕੇ ਦੇਖਿਆ ਗਿਆ ਹੈ । ਖੇਤੀ ਆਪਣੀ ਬੁਨਿਆਦ ਤੋਂ ਅਜੋਕੇ ਯੁੱਗ ਤੱਕ ਹਲ ਪੰਜਾਲੀ ਅਤੇ ਸੁਹਾਗੇ ਨਾਲ ਜੁੜੀ ਰਹੀ ।

ਪੰਜਾਬ ਦੇ ਪਿੰਡਾਂ ਦਾ ਸੁਹੱਪਣ ਅਤੇ ਸ਼ਿੰਗਾਰ ਖੇਤੀ ਨਾਲ ਬਣਦਾ ਹੈ । ਜਦੋਂ ਤੋਂ ਵਣਮਾਣਸ ਤੋਂ ਮਾਣਸ ਜੂਨੀ ਵੱਲ ਵਿਕਸਿਤ ਹੋਇਆ। ਉੱਦੋਂ ਤੋਂ ਖੇਤੀ ਦੀ ਸੂਝ ਵੀ ਸਭ ਤੋਂ ਪਹਿਲਾਂ ਆਈ ਹੋਵੇਗੀ । ਇਸੇ ਲਈ ਵਿਕਸਿਤ ਹੁੰਦਾ ਹੋਇਆ ਖੇਤੀ ਧੰਦਾ ਹੱਲ ਪੰਜਾਲੀ ਅਤੇ ਸੁਹਾਗੇ ਵੱਲ ਤੁਰਿਆ । ਹਲ ਨੂੰ ਚਲਾਉਣ ਲਈ ਬਲਦਾਂ ਦੀ ਖੇਤੀ ਚੱਲੀ । ਹਲ ਨਾਲ ਖੇਤ ਬਾਹ ਕੇ ਜ਼ਮੀਨ ਬੀਜ਼ ਦੇ ਬੀਜਣ ਯੋਗ ਬਣਾਈ ਜਾਂਦੀ ਸੀ । ਜਦੋਂ ਜ਼ਮੀਨ ਵਾਹ ਦਿੰਦੇ ਤਾਂ ਉੱਤੋ ਬਲਦਾਂ ਨਾਲ ਜੋਤ ਕੇ ਓੱਤੋਂ ਸੁਹਾਗਾ ਫੇਰਿਆ ਜਾਂਦਾ ਸੀ । ਜਿਸ ਨਾਲ ਜ਼ਮੀਨ ਪੱਧਰੀ ਅਤੇ ਦੁਬਾਰਾ ਸੌਖੀ ਵਾਹੁਣ ਯੋਗ ਹੋ ਜਾਂਦੀ ਸੀ । ਖੇਤੀ ਦੇ ਇਹਨਾਂ ਸੰਦਾਂ ਲਈ ਸਹਾਇਕ ਕਾਰ ਧੰਦੇ ਅਤੇ ਪਸ਼ੂ ਕੰਮ ਆਉਂਦੇ ਸੀ । ਹਲ ਵਾਹੁਣ ਵਾਲੇ ਨੂੰ ਹਾਲੀ ਦਾ ਤਖ਼ੱਲਸ ਪਰਿਵਾਰ ਵਿੱਚ ਮਿਲਦਾ ਸੀ । ਹਾਲੀ ਸਵੇਰੇ ਸੁਵੱਖਤੇ ਉੱਠ ਬਲਦਾਂ ਨੂੰ ਘਾਹ ਪੱਠਾ ਪਾ ਕੇ ਤਾਰਿਆਂ ਦੀ ਛਾਵੇਂ ਹੀ ਬਲਦਾਂ ਦੀ ਜੋੜੀ ਪੰਜਾਲੀ ਨਾਲ ਜੋੜ ਕੇ ਉੱਤੇ ਹਲ ਰੱਖ ਖੇਤ ਪਹੁੰਚ ਜਾਂਦੇ ਸਨ । ਖੇਤ ਜਾ ਕੇ ਪੰਜਾਲੀ ਨਾਲ ਹਲ ਜੋੜ ਕੇ ਖੇਤ ਵਾਹੁਣਾ ਸ਼ੁਰੂ ਕਰ ਦਿੱਤਾ ਜਾਂਦਾ ਸੀ । ਇੱਕ ਸਮੇਂ ਵਿੱਚ ਜਿੰਨਾ ਕੁ ਖੇਤ ਵਹਿੰਦਾ ਸੀ ਉਸ ਸਮੇਂ ਨੂੰ ਜੋਤਾ ਕਿਹਾ ਜਾਂਦਾ ਸੀ । ਹਾੜ੍ਹੀ ਅਤੇ ਸਾਉਣੀ ਦੋਵੇਂ ਸਵੇਰੇ ਸ਼ਾਮ ਜੋਤੇ ਲੱਗਾ ਕੇ ਫਸਲਾਂ ਬੀਜੀਆਂ ਜਾਂਦੀਆਂ ਸਨ । ਸੁਹਾਗੇ ਦੇ ਰੋਲ ਤੋਂ ਬਿਨਾਂ ਵਾਹੀ ਬੀਜੀ ਵੀ ਵਿਅਰਥ ਹੁੰਦੀ ਸੀ ।ਖੈਰ ਵਾਹੁਣ ਅਤੇ ਬੀਜਣ ਤੋਂ ਬਾਅਦ ਸੁਹਾਗਾ ਦੇਣਾ ਭੁੱਲਣ ਦੀ ਸੋਚ ਤਾਂ ਵਿਅਰਥ ਹੀ ਹੈ । ਹਲ ਪੰਜਾਲੀ ਅਤੇ ਸੁਹਾਗਾ ਇੱਕ ਦੂਜੇ ਨਾਲ ਨੇੜਿਓ ਰਿਸ਼ਤਾ ਰੱਖਦੇ ਹਨ । ਹਲ , ਪੰਜਾਲੀ ਅਤੇ ਸੁਹਾਗਾ ਹੋਰ ਵੀ ਕਈ ਤਰ੍ਹਾਂ ਨਾਲ ਸੱਭਿਆਚਾਰ ਸਾਹਿਤਕ ਅਤੇ ਸਮਾਜਿਕ ਵੰਨਗੀਆਂ ਦਾ ਸ਼ਿੰਗਾਰ ਹੈ । ਹਲ , ਪੰਜਾਲੀ ਅਤੇ ਸੁਹਾਗੇ ਨੂੰ ਸਵਾਰਨ ਲਈ ਪਿੰਡ ਵਿੱਚ ਅਹਰਣਹਾਲੀ ਜਿਸ ਨੂੰ ਪੇਂਡੂ ਕਾਰਖਾਨਾ ਕਿਹਾ ਜਾਂਦਾ ਹੈ , ਉੱਥੇ ਲਿਜਾ ਕੇ ਦਰੁਸਤੀ ਕਰਾਈ ਜਾਂਦੀ ਸੀ । ਹਲ ਦੇ ਫਾਲੇ ਚੰਡ ਕੇ ਤਿੱਖੇ ਕੀਤੇ ਜਾਂਦੇ ਸਨ । ਜਿਸ ਨਾਲ ਅਹਰਣਹਾਲੀ ਦਾ ਵੀ ਹਲ , ਪੰਜਾਲੀ ਅਤੇ ਸੁਹਾਗੇ ਨਾਲ ਖੇਤੀ ਦਾ ਗੂੜ੍ਹਾ ਸਬੰਧ ਹੁੰਦੀ ਸੀ । ਸਮੇਂ ਦੇ ਹਾਣੀ ਬਣਨ ਨਾਲ ਹਲ , ਪੰਜਾਲੀ ਅਤੇ ਸੁਹਾਗੇ ਨੁੱਕਰੇ ਲੱਗ ਗਏ ਹਨ । ਮਸ਼ੀਨਰੀ ਨੇ ਥਾਂ ਬਣਾ ਲਈ ਹੈ । ਜ਼ਮੀਨਾਂ ਲੀਰੋ ਲੀਰ ਹੋ ਗਈਆਂ ਹਨ । ਠਾਠ - ਬਾਠ ਰਈਸਾਂ ਵਾਲੇ ਹੋ ਗਏ ਹਨ । ਇਹ ਵੀ ਆਰਥਿਕ ਮੰਦਵਾੜੇ ਦਾ ਕਾਰਨ ਬਣਿਆ । ਕਿਰਤ ਵੀ ਗਾਇਬ ਹੋ ਗਈ ਮੇਹਨਤੀ ਸੁਭਾਅ ਹੀ ਖੁਸ ਗਿਆ ਸਮੇਂ ਦਾ ਹਾਣੀ ਬਣਨਾ ਚੰਗੀ ਗੱਲ ਹੈ । ਪਰ ਦੂਰਅੰਦੇਸ਼ੀ ਵਿੱਚ ਇਹ ਚੰਗਾ ਨਹੀਂ ਜਾਪਦਾ ਕਿਉਂਕਿ ਜ਼ਮੀਨਾਂ ਵੰਡੀਆਂ ਗਈਆ ਹੋਰ ਵੰਡੀ ਹੋਈ ਜਾਣੀਆ , ਆਖਰ ਹੱਥੀ ਖੇਤੀ ਵੱਲ ਮੁੜਨਾ ਵੀ ਪੈ ਸਕਦਾ ਹੈ । ਹੈ ਤਾਂ ਇਹ ਕਿਆਸ ਅਤੇ ਖਿਆਲ ਪਰ ਭੁੱਲੇ ਵਿਰਸੇ ਨੇ ਇਸ ਵੱਲ ਕਿੱਥੇ ਮੁੜਨ ਦੇਣਾ ਖੱਲੀ ਖੂੰਜੀ ਲੱਗੇ ਹਲ , ਪੰਜਾਲੀ ਅਤੇ ਸੁਹਾਗੇ ਅਤੀਤ ਨੂੰ ਝੂਰਦੇ ਵਾਰੀ ਵਾਰੀ ਖਤਮ ਹੋ ਗਏ ਹਨ । ਬਲਦ ਵੀ ਨਹੀਂ ਦਿਖਦੇ । ਹਲ , ਪੰਜਾਲੀ ਅਤੇ ਸੁਹਾਗੇ ਹਵੇਲੀਆਂ ਸ਼ਿੰਗਾਰਘਰਾਂ ਅਤੇ ਸ਼ੋਅਪੀਸ ਦੇ ਤੌਰ ਤੇ ਦਿਖ ਜਾਂਦੇ ਹਨ । ਪਰ ਇਹਨਾਂ ਦੇ ਪ੍ਰਭਾਵ ਨਹੀਂ ਦਿਖਦੇ ।

**ਸੁਖਪਾਲ ਸਿੰਘ ਗਿੱਲ**
**9878111445 ਅਬਿਆਣਾ ਕਲਾਂ**

# ਪ੍ਰੀਤ ਫੁਲਵਾੜੀ

## ਇਸ਼ਕ ਦਾ ਰੰਗ

ਹਾਂ ਮੁਹੱਬਤ ਤੇ ਹੈ ਉਸ ਨੂੰ
ਬਸ ਕਹਿਣ ਤੋਂ ਸੰਗ ਜਾਂਦਾ ਹੈ।
ਦੂਰੋਂ ਦੂਰੋਂ ਨਜ਼ਰ ਸਾਡੇ ਤੇ
ਪਰ ਕੋਲ਼ੋਂ ਨੀਵੀਂ ਪਾ ਕੇ ਲੰਘ ਜਾਂਦਾ ਹੈ।
ਇਕ ਤੇ ਅਸੀਂ ਪਹਿਲੋਂ ਥੋੜ ਦਿਲੇ
ਉਪਰੋਂ ਹੱਸਕੇ ਜਿੰਦ ਨੂੰ ਸੂਲੀ ਟੰਗ ਜਾਂਦਾ ਹੈ।
ਮੂੰਹੋਂ ਤੇ ਬੋਲ ਕੇ ਚੰਦਰਾ ਕੁਝ ਨਹੀਂ ਕਹਿੰਦਾ
ਉਂਝ ਗੱਲਾਂ ਗੱਲਾਂ ਵਿਚ ਦਿਲ ਮੰਗ ਜਾਂਦਾ ਹੈ।
ਨੀਵੀਂ ਜਿਹੀ ਪਾ ਕੇ , ਥੋੜ੍ਹਾ ਮੁਸਕਾ ਕੇ
ਮੇਰੀ ਖੰਘ ਦੇ ਵਿੱਚ ਝੂਠੀ ਮੂਠੀ ਖੰਘ ਜਾਂਦਾ ਹੈ।
ਉਹਦੀ ਇਕ-ਇਕ ਅਦਾ ਹੈ ਕਾਤਿਲ
ਉਪਰੋਂ ਕਹਿਰ ਹੁਸਨ ਸੀਨਾ ਡੰਗ ਜਾਂਦਾ ਹੈ।
ਜੇ ਕੋਈ ਤੈਨੂੰ ਦੇਖੇ ਤਾਂ ਪਤਾ ਲੱਗੇ
ਮਿਰਜ਼ਾ ਹਰ ਜਨਮ ਮਰਨ ਲਈ ਕਿਉਂ ਝੰਗ ਜਾਂਦਾ ਹੈ।
ਨਿੱਤ ਕਰਨੇ ਹਾਂ ਜੱਦੋ ਜਹਿਦ ਜਜ਼ਬਾਤਾਂ ਸੰਗ
ਜਿਵੇਂ ਕੋਈ ਯੋਧਾ ਜੰਗ ਜਾਂਦਾ ਹੈ।
ਜਦ ਤੱਕ ਜਾਗਾ ਪੈਂਦੇ ਰਹਿਣ ਭੁਲੇਖੇ
ਉਹ ਖ਼ਾਬਾਂ ਵਿਚ ਵੀ ਕਰਕੇ ਤੰਗ ਜਾਂਦਾ ਹੈ।
ਉਹਦਾ ਹੁਸਨ ਜਿਵੇਂ ਕੋਈ ਤਲਿਸਮੀ ਜਾਦੂ
ਜੋ ਵੀ ਦੇਖੇ , ਬਸ ਰਹਿ ਦੰਗ ਜਾਂਦਾ ਹੈ।
ਸਾਡੇ ਵਾਰੀ ਪਤਾ ਨਹੀਂ ਕੀ ਹੋ ਜਾਂਦੈ ਦੀਪ
ਸੁਣਿਆ ਲੋਕਾਂ ਨੂੰ ਮੁਹੱਬਤਾਂ ਦੇ ਦੱਸਕੇ ਢੰਗ ਜਾਂਦਾ ਹੈ।
ਉਸ ਤੇ ਹੋਰ ਕੋਈ ਫਿਰ ਰੰਗ ਨਹੀਂ ਚੜ੍ਹਦਾ
ਜਿਸ ਤੇ ਚੜ੍ਹ ਇਸ਼ਕ ਦਾ ਰੰਗ ਜਾਂਦਾ ਹੈ।
ਕਿੰਝ ਭੁੱਲ ਸਕਨੀ ਆ ਮੈਂ ਗੀਤ ਮੁਹੱਬਤਾਂ ਦਾ
ਉਹ ਪੁਰਾਣੀ ਟੁੱਟਣੋਂ ਪਹਿਲਾਂ ਨਵੀਂ ਫੜਾ ਵੰਗ ਜਾਂਦਾ ਹੈ।

**ਜ..ਦੀਪ ਸਿੰਘ ਦੀਪ**
ਮੋਬਾ: 98760-04714

## ਤੇਰੀ ਧੀ ਹਾਂ ਬਾਪੂ ਮੈਂ ਮੈਂ ਤੇਰੀ ਲਾਜ ਰੱਖਾਂਗੀ।

ਪੈਦਾ ਹੋਈ ਤੂੰ ਚੁੱਕ ਬਿਠਾਇਆ
ਆਪਣੀ ਗੋਦੀ ਦੇ ਆਸਣ ਤੇ।
ਮੈ ਚੜਦੀ ਜਵਾਨੀ ਚ
ਤੇਰੇ ਸਿਰ ਤਾਜ ਰੱਖਾਂਗੀ।
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਮੇਰੇ ਵਾਸਤੇ ਸਹੇ
ਜੌ ਤਾਹਨੇ ਲੱਖ ਸ਼ਰੀਕਾਂ ਦੇ
ਮੈਂ ਖੜੀ ਉਤਰੂੰ ਉਮੀਦਾਂ ਤੇ
ਚੁੰਨੀ ਬੇਦਾਗ ਰੱਖਾਂਗੀ।
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਦਿੱਤੇ ਖੰਭ ਮੈਨੂੰ ਭਾਵੇਂ
ਉੱਡਣੇ ਨੂੰ @ਸਮਾਨਾ ਤੇ।
ਮੈਂ ਛੂਹੂੰ ਭਾਵੇਂ ਸ਼ਿਖਰਾਂ ਨੂੰ
ਕਦਮ ਜ਼ਮੀਂ ਤੇ ਧਾਰ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੇਰੀ ਪੱਗ ਦੇ ਲੜ ਅੰਦਰ
ਮੈ ਬੰਨਿਆਂ ਖੁਦ ਨੂੰ ਹੈ ਪੱਕਾ।
ਜਾਲੀ ਮਾਂ ਦੀ ਚੁੰਨੀ ਚ
ਮੈਂ ਖੁਦ ਨੂੰ ਤਾੜ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਮੇਰੇ ਦਰਦ ਨੂੰ ਜਾਣੇ
ਅਣਕਹੀਆਂ ਵੀ ਸੁਣਦਾ ਹੈਂ।
ਹਰ ਗੱਲ ਦਿਲ ਦੀ ਦਸਾਂਗੀ
ਨਾ ਕੋਈ ਰਾਜ਼ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ

**ਨਿਤਸ਼ਾਇਰਾ ( ਨੀਤੂ )**
**ਫਾਜ਼ਿਲਕਾ**

## ਰੱਖੜੀ ’ਤੇ ਵਿਸ਼ੇਸ

ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਸ਼ੁੱਧ ਆਚਰਣ ਦੇ ਬਿੰਬ ਬਣਾਏ ਰੱਖੜੀ ਦਾ ਤਿਉਹਾਰ।
ਸਾਵਣ ਦੀ ਸੰਪੂਰਨਤਾ ਪੂਰਨਮਾਸੀ ਵਾਲੇ ਦਿਨ।
ਕੁਦਰਤ ਦੇ ਜੰਨਤ ਵਰਗੀ, ਗੋਦੀ ਵਿਚ ਸੰਭਾਲੇ ਦਿਨ।
ਸਮਤਾ ਦਾ ਸੰਦੇਸ਼ ਸੁਣਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਭੈਣ ਭਰਾ ਦੀ ਉਲਫ਼ਤ ਵਾਲੇ ਇਕ ਰਿਸ਼ਤੇ ਦਾ ਬੰਧਨ।
ਜਿੱਦਾਂ ਅਰਚਨ ਪੂਜਾ ਵਾਲੀ ਥਾਲੀ ਦੇ ਵਿਚ ਚੰਦਨ।
ਦ੍ਰਿਸ਼ਟੀ ਪਰਿਵਰਤਨ ਸਮਝਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਭੈਣਾ ਦੇਵਣ ਸ਼ੁੱਭ ਅਸੀਸਾਂ ਯੁਗ-ਯੁਗ ਜੀਵਣ ਭਾਈ।
ਸਾਰੀ ਦੁਨੀਆਂ ਦੇ ਵਿਚ ਹੋਵੇ ਸ਼ੋਹਰਤ ਤੇ ਵਡਿਆਈ।
ਤੀਜਾ ਨੇਤਰ ਹੋਰ ਵਧਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਰਿਸ਼ੀ ਲੋਕ ਤਪਸਿਆ ਸੀ ਕਰਦੇ ਇਸ ਦਿਨ ਦੀ ਪ੍ਰਤਿਸ਼ਠਾ।
ਮੰਜ਼ਿਲ ਪੈਰਾਂ ਵਿਚ ਖਲੋਏ ਦਿਲ ਵਿਚ ਹੋਏ ਨਿਸ਼ਠਾ।
ਫ਼ਸਲਾਂ ਤੇ ਵਿਉਪਾਰ ਵਧਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਜਿੱਦਾਂ ਕ੍ਰਿਸ਼ਨ ਭਗਵਾਨ ਬਚਾਈ ਦਰੌਪਤੀ ਦੀ ਲਾਜ।
ਬ੍ਰਹਮ ਅਰਪਨ ਅੰਦਰ ਬਣਕੇ ਇਕ ਅਲੌਕਿਕ ਆਵਾਜ਼।
ਹਰ ਔਕੜ ਦਾ ਹੱਲ ਸੁਲਝਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਭਾਰਤ ਮਾਂ ਦੀ ਨਿਰਛਲਤਾ ਦੇ ਸੁੰਦਰ ਗੁਲਸ਼ਨ ਅੰਦਰ।
‘ਬਾਲਮ’ ਜਿਉਂ ਖ਼ੁਸ਼ਬੂਆਂ ਹੋਵਣ ਪੂਜਾ ਵਾਲੇ ਮੰਦਰ।
ਪਰਬਲਤਾ ਦੇ ਫੁੱਲ ਖਿੜ੍ਹਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।

**ਬਲਵਿੰਦਰ ਬਾਲਮ** ਮੋ. 98156-25409

## ਕਵਿਤਾ: ਜਜਬਾਤ

ਗੀਤਾਂ ਵਿੱਚ ਸੰਗੀਤ ਅਵਾਜ ਵੀ ਕੰਪਿਊਟਰ ਨਾਲ ਬਣਦੀ,,
ਕੰਪਿਊਟਰ ਹੀ ਗ਼ਾਇਕਾਂ ਦੇ ਸਾਜ ਅਤੇ ਰਿਆਜ ਮਾਰ ਗਿਆ ਐ,
ਬਚਪਨ ਵੀ ਨਾ ਖੇਡੇ, ਸਿਧੇ ਸਿਆਣੇ ਹੋ ਗਏ ਨੇ,,,
ਜਿਹਨਾਂ ਜੰਮਦੇ ਬੱਚਿਆਂ ਦੇ ਮਾਂ-ਬਾਪ ਨੂੰ ਵਿਆਜ ਮਾਰ ਗਿਆ ਐ,
ਪੰਜਾਹ ਬਰਾਤੀ ਕਹਿ ਕੇ ਬੰਦਾ ਪੰਜ ਸੌ ਲੈ ਆਂਦਾ,,
ਕੁੜੀ ਦੇ ਬਾਬੁਲ ਨੂੰ ਕੁੜਮਚਾਰੀ ਦਾ ਲਿਹਾਜ ਮਾਰ ਗਿਆ ਐ,
ਜਿੱਥੇ ਹਾਸਾ ਖੁਸ਼ੀ ਨਹੀਂ, ਬਸ ਹਿਰਖ ਹੀ ਹੁੰਦੇ ਰਹਿਣ,,,
ਓ ਘਰ ਦੀਆਂ ਨੀਹਾਂ ਨੂੰ ਕੱਲਰ ਵਾਂਗ ਐਤਰਾਜ ਮਾਰ ਗਿਆ ਐ,
ਦੋ ਮਹੀਨੇ ਦਾ ਛੱਡਿਆ ਸੀ ਜੋ ਵੀਹ ਸਾਲ ਦਾ ਹੋ ਗਿਆ,,,
ਅੱਜ ਵੀ ਨਾ ਮੁੜਿਆ ਬਾਪੂ, ਪਰਦੇਸਾਂ ਨੂੰ ਗਿਆ ਜਹਾਜ ਮਾਰ ਗਿਆ ਐ,
ਫੋਕੀ ਬੱਲੇ ਬੱਲੇ ਪਿੱਛੇ ਦਾਗ ਨਾ ਲੱਗਣ ਦਿੱਤਾ ਕੁੜਤੇ ਨੂੰ,,,,
ਘਰ ਦੇ ਜੀਆਂ ਦੀਆਂ ਖੁਸ਼ੀਆਂ ਨੂੰ ਝੂਠਾ ਤਾਜ ਮਾਰ ਗਿਆ ਐ,
ਨਛੋੜੀ ਦੇ ਲੜ ਲੱਗ ਕੇ ਭੁੱਖੀ ਰਹਿ ਕੇ ਨਾ ਸੀਅ ਕੀਤੀ,,,,
ਕੁਝ ਮਾਸੂਮ ਕੂੰਜਾਂ ਨੂੰ ਇੱਜਤ ਦਾ ਲਿਹਾਜ ਮਾਰ ਗਿਆ ਐ,
ਕਿਸੇ ਟੁੱਟੇ ਦਿਲ ਵਾਲੇ ਨੂੰ ਪੁੱਛਿਆ, ਕਿਉਂ ਸੱਜਣ ਬੇਵਫਾ ਨਿਕਲੇ,,,
ਅੱਗੋਂ ਕਹਿੰਦਾ, ਸਾਡੇ ਪਿਆਰ ਨੂੰ ਇਹ ਸਮਾਜ ਮਾਰ ਗਿਆ ਐ,
ਤਕੜੇ ਦੇ ਜਸ਼ਨ ਚ ਗਰੀਬ ਲਈ ਸ਼ਾਮਿਲ ਹੋਣਾ ਔਖਾ ਐ,,,,
ਕਿਉਂਕਿ ਰਿਸ਼ਤੇਆਂ ਨੂੰ ਪੈਸੇ ਵਾਲਾ ਰੀਤੀ ਰਿਵਾਜ ਮਾਰ ਗਿਆ,
ਸੌਖੇ ਵੇਲੇ ਜਿਹੜੇ ਯਾਰ ਸੀ ਬਾਹਵਾਂ ਮੈਨੂੰ ਲੱਗਦੇ,,,,
ਖੜਕਦੀਆਂ ਵਿੱਚ ਉਹਨਾਂ ਤੇ ਕੀਤਾ ਨਾਜ਼ ਮਾਰ ਗਿਆ ਐ,
ਬਾਜਵਾਂ ਕਲਾਂ ਚ ਓਦੋਂ ਤੋਂ ਹੀ ਖੁਸ਼ ਹੁਣ ਰਹਿੰਦਾ ਐ,,,,
ਕੌੜੀਆਂ ਯਾਦਾਂ ਤੋਂ ਕੰਨ-ਘੇਸਲ ਜਦੋ ਦਾ ਰਾਜ #Raj ਮਾਰ ਗਿਆ ਐ,

**ਰਾਜ ਬਾਜਵਾ**

## ਗ਼ਜ਼ਲ

ਦਿਲ ਵਿੱਚ ਦਰਦ ਸਮਾ ਬੈਠੇ
ਅਸੀ ਨਾਲ ਗ਼ਮਾ ਦੇ ਲਾ ਬੈਠੇ
ਤੁਸੀ ਸਭ ਬਲਾਵਾਂ ਆਪਣੀਆ
ਸਾਡੇ ਵੱਲ ਨੂੰ ਤੋਰ ਦਿਉ
ਕੋਈ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ
ਪੀੜਾਂ ਨਾਲ ਪਰੁਨੀਆਂ ਪੌਣਾ ਨੂੰ
ਤੇਰਾ ਨਾਂ ਲੈ ਲੈ ਕੇ ਛੇੜਦੇ ਹਾਂ
ਅਸੀ ਦਿਲ ਦੇ ਗਹਿਰੇ ਜਖਮਾਂ ਨੂੰ
ਹੁਣ ਯਾਦਾ ਨਾਲ ਉਚੇੜਦੇ ਹਾਂ
ਤੁਸੀ ਜਿੰਦਗੀ ਦੀਆਂ ਸਾਰੀਆਂ ਚੁੱਪਾ ਨੂੰ
ਬੇਫਿਕਰਿਆਂ ਵਾਂਗੂ ਤੋੜ ਦਿਉ
ਸਾਨੂੰ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ
ਤੇਰੇ ਦਿਨ ਸੁੰਨਹਿਰੀ ਸਜਣਾ ਵੇ
ਸਾਡੇ ਹਿਸੇ ਰਾਤਾ ਕਾਲੀਆ ਨੇ
ਤੇਰੇ ਵਿਹੜੇ ਵਿਚ ਫੁੱਲ ਖਿੜਦੇ ਐ
ਸਾਡੀਆ ਰੁੱਤਾ ਪੱਤਝੜ ਵਾਲੀਆ ਨੇ
ਅੱਜ ਬਿਰਹੋ ਵਿਚ ਹੱਢ ਸੜਦੇ ਨੇ
ਤੁਸੀ ਤਲੀਆ ਸੇਕਣ ਤੇ ਜੋਰ ਦਿਉ
ਕੋਈ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ
ਇਸ ਵਿਜੋਗਣ ਜਿੰਦੜੀ ਨੇ
ਦੁੱਖਾ ਨਾਲ ਰਹਿਣਾ ਸਿਖਿਆ ਏ
ਗ਼ਮ ਤੇ ਪੀੜਾਂ, ਬਿਰਹਾ ਨਿੰਦਰਾ
ਲੇਖਾ ਦੇ ਵਿਚ ਲਿਖਿਆ ਏ
ਹੁਣ ਸੁੱਕ ਚੁੱਕੇ ਇਨਾਂ ਕੋਇਆ ਨੂੰ
ਦੋ ਚਾਰ ਹੰਝੂ ਹੋਰ ਦਿਉ
ਸਾਨੂੰ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ

**ਨਰਿੰਦਰ ਸਿੰਘ ਬਰਾੜ** 9463105313

## ਕੌਮੀ ਝੰਡਾ

ਸਭ ਤੋਂ ਸੋਹਣਾ ਹੈ ਤਿਰੰਗਾਂ ਮੇਰੇ
ਦੇਸ਼ ਦਾ,
ਇਸ ਦੀ ਉੱਚੀ ਸਾਰੀ ਦੁਨੀਆਂ
ਚੋਂ ਸ਼ਾਨ ਹੈ।
ਸ਼ਾਂਤੀ, ਖੁਸ਼ਹਾਲੀ, ਵੀਰਤਾ ਦਾ
ਰੰਗ ਵਿੱਚ ,
ਹਰ ਥਾਂ ਤੇ ਫ਼ਤਹਿ ਕਰਦਾ
ਮੈਦਾਨ ਹੈ।
ਇੱਕ ਅਸ਼ੋਕ ਚੱਕਰ ਚੌਵੀ ਵਿੱਚ
ਤੀਲੀਆਂ,
ਦਿਨ ਰਾਤ ਝੂਲੇ ਵਿੱਚ ਅੱਧ
ਅਸਮਾਨ ਹੈ।
ਏਕਤਾ, ਇਤਫਾਕ, ਸਾਂਝੀਵਾਲਤਾ
ਦਾ ਪ੍ਰਤੀਕ ਝੰਡਾ,
ਜਵਾਨਾਂ ਤੇ ਕਿਸਾਨਾਂ ਦੀ ਕਰਦਾ
ਕਮਾਨ ਹੈ।
ਹਰਪ੍ਰੀਤ ਪੱਤੋ, ਇਸ ਤੋਂ ਵਾਰ
ਦੇਈਏ ਜਿੰਦ ਅਸੀਂ,
ਸਭ ਤੋਂ ਪਿਆਰਾ ਸਾਡਾ ਕੌਮੀ
ਨਿਸ਼ਾਨ ਹੈ।
ਜੈ ਮਾਂ ਭਾਰਤ, ਜੈ ਹਿੰਦੋਸਤਾਨ
ਹੈ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਕਾਵਿ ਵਿਅੰਗ ਬੰਗਲਾਦੇਸ਼ ਅੱਜ

ਤਖਤਾਂ ਪਲਟ ਹਸੀਨਾ ਨੇ ਦੇਸ਼
ਛੱਡਿਆ,
ਗੱਲ ਹੋ ਗਈ ਬਸੋ ਬਾਹਰ
ਬਾਬਾ।
ਸੁੱਟੀ ਚੰਗਿਆੜੀ ਕਿਸੇ ਦੇਸ਼
ਅੰਦਰ,
ਬੰਗਲਾ ਕਰਤਾ ਧੂੰਆਂ ਧਾਰ
ਬਾਬਾ।
ਹਲਾਤ ਪਹਿਲਾਂ ਹੀ ਕਮਜ਼ੋਰ
ਉੱਥੇ,
ਹੋ ਗਏ ਹੋਰ ਵੀ ਹੁਣ ਲਾਚਾਰ
ਬਾਬਾ।
ਇਧਰ ਦੇਸ਼ ਸਾਡੇ ਦੀ ਸਰਹੱਦ
ਲੱਗਦੀ,
ਡਰ ਲੱਗਦਾ ਪਊਗਾ ਭਾਰ
ਬਾਬਾ।
ਪਨਾਹ ਮੰਗਦੇ ਉੱਥੋਂ ਦੇ ਲੋਕ
ਇੱਥੇ,
ਇਧਰ ਆਉਣ ਨੂੰ ਬੈਠੇ ਤਿਆਰ
ਬਾਬਾ।
ਹਲਾਤ ਸਭ ਨੂੰ ਪਤਾ ਫਿਰ ਕੀ
ਹੋਣੇ,
ਅਬਾਦੀ ਭਾਰਤ ਦੀ ਬੇ ਸ਼ੁਮਾਰ
ਬਾਬਾ।
ਇੱਕ ਪਾਸੇ ਚੀਨ ਦੂਜੇ ਪਾਕ
ਲੱਗੇ,
ਦਿਸਦਾ ਕੋਈ ਨੀ ਮੱਦਦਗਾਰ
ਬਾਬਾ।
ਉਏ ਤਾਨਾਸ਼ਾਹੀ ਨੂੰ ਰੱਖ ਇੱਕ
ਪਾਸੇ,
ਸੁਣਨੀ ਚਾਹੀਦੀ ਦੀ ਲੋਕ ਪੁਕਾਰ
ਬਾਬਾ।
@ਪੱਤੋ@ ਜਿਨਾਂ ਦੀਆਂ ਵੋਟਾਂ ਨਾਲ ਸੀ
ਤਖ਼ਤ ਮਿਲਿਆ,
ਕਿਉਂ ਕਰਨੇ ਲੋਕ ਖੁਆਰ
ਬਾਬਾ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਸਾਡੇ ਮੈਡਮ

ਪਿਆਰੇ ਪਿਆਰੇ ਸਾਡੇ ਮੈਡਮ।
ਜੱਗ ਤੋਂ ਨਿਆਰੇ ਸਾਡੇ ਮੈਡਮ।
ਨਵੇਂ-ਨਵੇਂ ਸੂਟ ਸਵਾਉਂਦੇ ਨੇ।
ਕਦੇ ਜੁੱਤੀ ਕਦੇ ਹੀਲ ਪਾਉਂਦੇ ਨੇ।
ਵਰਨਮਾਲਾ ਪੜ੍ਹਾਉਂਦੇ ਸਾਨੂੰ,
ਸੁੰਦਰ ਲਿਖਾਈ ਲਿਖਾਉਂਦੇ ਸਾਨੂੰ।
ਰੋਣ ਤੇ ਚੁੱਪ ਕਰਾਉਂਦੇ ਨੇ।
ਹੱਥ ਫੜ ਕੰਮ ਕਰਾਉਂਦੇ ਨੇ।
ਚੰਗੀਆਂ ਚੰਗੀਆਂ ਗੱਲਾਂ ਦੱਸਣ।
ਭੈੜੀ ਸੰਗਤ ਤੋਂ ਦੂਰ ਹੀ ਰੱਖਣ।
ਵਿਸੇ ? ਦਾ ਗਿਆਨ ਵਧਾਉਂਦੇ ਨੇ।
ਦਿਲ ਸਾਡੇ ਨੂੰ ਭਾਉਂਦੇ ਨੇ।
ਜੋੜ,ਘਟਾਉ,ਗੁਣਾ,ਭਾਗ ਸਿਖਾਉਂਦੇ ਨੇ।
ਗਣਿਤ ਬਾਰੇ ਵੀ ਗਿਆਨ ਵਧਾਉਂਦੇ ਨੇ।
ਕਵਿਤਾ ਲਿਖਣੀ ਸਿਖਾਈ ਸਾਨੂੰ।
ਰਾਹ ਮੰਜ਼ਲ ਦੀ ਦਿਖਾਈ ਸਾਨੂੰ।
ਸਹੀ ਗਲਤ ਦਾ ਅਰਥ ਸਮਝਾਉਂਦੇ।
ਗੂੜ ਗਿਆਨ ਦੀਆਂ ਗੱਲਾ ਮਨ ਪਾਉਂਦੇ।
ਹੱਸਦੇ ਨਾਲੇ ਖ਼ੂਬ ਹਸਾਉਂਦੇ ਨੇ।
ਸਾਡੇ ਦਿਲ ਨੂੰ ਪਰਚਾਉਂਦੇ ਨੇ।

**ਰਾਮਇੰਦਰ ਕੌਰ**
9781660021

## ਸੋਹਣੇ ਬੱਚੇ

ਸੋਹਣੇ ਬੱਚੇ ਪਿਆਰੇ ਬੱਚੇ,
ਭੋਲੇ ਭਾਲੇ ਦਿਲ ਦੇ ਸੱਚੇ।
ਗੋਲ ਮਟੋਲ ਇਹ ਬੜੇ ਨਿਆਰੇ,
ਸਭ ਨੂੰ ਲੱਗਦੇ ਬੜੇ ਪਿਆਰੇ।
ਮਾਂਵਾਂ ਦੇ ਨੇ ਦਿਲ ਦੇ ਤਾਰੇ,
ਇੱਧਰ ਉੱਧਰ ਖੇਡਣ ਸਾਰੇ।
ਭਾਵੇਂ ਇਸ ਨੂੰ ਕਹਿੰਦੇ ਬੱਚੇ,
ਡੋਲਦੇ ਨਹੀਂ ਇਹ ਦਿਲ ਦੇ ਸੱਚੇ।
ਜਦੋਂ ਕਦੇ ਵੀ ਜਾਂਦੇ ਬਾਹਰ,
ਮਾਪਿਆਂ ਨਾਲ ਇਹ ਕਰਨ ਪਿਆਰ
ਰਲ ਮਿਲ ਕੇ ਖੇਡਣ ਸਾਰੇ,
ਸਭ ਲਿਖਦੇ ਇਹਨਾਂ ਬਾਰੇ।
ਛੋਟੇ ਹੁੰਦੇ ਇਹ ਬੋਲਦੇ ਕੱਚਾ,
ਸਭ ਕਹਿੰਦੇ ਸ਼ਰਾਰਤੀ ਬੱਚਾ।
ਕਿਸੇ ਨਾਲ ਉਹ ਜਦੋਂ ਵੀ ਲੜਦੇ,
ਮਾਪੇ ਉਸਦੇ ਨਾਲ ਹਨ ਖੜਦੇ।
ਜਦੋਂ ਕੋਈ ਇਹ ਸ਼ਰਾਰਤ ਕਰਦੇ,
ਭੱਜਣ ਇੰਝ ਜਿਵੇਂ ਘੋੜੇ ਭੱਜਦੇ।

**ਨਾਮ ਪਵਨ ਕੁਮਾਰ**
9781660021

## ਸਤਾ ਦੇ ਨਸ਼ੇ ਵਿੱਚ ਬਣਕੇ ਰੱਬ ਬੈਠੇ

ਸਿੱਖੀ ਸਿਧਾਂਤਾਂ ਨੂੰ ਪੈਰੀਂ ਰੋਲਣ ਵਾਲੇ,
ਜੋ ਸਮਝਦੇ ਸੀ @ਗੁਰੂ@ ਨੂੰ ਟਿੱਚ ਲੋਕੋ।
ਸਤਾ ਦੇ ਨਸ਼ੇ ਵਿੱਚ ਬਣਕੇ @ਰੱਬ@ ਬੈਠੇ,
ਚਲਾਕੀਆਂ ਖੇਡਦੇ ਰਹਿੰਦੇ ਸੀ ਨਿੱਤ ਲੋਕੋ।
ਹੁਣ ਚਲਾਕੀਆਂ ਨੰਗੀਆਂ ਹੋਣ ਲੱਗੀਆਂ,
ਦੋਸ਼ੀ ਖੜ੍ਹੇ ਨੇ ਕਟਿਹਰੇ ਵਿੱਚ ਲੋਕੋ।
ਹੋ ਗ ?ਏ ਆਪਸ ਵਿੱਚ ਦੁਫਾੜ ਇਹ,
ਇਕ ਦੂਜੇ ਦੀ ਕਰਦੇ ਫਿਰਨ ਔਫ ਸਵਿੱਚ ਲੋਕੋ।
ਲੋਕ ਸਮਝ ਰਹੇ ਨੇ ਸਭ ਗੱਲਾਂ,
ਕੀ ਝੂਠ ਤੇ ਕੀ ਹੈ ਸੱਚ ਯਾਰੋ।
@ਅਕਾਲ ਤਖ਼ਤ@ ਦੀ ਸ਼ਾਨ ਰੋਲ ਦਿੱਤੀ,
ਜਿਸ ਤੋਂ ਕਰਵਾਉਂਦੇ ਫਿਰਦੇ ਬੱਚਤ ਯਾਰੋ।

**ਮੇਜਰ ਸਿੰਘ ਬੁਢਲਾਡਾ**
94176 42327

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 265

Website: www.preetnama.com Email preetnamausa@gmail.com

09 AUGUST TO 15 AUGUST, 2024



No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

**Doesn't matter where are you.**

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

**Contact immediately**

+1 201-312-4180,+1 917-328-8436

www.preetnama.com, www.preetnews.com
Email- preetnamausa@gmail.com